ੴ ਸਤਿਗੁਰ ਪ੍ਰਸਾਦਿ ॥

ਸਿੱਖ ਬੁਲੇਟਨ

ਦੇਗ ਤੇਗ ਫ਼ਤਿਹ

# The Sikh Bulletin

ਪੰਥ ਕੀ ਜੀਤ

**A Voice of Concerned Sikhs World Wide**


**January-February 2010** ਮਾਘ-ਫਗਣ ੫੪੧ ਨਾਨਕਸ਼ਾਹੀ editor@sikhbulletin.com **Volume 12 Number 1&2**

**Published by:** Khalsa Tricentennial Foundation of N.A. Inc; 3524 Rocky Ridge Way, El Dorado Hills, CA 95762, USA **Fax** (916) 933-5808
Khalsa Tricentennial Foundation of N.A. Inc. is a religious tax-exempt California Corporation.

**In This Issue/ਤਤਕਰਾ**

Editorial……………………………………………2
Guest Editorial…………………………...……….. 2
ਨੀਦਾਂ ਦਾ ਕਤਲ ਅਤੇ ਸ਼ਹੀਦ ਦਾ ਗ਼ਜ਼ਬ, ਪ੍ਰੋ. ਹਰਿੰਦਰ ਸਿੰਘ ਮਹਿਬੂਬ……………………………4
ਹਰਿੰਦਰ ਸਿੰਘ ਮਹਿਬੂਬ: ਜਨਮ, ਜੀਵਨ, ਡਾ. ਗੁਰਤਰਨ ਸਿੰਘ...............................................5
**ਸਹਿਜੇ ਰਚਿਓ ਖਾਲਸਾ: ਵਿਸ਼ਵ ਧਰਮਾਂ ਦੇ ਸੰਦਰਭ ਵਿਚ ਇਕ ਸਰਬੋਤਮ ਤੇ ਬੇਮਿਸਾਲ ਰਚਨਾ**, ਡਾ. ਗੁਰਤਰਨ ਸਿੰਘ…………………………....15
ਹਰਿੰਦਰ ਸਿੰਘ ਮਹਿਬੂਬ ਦੇ ਮਹਾਂਕਾਵਿ ''ਇਲਾਹੀ ਨਦਰ ਦੇ ਪੈਂਡੇ'' ਡਾ. ਬਲਵਿੰਦਰ ਕੌਰ…………44
ਹਰਿੰਦਰ ਸਿੰਘ ਮਹਿਬੂਬ : ਸ਼ਾਇਰੀ, ਦਰਵੇਸ਼ੀ ਤੇ ਸਿੱਖੀ ਜਜ਼ਬਿਆਂ ਦਾ ਹੁਸੀਨ ਸੰਗਮ, **ਕਰਮਜੀਤ ਸਿੰਘ**……………51
Celebrating the Lover: Harinder Singh 'Mehboob', Harinder Singh………………………53
An e-mail from Prof. Gurtej Singh……………….54
Book Page………………………………………...56

# ਡੂੰਘੀ ਅੰਤਰ-ਦ੍ਰਿਸ਼ਟੀ ਦਾ ਮੁਜਸਮਾ
# ਮਹਾਂਕਵੀ ਹਰਿੰਦਰ ਸਿੰਘ ਮਹਿਬੂਬ




## ੧ ਅਕਤੂਬਰ ੧੯੩੭-੧੫ ਫਰਵਰੀ ੨੦੧੦

**Editor in Chief**
Hardev Singh Shergill
**Editorial Board**
Avtar Singh Dhami, USA
Gurpal Singh Khaira, USA
Gurcharan Singh Brar, Canada
Dr. Sarjeet Singh Sidhu, Malaysia
**Production Associates**
Amrinder Singh
Sachleen Singh

This issue of the Sikh Bulletin is only in electronic format being sent to those whose email addresses we have. If you or someone you know would like to receive it please provide the email address. You may also pass it along to those on your email list.

The views expressed by the authors are their own. Please send the feedback and inputs to:
editor@sikhbulletin.com
**Our Website:** www.sikhbulletin.com

## EDITORIAL

On September 30th 2009, I, along with a few others in the Diaspora, received an urgent e-mail from Prof. Gurtej Singh about Prof. Harinder Singh Mehboob being critically ill. This news was accompanied by an urgent and heart felt appeal to the members of the Khalsa Panth to, in the short term, come to the aid of this Giant of Panjabi literature and poetic interpreter of Guru Period of Sikh history and long term plan for a "Daswandh Tribute to the Distinguished Fund".

As I write this I have received the following e-mail from Prof. Gurtej Singh: ***"Our friend Mehboob is no more. That is a great loss to letters and to Sikh religious studies. The intended treatment could not be started as he had already become very week and never could recover so as to be able to tolerate the effect of intended treatment (chemotherapy). I had requested for financial help for him expecting him to become able to undergo the treatment. S. Hardev Singh California, Sardar Jaswant Singh Australia and S. Avtar Singh in England had collected certain amounts in response to my request. Sadly the occasion to use the collected amounts never arose. I request you now to either return the collected amount or to use them on the instructions of donors. Small amounts that we could muster during his life time were well used and provided on assurance that he would not suffer for lack of funds." Feb.26/2010***.

We, at The Sikh Bulletin, have decided to pass the funds that we collected, $2,691.00, along to Singh Sabha International, Canada as a small contribution to their effort in providing trained Missionaries to the villages in Panjab. They are now expanding their activity in providing vans for travelling Kiratani Jathas. We thought a van carrying the inscription **"Prof. Harinder Singh Mehboob Memorial Van"** would be an appropriate gesture in his memory.

Work being done by Singh Sabha International was detailed in the November-December 2009 issue of The Sikh Bulletin. We invite our readers to contribute to the work of SSI, Canada; mark your donation "Prof. Harinder Singh Mehboob Memorial Fund." Every penny will go to the SSI, Canada's Missionary Project in his memory. Hardev Singh Shergill

*****

# ਮਹਿਮਾਨ ਸੰਪਾਦਕੀ

## ਡੂੰਘੀ ਅੰਤਰ-ਦ੍ਰਿਸ਼ਟੀ ਦਾ ਮੁਜਸਮਾ ਮਹਾਂਕਵੀ ਹਰਿੰਦਰ ਸਿੰਘ ਮਹਿਬੂਬ

**ਪ੍ਰੋ. ਗੁਰਤੇਜ ਸਿੰਘ, ਚੰਦੀਗੜ**

ਸਿੱਖ ਵਿਚਾਰਵਾਨਾਂ, ਨੇਤਾਵਾਂ, ਧਾਰਮਕ ਸ਼ਖ਼ਸੀਅਤਾਂ ਅਤੇ ਸਮਾਜ ਦੇ ਸਿਰਕੱਢ ਵਿਅਕਤੀਆਂ ਦਾ 1947 ਤੋਂ ਬਾਅਦ ਆਮ ਵਰਤਾਰਾ ਬਣ ਗਿਆ ਹੈ ਕਿ ਉਹ ਆਪਣੇ-ਆਪ ਨੂੰ ਨਿਰੋਲ ਧਾਰਮਕ ਜਾਂ ਗ਼ੈਰ-ਸਿਆਸੀ ਆਖ ਕੇ ਕੌਮੀ ਹੋਣੀ ਬਾਰੇ ਫ਼ਿਕਰਮੰਦ ਹੋਣ ਤੋਂ ਨਜਾਤ ਪ੍ਰਾਪਤ ਕਰ ਲੈਂਦੇ ਹਨ। ਇਹ ਬਦਲੇ ਹੋਏ ਸਿਆਸੀ ਹਾਲਾਤ ਦੀ ਇੱਕ ਪ੍ਰਮੁੱਖ ਅਲਾਮਤ ਹੈ। ਮਾਸਟਰ ਤਾਰਾ ਸਿੰਘ ਆਖ਼ਰੀ ਅਹਿਮ ਸਿਆਸਤਦਾਨ ਸੀ ਜਿਸ ਉੱਤੇ ਬਹੁਗਿਣਤੀ ਸਿਆਸਤ ਨੇ ਬੜਾ ਦਬਾਅ ਪਾਇਆ ਕਿ ਉਹ ਨਵੇਂ ਮਾਹੌਲ ਵਿੱਚ 'ਸੌੜੀ, ਫ਼ਿਰਕੂ' ਸਿੱਖ ਸਿਆਸਤ ਨੂੰ ਤਿਆਗ ਕੇ ਵੱਡੇ ਹਿੰਦੀ ਲੋਕਤੰਤਰ ਦੇ ਸਾਗਰ ਵਿੱਚ ਸਮਾ ਜਾਣ। ਉਹ ਇੱਕ ਵਾਰ ਤਾਂ ਝਉਂ ਗਏ ਪਰੰਤੂ ਬਹੁਗਿਣਤੀ ਦੇ ਰਵੱਈਏ ਨੂੰ ਵੇਖ ਕੇ ਫ਼ੇਰ ਸੰਭਲ ਗਏ ਅਤੇ ਅੰਤ ਤੱਕ ਬਾਗ਼ੀਆਨਾ ਸੁਰ ਅਲਾਪਦੇ ਰਹੇ।

ਓਪਰੀ ਨਜ਼ਰੇ ਤਾਂ ਬਹੁਗਿਣਤੀ ਦੀ ਇਹ ਮੰਗ ਅਜੋਕੇ ਸੰਸਾਰ ਦੀ ਸਿਆਸੀ ਗਤੀ ਅਨੁਸਾਰ ਹੀ ਹੈ। ਜਿਸ ਮੁਲਕ ਵਿੱਚ ਲਿਖਤੀ ਸੰਵਿਧਾਨ ਹੋਵੇ, ਸਾਂਝੇ ਕਾਨੂੰਨ ਹੋਣ, ਆਜ਼ਾਦ ਮੀਡੀਆ ਅਤੇ ਨਿਰਪੱਖ ਨਿਆਂਪਾਲਿਕਾ ਆਦਿ ਹੋਣ ਓਥੇ ਤੰਗ ਖੇਤਰੀ ਜਾਂ ਫ਼ਿਰਕੇਦਾਰਾਨਾ ਸੋਚ, ਸੌੜੇ ਸਰੋਕਾਰ ਇਤਿਆਦਿ ਲਈ ਬਿਲਕੁਲ ਥਾਂ ਨਹੀਂ ਹੋਣੀ ਚਾਹੀਦੀ। ਪਰੰਤੂ ਹਿੰਦੋਸਤਾਨ ਵਿੱਚ ਚੁਫ਼ੇਰੇ ਪਸਰੀ ਅਸ਼ਾਂਤੀ ਅਤੇ ਆਪਣੀ ਅਖਵਾਉਂਦੀ ਸਰਕਾਰ ਵੱਲੋਂ 1947 ਤੋਂ ਬਾਅਦ ਲੱਖਾਂ ਲੋਕਾਂ ਦੀ ਲਈ ਬਲੀ ਦੱਸਦੀ ਹੈ ਕਿ ਏਥੇ ਸਭ ਅੱਛਾ ਨਹੀਂ।

ਜੇ ਗਹੁ ਨਾਲ ਹਿੰਦ ਦੇ ਇਤਿਹਾਸ ਅਤੇ ਏਥੋਂ ਦੀ ਸਿਆਸੀ ਗਤੀ ਦੀ ਪੜਚੋਲ ਕਰੀਏ ਤਾਂ ਜਾਣਾਂਗੇ ਕਿ ਯੂਰਪੀਨ ਦੇਸ਼ਾਂ ਤੋਂ ਉਲਟ ਹਿੰਦੋਸਤਾਨ ਮੁੱਢਲੇ ਤੌਰ 'ਤੇ ਇੱਕ ਕੌਮੀਅਤ ਦਾ ਮੁਲਕ ਨਹੀਂ। ਏਸ ਵਿੱਚ ਅਨੇਕਾਂ ਕੌਮਾਂ ਵੱਸਦੀਆਂ ਹਨ ਜਿੰਨ੍ਹਾਂ ਸਭਨਾਂ ਦੇ ਡੂੰਘੇ ਮੱਤਭੇਦ ਵੀ ਹਨ। ਏਸ ਤੋਂ ਇਲਾਵਾ ਸਦੀਆਂ ਪੁਰਾਣੇ ਜਾਤ-ਪਾਤ ਦੇ ਵਿਤਕਰਿਆਂ ਨੂੰ ਧਰਮ ਜਾਣਨ ਸਦਕਾ ਹਿੰਦ ਦੀ ਰੂਹ ਆਧੁਨਿਕ ਲੋਕਤੰਤਰ ਦੇ ਸੁੱਚੇ ਭਾਵ ਤੋਂ ਅਣਭਿੱਜ ਰਹਿ ਜਾਂਦੀ ਹੈ। ਉਹ ਲੋਕਤੰਤਰ ਦੇ ਸਾਜ਼-ਬਾਜ਼ ਨੂੰ ਨਕਲੀ ਗਹਿਣਿਆਂ ਵਾਂਗ ਲਿਸ਼ਕਾ ਕੇ ਧਾਰਣ ਤਾਂ ਕਰਦੀ ਹੈ ਪਰ ਉਹਨਾਂ ਨੂੰ ਓਪਰੇ ਜਾਣ ਕੇ ਦਿਲੋਂ-ਮਨੋਂ ਸਵਿਕਾਰ ਕਰਨ ਨੂੰ ਤਿਆਰ ਨਹੀਂ; ਨਾ ਹੀ ਹਿੰਦੋਸਤਾਨ ਦੇ ਸਮਾਜਕ ਅਤੇ ਸਿਆਸੀ ਜੀਵਨ ਵਿੱਚ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਵਿੱਚੋਂ ਸੁਤੇ-ਸਿਧ ਪੈਦਾ ਹੋਈਆਂ ਉਦਾਰਚਿਤ,

ਨਿਆਂਇਕ ਧਾਰਨਾਵਾਂ ਨੂੰ ਆਪਣਾ ਬਣਦਾ ਸਥਾਨ ਦੇਣ ਲਈ ਤਿਆਰ ਹੈ। ਸਦੀਆਂ ਤੋਂ ਹਿੰਸਾ ਰਾਹੀਂ ਦੂਜੀਆਂ ਸਮਝੀਆਂ ਜਾਂਦੀਆਂ ਸਮਾਜਕ ਇਕਾਈਆਂ ਨੂੰ ਦਬਾ ਕੇ ਰੱਖਣ ਦਾ ਕਰਮ ਵੀ ਲੋਕਤੰਤਰ ਦੀ ਸਹੀ ਆਤਮਾ ਨੂੰ ਆਪਣਾ ਬਣਦਾ ਸਥਾਨ ਦੇਣ ਲਈ ਤਿਆਰ ਨਹੀਂ। ਏਸ ਤੋਂ ਵੱਧ ਵਿਸਥਾਰ ਦੀ ਏਥੇ ਸੰਭਾਵਨਾ ਨਹੀਂ।

ਟਾਵੇਂ-ਟਾਵੇਂ ਗੰਭੀਰ ਚਿੰਤਕਾਂ ਨੂੰ ਛੱਡਕੇ ਬਾਕੀ ਸਭ ਆਪਣੇ ਅਜੋਕੇ ਸਟੇਟ ਵੱਲੋਂ ਪ੍ਰਚਾਰੀ ਜਾਂਦੀ ਧਾਰਨਾ ਨੂੰ ਪਰਮਸੱਤ ਜਾਂ ਇਲਾਹੀ ਆਕਾਸ਼ਵਾਣੀ ਸਮਝ ਕੇ ਪ੍ਰਵਾਨ ਕਰ ਚੁੱਕੇ ਹਨ। ਚੰਦ ਡੂੰਘੇ ਦਾਨਸ਼ਵਰ ਹੀ ਹਨ ਜਿਹੜੇ ਸਹੀ ਨਿਰਣਾ ਲੈ ਕੇ ਰੱਬ ਵੱਲੋਂ ਬਖ਼ਸ਼ੀ ਸੋਚਣ-ਸ਼ਕਤੀ ਦਾ ਅਪਮਾਨ ਨਹੀਂ ਕਰਦੇ ਅਤੇ ਨਾ ਹੀ ਸਮਾਜ ਅਤੇ ਸੱਚ ਨੂੰ ਨਿਰਾਸ਼ ਕਰਦੇ ਹਨ। **ਹਰਿੰਦਰ ਸਿੰਘ ਮਹਿਬੂਬ** ਏਸ ਗਹਿਰ-ਗੰਭੀਰ ਸਮੱਸਿਆ ਤੋਂ ਕੇਵਲ ਵਾਕਫ਼ ਹੀ ਨਹੀਂ ਬਲਕਿ ਓਸਦੇ ਲਿਖਣ ਦਾ ਵੱਡਾ (ਅਤੇ ਸ਼ਾਇਦ ਇੱਕੋ-ਇੱਕ) ਪ੍ਰੇਰਨਾ-ਸ੍ਰੋਤ ਏਹੋ ਸੱਚ ਹੀ ਹੈ। ਏਹੋ ਅਲਬੇਲਾਪਨ ਸ਼ਹਾਦਤ ਦੇ ਰਾਹ ਉੱਤੇ ਚੱਲਦੇ ਪਵਿੱਤਰ-ਆਤਮਾ ਮਹਿਬੂਬ ਨੂੰ ਸੱਤਵੇਤਾ, ਤੱਤਵੇਤਾ ਸਥਾਪਤ ਕਰਨ ਵਿੱਚ ਸਭ ਤੋਂ ਉੱਤਮ ਤਰਕ ਹੋ ਨਿੱਬੜਦਾ ਹੈ। **ਨਿਰਭੈ ਹੋ ਕੇ ਓਸ ਨੇ ਆਪਣੀ ਜ਼ਮੀਰ ਦੀ ਆਵਾਜ਼ ਸੁਣੀ ਅਤੇ ਬੜੀ ਸ਼ਿੱਦਤ ਨਾਲ ਸਮੇਂ ਦੀ ਲੋੜ ਅਨੁਸਾਰ ਆਪਣੀ ਕਲਮ ਨੂੰ ਤਰਾਸ਼ਿਆ।**

ਓਸਦੇ ਬੌਣੇ ਸਮਕਾਲੀਆਂ, ਜਿਨ੍ਹਾਂ ਵਿੱਚ ਸਥਾਪਤੀ ਦੇ ਰੋਅਬ ਹੇਠ ਪ੍ਰਚਾਰੀ ਜਾਂਦੀ ਧਾਰਨਾ ਨੂੰ ਅਪਣਾ ਚੁੱਕੇ ਓਸਦੇ ਕਈ ਪੁਰਾਣੇ ਦੋਸਤ ਵੀ ਸਨ, ਨੇ ਉਹਨਾਂ ਪ੍ਰਤੀ ਅਨੇਕਾਂ ਢਾਊ ਵਿਚਾਰਾਂ ਨੂੰ ਪ੍ਰਚੱਲਤ ਕਰਨ ਦੀ ਕੋਸ਼ਿਸ਼ ਕੀਤੀ। ਕਈ ਉੱਪਰਲੀ ਸਤਹ ਦੇ ਗਿਆਨੀਆਂ ਨੇ ਨਾਸਮਝੀ ਵਿੱਚ ਏਹੋ ਕਰਮ ਕੀਤਾ ਪਰੰਤੂ ਸਾਰੇ ਮਿਲਕੇ ਵੀ ਓਸ ਦੀ ਵਿਦਵਤਾ, ਧਰਮ ਅਤੇ ਫ਼ਲਸਫ਼ੇ ਦੀ ਡੂੰਘੀ ਰਮਜ਼ ਅਤੇ ਇਤਿਹਾਸ ਦੀਆਂ ਬਾਰੀਕ ਅਨੁਭਵੀ ਤੰਦਾਂ ਦੇ ਤਾਣੇ-ਪੇਟੇ ਦਾ ਸਹੀ ਮੁਲਾਂਕਣ ਕਰਨ ਦੀ ਅਦਭੁੱਤ ਸ਼ਕਤੀ ਨੂੰ ਵੰਗਾਰ ਨਾ ਸਕੇ। ਇਤਿਹਾਸ ਦੇ ਆਮ ਵਿਦਿਆਰਥੀਆਂ ਨੂੰ ਅਨੇਕਾਂ ਹਨੇਰੇ ਖੂੰਜੇ ਟਟੋਲ ਕੇ ਇਤਿਹਾਸਕ ਤੱਥ ਇੱਕਸਾਰ ਕਰਨੇ ਪੈਂਦੇ ਹਨ ਅਤੇ ਇਹਨਾਂ ਦੇ ਆਪਸੀ ਰਿਸ਼ਤਿਆਂ ਨੂੰ ਸਥਾਪਤ ਕਰਕੇ ਝਕਦੇ-ਝਕਦੇ ਇਤਿਹਾਸਕ ਵਰਤਾਰੇ ਦੀ ਕੁਈ ਸੰਭਾਵੀ ਰੂਪ-ਰੇਖਾ ਬੜੀ ਮਿਹਨਤ ਨਾਲ ਪ੍ਰਗਟ ਕਰਨੀ ਪੈਂਦੀ ਹੈ। ਕਵੀ ਉੱਤੇ ਕੁਈ ਐਸੀ ਪਾਬੰਦੀ ਨਹੀਂ ਹੁੰਦੀ। ਉਹ ਇਤਿਹਾਸ ਵਿੱਚ ਵਿਚਰ ਚੁੱਕੇ ਵਿਅਕਤੀਆਂ ਦੇ ਪ੍ਰਮਾਣਤ ਬੋਲਾਂ, ਫ਼ਲਸਫ਼ੇ ਦੇ ਅਰੁਕ ਵਗਦੇ ਸਾਂਝੇ ਦਰਿਆ, ਕੌਮਾਂ ਦੇ ਸੁਭਾਅ, ਪ੍ਰਮੁੱਖ ਲੋਕਾਂ ਦੀਆਂ ਕਰਨੀਆਂ, ਵਰਤਮਾਨ ਦੇ ਵਰਤਾਰੇ ਅਤੇ ਪੈਗੰਬਰ ਦੇ ਕੀਤੇ ਕੌਲ-ਇਕਰਾਰਾਂ ਨਾਲ ਰਿਸ਼ਤੇ ਦੀ ਪ੍ਰਪੱਕਤਾ ਜਾਂ ਏਸ ਦੀ ਅਣਹੋਂਦ ਵਿੱਚੋਂ ਹੀ ਇਤਿਹਾਸ ਦੇ ਹਰ ਪਹਿਲੂ ਨੂੰ ਅਨੁਭਵ ਰਾਹੀਂ ਸਪਸ਼ਟ ਜਾਣ ਜਾਂਦਾ ਹੈ।

ਮਹਿਬੂਬ ਨੂੰ ਵੱਡੀ ਹੈਰਾਨੀ ਹੁੰਦੀ ਸੀ ਜਦੋਂ ਕਿ ''ਇਤਿਹਾਸ ਨੂੰ ਅਨੁਭਵ ਦੀ ਵਿਸ਼ਾਲਤਾ'' ਨਾਲ ਵੇਖਣ ਦੀ ਯੋਗਤਾ ਰੱਖਣ ਵਾਲਾ ਕੁਈ ਕਵੀ (ਮਸਲਨ ਰਬਿੰਦਰਨਾਥ ਟੈਗੋਰ) ਇਤਿਹਾਸਕ ਤੱਥਾਂ ਨੂੰ ਗ਼ਲਤ ਸਮਝ ਕੇ ਕਿਸੇ ਸਮੁੱਚੀ ਕੌਮ ਦੀਆਂ ਸੁੱਚੀਆਂ ਕਦਰਾਂ-ਕੀਮਤਾਂ ਨੂੰ ਗ਼ਲਤ ਰੰਗਣ ਵਿੱਚ ਪੇਸ਼ ਕਰਦਾ ਸੀ। ਮਹਿਬੂਬ ਨੂੰ ਆਪਣੇ ਸੁੱਚੇ ਜਜ਼ਬਿਆਂ ਅਤੇ ਪਾਕ ਵਲਵਲਿਆਂ ਦੇ ਆਸਰੇ ਮਾਤਰ ਸਦਕਾ ਹੀ ਕਈ ਕੌਮਾਂ, ਧਰਮਾਂ ਦੇ ਇਤਿਹਾਸ ਦਾ ਡੂੰਘਾ ਗਿਆਨ ਹੋ ਗਿਆ ਸੀ। ਬੁੱਧ ਧਰਮ ਨੂੰ ਓਸਨੇ ਅੰਤਮ ਧਰਵਾਸ ਤੋਂ ਸੱਖਣਾ ਅਤੇ ਨੀਰਸ ਪਾਇਆ; ਇਵੇਂ ਹੀ ਅਥਾਹ ਜੋਸ਼ ਕਾਰਣ ਕੁਰਾਨ ਦੇ ਡੂੰਘੇ ਅਰਥਾਂ ਤੋਂ ਇਸਲਾਮ ਦੇ ਰਿਸ਼ਤੇ ਵਿੱਚ ਤਰੇੜਾਂ ਆਉਂਦੀਆਂ ਵੇਖੀਆਂ ਜੋ ਅੱਜ ਜੱਗ ਜ਼ਾਹਰ ਹੋ ਚੁੱਕੀਆਂ ਹਨ; ਸਿੱਖ ਧਰਮ ਦੀ ਆਦਿ-ਸੁਹਿਰਦਤਾ ਅਤੇ ਸਰਬਸਾਂਝੀ ਹੂਕ ਦੇ ਆਧਾਰ ਉੱਤੇ ਆਪਣੇ-ਆਪ ਨੂੰ ਤੱਥਾਂ ਦਾ ਮੁਲਾਂਕਣ ਕਰਕੇ ਇਤਿਹਾਸ ਦਾ ਨਿਰੂਪਣ ਕਰਦੇ ਪਾਇਆ।

ਓਸਦੀ ਉੱਚੀ ਕਾਵਿਕ ਉਡਾਰੀ ਅਤੇ ਡੂੰਘੀ ਸਮਝ ਦਾ ਰਾਜ਼ ਏਸੇ ਵਿੱਚ ਹੈ ਕਿ ਓਸਨੇ ਬਹੁਗਿਣਤੀ ਦੀ ਜ਼ਿਹਨੀਅਤ ਦਾ ਅਧਿਐਨ ਕਰਕੇ ''ਸਿੱਖ ਧਰਮ ਦੀ ਸੁਤੰਤਰ ਹਸਤੀ ਵਿਰੁੱਧ ਵੱਡੇ ਧਰਮ'' ਦੀ ਖੁਣਸ 'ਚੋਂ ਉਪਜੇ ਅਮਲ ਨੂੰ ਸਪਸ਼ਟ ਪਛਾਣ ਲਿਆ। ਉਹ ਸਮਝਦਾ ਹੈ ਕਿ ਟੈਗੋਰ ਨੇ ਏਸੇ ਜ਼ਿਹਨੀਅਤ ਨੂੰ ਹੀ ''ਇਤਿਹਾਸਕ ਟਿੱਪਣੀ ਵਿੱਚ ਢਾਲ ਲਿਆ ਹੈ''। **ਡੂੰਘੀ ਅੰਤਰ-ਦ੍ਰਿਸ਼ਟੀ ਦਾ ਉਪਯੋਗ ਕਰਕੇ ਮਹਿਬੂਬ ਏਸ ਨਾਜਾਇਜ਼ ਵਿਰੋਧ ਨੂੰ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਜਾਣ ਜਾਂਦਾ ਹੈ: ''ਅਨੇਕ ਥਾਵਾਂ-ਨਾਵਾਂ ਨਾਲ ਜੁੜੇ ਹਿੰਦੂ ਮਨ ਉੱਤੇ ਗੁਰੂ ਨਾਨਕ ਸਾਹਿਬ ਨੂੰ ਝੂਠੀ ਖੁਣਸ ਅਤੇ ਮੂੜ੍ਹ ਈਰਖਾ ਦੇ ਜੰਤ੍ਰਾਂ-ਤੰਤ੍ਰਾਂ ਵਾਲੇ ਅਥਰਵਣ-ਭਾਰ'' ਦੀ ਬਦੌਲਤ ''ਗੁਰੂ ਸਾਹਿਬ ਵੱਲ ਖੁਣਸ ਦੀਆਂ ਅਨੇਕ ਜ਼ਹਿਰੀਲੀਆਂ ਜੀਭਾਂ ਉੱਲਰ ਆਈਆਂ ਹਨ।" ਇਤਿਹਾਸ ਵਿੱਚ ਨਿਰੰਤਰ ਹੁੰਦੇ ਏਸ ਪ੍ਰਗਟਾਵੇ ਦੇ ਪ੍ਰਮਾਣ ਜੁਟਾ ਕੇ ਮਹਿਬੂਬ ਮੌਜੂਦਾ ਸਮਿਆਂ ਤੱਕ ਪਹੁੰਚਦਾ ਹੈ ਜਦੋਂ ਕਿ ''ਕੁਝ ਨੀਮ ਅਡੰਬਰੀ ਬ੍ਰਾਹਮਣਵਾਦੀ ਇਤਿਹਾਸਕਾਰ ਅਤੇ ਮਕਲੋਡ ਬਿਰਤੀ ਦੀ ਪੈਰਵੀ ਕਰਨ ਵਾਲੇ ਕੁਝ ਸਿੱਖ ਖੋਜੀ ਵੀ ਅਜੇਹੇ ਤੁਅਸਬੀ ਤੱਥਾਂ ਵਿੱਚ ਭਿਅੰਕਰ ਸ਼ੈਤਾਨੀ ਮਿਲਾਵਟਾਂ ਸ਼ਾਮਲ ਕਰਕੇ ਸਿੱਖ ਇਤਿਹਾਸ ਦਾ ਰੂਪ ਵਿਗਾੜ ਰਹੇ ਹਨ।" ਬਹੁਤੇ ਸਿੱਖ ਖੋਜੀਆਂ ਨੂੰ ਓਸਨੇ ਸਿੱਖ ਧਰਮ ਦੇ ਮੌਲਿਕ ਤੱਥਾਂ ਨਾਲੋਂ ਟੁੱਟੇ ਹੋਏ ਪਾਇਆ।**

ਇਹਨਾਂ ਹਾਲਤਾਂ ਵਿੱਚ ਉਹ ਸਮਝਣ ਲਗ ਪਿਆ ਕਿ 'ਵਿਦਵਾਨਾਂ' ਦਾ ਸਟੇਟ ਦੀ ਸਰਪ੍ਰਸਤੀ ਹੇਠ ਸਿੱਖ ਇਤਿਹਾਸ ਉੱਤੇ ਉਲਾਰ ਭਾਵਨਾਵਾਂ ਲੱਦਣ ਦਾ ਭਰਪੂਰ ਜਥੇਬੰਦਕ ਅਮਲ ਗੁਰੂ ਸਾਹਿਬਾਨ ਦੀ ਪਰਮ-ਪਾਕ ਛਬੀ ਨੂੰ ਧੁੰਦਲਾ ਕਰਨ ਵਿੱਚ ਹੀ ਸਾਰਥਕ ਹੋਵੇਗਾ। ਓਸਨੇ ਪਾਇਆ ਕਿ ''ਕਰਮਕਾਂਡ ਦੀਆਂ ਨਿਰਾਰਥਕ ਯੋਜਨਾਵਾਂ ਗੁਰੂ ਉੱਤੇ ਸੰਸਾਰਕ

ਹਉਮੈ ਦਾ ਬੇਰਹਿਮ ਵਾਰ" ਕਰਨ ਲਈ ਲਗਾਤਾਰ ਤਾਕ ਵਿੱਚ ਰਹਿੰਦੀਆਂ ਹਨ। ਉਹ ਜਾਣਦਾ ਸੀ ਕਿ ਸਾਹਿਬ ਦਸਵੇਂ ਪਾਤਸ਼ਾਹ ਦਾ ਅਧਿਆਤਮਕ ਰੁਤਬਾ ਮਾਤਰ ਹੀ ਧਰਮ ਦੇ ਸੋਮਿਆਂ ਨੂੰ ਕਈ ਹਜ਼ਾਰ ਸਾਲਾਂ ਤੱਕ ਤਰੋ-ਤਾਜ਼ਾ ਰੱਖਣ ਦੇ ਕਾਬਲ ਹੈ। ਸਾਧੂ ਵਾਸਵਾਨੀ ਨੇ ਸਾਹਿਬਾਂ ਨੂੰ ਇਉਂ ਸਮਝਣ ਦੀ ਕੋਸ਼ਿਸ਼ ਕੀਤੀ ਸੀ: "ਦਸਮ ਗੁਰੂ ਦੀ ਸ਼ਖ਼ਸੀਅਤ ਸਤਰੰਗੀ ਪੀਂਘ ਸਮਾਨ ਹੈ। ਉਹਨਾਂ ਵਿੱਚੋਂ ਇੱਕੋ ਵੇਲੇ ਗੁਰੂ ਨਾਨਕ ਜੀ ਦੀ ਮਿੱਠਤ, ਈਸਾ ਜੀ ਵਰਗੀ ਤਰਸ ਭਰੀ ਤੱਕਣੀ, ਬੁੱਧ ਜੀ ਵਰਗਾ ਆਤਮ-ਗਿਆਨ, ਹਜ਼ਰਤ ਮੁਹੰਮਦ ਸਾਹਿਬ ਵਾਲਾ ਡੁੱਲ੍ਹ-ਡੁੱਲ੍ਹ ਪੈਂਦਾ ਜੋਸ਼, ਕ੍ਰਿਸ਼ਨ ਜੀ ਵਾਲਾ ਸੂਰਜਵੰਤ ਭਖਦਾ ਜਲੌਅ, ਰਾਮ ਜੀ ਵਾਂਗ ਪੁਰਸ਼ੋਤਮ ਦੀ ਮਰਯਾਦਾ ਸ਼ਾਹਾਂ ਵਾਲੀ ਸ਼ਾਨ ਵਿੱਚ ਵੇਖੀ ਜਾ ਸਕਦੀ ਹੈ।" ਮਹਿਬੂਬ ਨੇ ਐਸੇ ਸਤਿਗੁਰੂ ਦੀ ਸ਼ਾਨ ਵਿੱਚ ਲਗਾਤਾਰ ਕੀਤੀਆਂ ਜਾ ਰਹੀਆਂ ਗੁਸਤਾਖੀਆਂ ਦੇ ਅੰਤਮ ਨਿਸ਼ਾਨੇ ਨੂੰ ਭਲੀ-ਭਾਂਤ ਸਮਝਿਆ। **ਪਰ ਉਸਦਾ ਦ੍ਰਿੜ੍ਹ ਯਕੀਨ ਹੈ ਕਿ "ਗੁਰੂ ਨਾਨਕ ਸਾਹਿਬ ਦੀ ਉੱਚੀ ਸੁਰਤ ਨੂੰ ਯੱਖ ਕਰਨ ਦੀਆਂ ਕੋਸ਼ਿਸ਼ਾਂ" ਅੰਤ ਨਾਕਾਮਯਾਬ ਹੋਣਗੀਆਂ।**

ਏਸ ਯਕੀਨ ਨੂੰ ਸ਼ਬਦਾਂ ਵਿੱਚ ਸਥਾਪਤ ਕਰਨ ਲਈ ਉਸਨੇ ਆਪਣੇ ਅੰਦਰ ਵਗ ਰਹੇ ਮਹਾਂਕਾਵਿ ਦੇ ਪ੍ਰਬਲ ਵੇਗ ਨੂੰ ਵਕਤੀ (ਜੋ ਸਥਾਈ ਹੋ ਨਿੱਬੜੀ) ਅੱਧਵਾਟੇ ਠੱਲ੍ਹ ਕੇ ਸਾਹਿਬ ਦਸਵੇਂ ਪਾਤਸ਼ਾਹ ਨਾਲ ਸਬੰਧਤ ਮਹਾਂਕਾਵਿ (ਚੌਥੀ ਜਿਲਦ) ਨੂੰ ਬਾਕੀ ਕਾਵਿ-ਆਵੇਸ਼ ਤੋਂ ਪਹਿਲਾਂ ਕਲਮਬੰਦ ਕੀਤਾ। ਉਸਦਾ ਪ੍ਰਪੱਕ ਯਕੀਨ ਸੀ ਕਿ ਗੁਰੂ ਦੇ ਬਿੰਬ ਨੂੰ ਮੈਲਾ ਕਰਕੇ ਸਿੱਖੀ ਨੂੰ ਖੋਰਾ ਲਾਉਣ ਦੀਆਂ ਵਿਆਪਕ ਚਾਲਾਂ ਨੂੰ ਠੱਲ੍ਹ ਪਾਉਣ ਲਈ ਸੱਚਾਈ ਦਾ ਦਾਮਨ ਫੜ ਕੇ ਸਾਹਿਬ ਦੀ ਲਾਸਾਨੀ ਛਬੀ ਦੇ ਅਸਲ ਰੰਗ ਉਭਾਰਨਾ ਹੀ ਅਕ੍ਰਿਤਘਣ ਸਾਜ਼ਿਸ਼ਾਂ ਦਾ ਤੋੜ ਹੈ। ਖ਼ਾਲਸਾ ਅਮਲ ਨੂੰ ਇਤਿਹਾਸ ਵਿੱਚ ਉਤਾਰਨ ਦਾ ਵੀ ਸਭ ਤੋਂ ਵਧੀਆ ਤਰੀਕਾ ਉਸ ਨੂੰ ਏਹੀ ਜਾਪਿਆ :

**"ਸਿੰਘਾਂ ਸਾਹਵੇਂ ਨਿੱਖਰੇ ਅੰਤਮ ਅਮਲ ਦਾ ਰੂਪ।**
**ਸਿੰਘ-ਸਿਦਕ ਨੂੰ ਜਦ ਮਿਲੇ ਦਸਮ ਦੀ ਛਬੀ ਅਨੂਪ।"**

ਇਉਂ ਮਹਿਬੂਬ ਨੇ ਵੱਡਾ ਪਰੋਪਕਾਰ ਕਰਕੇ,"ਗੁਰੂ ਨਾਨਕ ਸਾਹਿਬ ਦੀ ਉੱਚੀ ਸੁਰਤ ਨੂੰ ਭੈਅ ਨਾਲ ਯੱਖ ਕਰਨ ਦੀਆਂ ਕੋਸ਼ਿਸ਼ਾਂ" ਨੂੰ ਅੰਤ ਨਾਕਾਮਯਾਬ ਹੋਣ ਵੱਲ ਤੋਰਿਆ। **ਉਸਦੀ ਨਿੰਦਾ ਕਰਨ ਵਾਲੇ ਛੋਟੇ ਕੱਦ ਦੇ ਲੋਕਾਂ ਉੱਤੇ ਉਸਦਾ ਇਹ ਸ਼ਿਅਰ ਵਾਹਵਾ ਢੁਕਦਾ ਹੈ,**

**"ਜੁਗਾਂ 'ਚ ਭੌਣ ਮਨੁੱਖ ਦੇ, ਵਾਂਗ ਕੀੜਿਆਂ ਜੀਣ।**
**ਕਾਇਰਾਂ ਦੇ ਵੱਗ ਹੌਂਕਦੇ, ਖਾਲੀ ਤੇ ਪਤ ਹੀਣ।"**

**ਮਹਿਬੂਬ ਦੀ ਅੰਤਰ-ਦ੍ਰਿਸ਼ਟੀ ਦੇ ਮੁਕੰਮਲ ਪ੍ਰਤੀਕ ਦੇ ਪ੍ਰਮਾਣ ਵਿੱਚ ਜੇ ਕੁਈ ਇੱਕ ਕਵਿਤਾ ਦਾ ਹਵਾਲਾ ਦੇਣਾ ਹੋਵੇ ਤਾਂ ਉਸਦੀ "ਨੀਦਾਂ ਦਾ ਕਤਲ ਅਤੇ ਸ਼ਹੀਦ ਦਾ ਗ਼ਜ਼ਬ" ਪੜ੍ਹੀ ਜਾ ਸਕਦੀ ਹੈ।** ਦਰਬਾਰ ਸਾਹਿਬ ਉੱਤੇ ੧੯੮੪ ਦਾ ਹਮਲਾ ਉਸ ਲਈ ਅਸਹਿ ਹੈ ਅਤੇ ਸਦਾ-ਸਦਾ ਦੀ ਚੀਸ ਬਣਕੇ ਉਸਦੇ ਕਵੀ-ਮਨ ਉੱਤੇ ਕਿਸੇ ਕੁਲਹਿਣੇ ਬੱਦਲ ਵਾਂਗ ਛਾ ਗਿਆ ਹੈ। ਮਹਿਬੂਬ ਦਾ ਸਿਦਕ ਉਸਨੂੰ ਕਾਵਿ ਸੰਕੇਤਾਂ, ਲੁਕਵੇਂ ਲਫ਼ਜ਼ਾਂ, ਧੁੰਦਲੇ ਸੁਨੇਹਿਆਂ ਨੂੰ ਵਰਤਣ ਦੀ ਇਜਾਜ਼ਤ ਨਹੀਂ ਦਿੰਦਾ। ਉਹ ਬੇਬਾਕ ਸਾਫ਼ਗੋਈ ਦਾ ਪੱਲਾ ਫੜਦਾ ਹੈ ਅਤੇ ਬਖ਼ੌਫ਼ ਹੋਕੇ ਗੱਲਾਂ ਕਰਦਾ ਹੈ ਉਸ "ਡੈਣ ਸਰਾਲ" ਦੀਆਂ ਜਿਸ ਨੇ ਚੁੱਪ-ਚੁਪੀਤੇ "ਸਰਕਦਾ ਘੇਰਾ" ਦਰਬਾਰ ਨੂੰ ਪਾਇਆ। ਉਸਦਾ ਰੋਹ ਇਤਿਹਾਸ ਦੀਆਂ "ਕੁਪੱਤੀਆਂ ਡੈਣਾਂ", ਜਿਨ੍ਹਾਂ ਨੇ "ਮੇਰੀ ਕੌਮ ਦੇ ਬੱਚੜੇ ਭੋਲੇ ਡੂੰਘੀ ਨੀਂਦ 'ਚ" ਮਾਰਨ ਦੇ ਬਾਨ੍ਹਣੂੰ ਸਦੀਆਂ ਤੱਕ ਬੰਨ੍ਹੇ, ਉੱਤੇ ਝੜਦਾ ਹੈ। ਉਸਦਾ ਇਸ਼ਾਰਾ ਸਦੀਆਂ ਦੀਆਂ ਪਾਲੀਆਂ ਖੁਣਸਾਂ ਵੱਲ ਹੈ ਜਿਹੜੀਆਂ ਉਸ ਰਾਤ ਟੈਂਕ, ਤੋਪਾਂ ਲੈ ਕੇ ਗੁਰੂ ਦੇ ਦਰਬਾਰ ਉੱਤੇ ਹਮਲਾਵਰ ਹੋਈਆਂ।

ਵਕਤੀ ਜਿੱਤਾਂ ਦੇ ਜਸ਼ਨ ਮਨਾਉਂਦਿਆਂ ਨੂੰ ਉਹ ਆਪਣੇ ਸਾਬਤ ਯਕੀਨ ਵਿੱਚੋਂ ਤਾਕੀਦ ਕਰਦਾ ਹੈ, "ਕਰੇ ਹਿਰਸ ਦੀ ਜੰਗ ਮੈਲਾ ਜਗਤ ਨੂੰ।"

**ਸਦੀਆਂ ਬੀਤ ਜਾਣਗੀਆਂ ਪਰ ਏਸ ਪਰੋਪਕਾਰੀ ਫ਼ਕੀਰ ਹਰਿੰਦਰ ਸਿੰਘ ਮਹਿਬੂਬ ਦੀ ਪਾਕ ਹੂਕ ਸੱਚ ਕੇ ਢੂੰਡਾਊ ਇੱਕ ਪਲ਼ ਵੀ ਵਿਸਾਰ ਨਹੀਂ ਸਕਣਗੇ। ਉਸਦੇ ਆਪਣੇ ਸ਼ਬਦਾਂ ਵਿੱਚ:**

**"ਅਸਗਾਹਾਂ ਤੱਕ ਸੁਣੇ ਸੀ, ਕੌਲ ਇਲਾਹੀ ਮੀਨ।**
**ਰਾਹ ਦੱਸੇ ਉਹ ਜਿਨ੍ਹਾਂ 'ਤੇ, ਧਰਮ ਸਦਾ ਹੀ ਜੀਣ।"**

*****

## ਨੀਦਾਂ ਦਾ ਕਤਲ ਅਤੇ ਸ਼ਹੀਦ ਦਾ ਗਜ਼ਬ

ਹਰਿੰਦਰ ਸਿੰਘ ਮਹਿਬੂਬ

ਕੌਮ ਸ਼ਹੀਦ ਗੁਰੂ ਦੇ ਬੂਹੇ
ਕਰ ਸੁੱਤੀ ਅਰਦਾਸਾਂ।
ਡੈਣ ਸਰਾਲ ਚੋਰ ਜਿਉਂ ਸਰਕੀ
ਲੈ ਕੇ ਘੋਰ ਪਿਆਸਾਂ।
ਹੱਥ ਬੇਅੰਤ ਸਮੇਂ ਦੇ ਡਾਢੇ
ਕੋਹਣ ਕੁਪੱਤੀਆਂ ਡੈਣਾਂ,
ਲਹੂ ਸ਼ਹੀਦ ਦਾ ਲਟ ਲਟ ਬਲਿਆ
ਕਾਲ ਦੇ ਕੁਲ ਅਗਾਸਾਂ।

ਮੇਰੇ ਸ਼ਹੀਦ ਮਾਹੀ ਦੇ ਦਿਨ ਤੂੰ

ਸੁਣੀ ਕਪੁੱਤੀਏ ਨਾਰੇ।
ਕੌਮ ਮੇਰੀ ਦੇ ਬੱਚੜੇ ਭੋਲੇ
ਡੂੰਘੀ ਨੀਂਦ 'ਚ ਮਾਰੇ।
ਜੋ ਜਰਨੈਲ ਮਾਹੀ ਦੇ ਦਰ ਤੇ
ਪਹਿਰੇਦਾਰ ਪੁਰਾਣਾ।
ਮਹਾਂਬਲੀ ਸਮੇਂ ਤੇ ਬੈਠਾ
ਉਹ ਅਸਵਾਰ ਨਾ ਹਾਰੇ।

ਨੀਂਦ 'ਚ ਨੀਂਦ ਜਹੇ ਬਚੜੇ ਖਾਵੇਂ
ਸੁਣ ਬੇਕਿਰਕ ਚੁੜੇਲੇ।
ਸਮਾਂ ਪੁਰਸਲਾਤ ਜਿਉਂ, ਹੇਠਾਂ
ਦਗੇਬਾਜ਼ ਨੈਂ ਮੇ੍ਲੇ!
ਸੁੱਟ ਦੇਵੇਗਾ ਕੀਟ ਜਿਉਂ ਤੈਨੂੰ
ਕਹਿਰ ਬੇਅੰਤ ਦਾ ਝੁੱਲੇ;
ਤੋੜ ਤੇਰੇ ਰਾਜ ਦੇ ਬੂਹੇ
ਨਰਕ ਨ੍ਹੇਰ ਵਿਚ ਠੇਲ੍ਹੇ।

ਕਟਕ ਅਕ੍ਰਿਤਘਣਾਂ ਦੇ ਧਮਕੇ
ਹਰਿਮੰਦਰ ਦੇ ਬੂਹੇ।
ਮੀਆਂ ਮੀਰ ਦਾ ਖ਼ੂਨ ਵੀਟ ਕੇ
ਕਰੇ ਸਰੋਵਰ ਸੂਹੇ।
ਦੂਰ ਸਮੇਂ ਦੇ ਗਰਭ 'ਚ ਸੁੱਤੇ
ਬੀਜ ਮਾਸੂਮ ਵਣਾਂ ਦੇ,
ਲੂਣ-ਹਰਾਮ ਦੀ ਨਜ਼ਰ ਪੈਂਦਿਆਂ
ਗਏ ਪਲਾਂ ਵਿਚ ਲੂਹੇ।

ਨਾਰ ਸਰਾਲ ਸਰਕਦਾ ਘੇਰਾ
ਹਰਿਮੰਦਰ ਨੂੰ ਪਾਇਆ।
ਰਿਜ਼ਕ ਫਕੀਰਾਂ ਵਾਲਾ ਸੁੱਚਾ
ਆ ਤਕਦੀਰ ਜਲਾਇਆ।
ਬੁੱਤ-ਪੂਜਾਂ ਦੇ ਸੀਨੇ ਦੇ ਵਿਚ
ਫਫੇਕੁੱਟਨੀ ਸੁੱਤੀ,
ਜਿਸ ਦੀ ਵਿਸ ਨੂੰ ਭਸਮ ਕਰਨ ਲਈ
ਤੀਰ ਬੇਅੰਤ ਦਾ ਆਇਆ।

ਘਾਇਲ ਹੋਏ ਹਰਿਮੰਦਰ ਕੋਲੇ
ਕਿੜਾਂ ਬੇਅੰਤ ਨੂੰ ਪਈਆਂ
ਤੱਤੀ ਤਵੀ ਦੇ ਵਾਂਗ ਦੁਪਿਹਰਾਂ
ਨਾਲ ਨਾਲ ਬਲ ਰਹੀਆਂ।
ਮੀਆਂ ਮੀਰ ਦੇ ਸੁਪਨੇ ਦੇ ਵਿੱਚ
ਵਗੇ ਵਗੇ ਪਈ ਰਾਵੀ,
ਵਹਿਣ 'ਚ ਹੱਥ ਉੱਠੇ ਸਭ ਲਹਿਰਾਂ
ਉਲਰ ਬੇਅੰਤ ਤੇ ਪਈਆਂ।

*****

# ਹਰਿੰਦਰ ਸਿੰਘ ਮਹਿਬੂਬ:

**ਜਨਮ, ਜੀਵਨ ਅਤੇ ਵਿਸ਼ਵ ਧਰਮਾਂ (ਸਾਹਿਤ, ਇਤਿਹਾਸ, ਦਰਸ਼ਨ, ਲੋਕਯਾਨ, ਮਿਥਿਹਾਸ, ਮਨੋਵਿਗਿਆਨ ਅਤੇ ਭੂਗੋਲ ਆਦਿ) ਦੇ ਅਨੁਭਵ ਸੋਮਿਆਂ ਦੀ ਅਚੇਤ/ਸੁਚੇਤ ਗ੍ਰਹਿਣਸ਼ੀਲਤਾ ਅਤੇ ਮਹਾਂਕਾਵਿਕ-ਅਧਿਆਤਮਕ ਰਹੱਸ (Metaphysical Dimension of Epical-Life)**

**ਡਾ. ਗੁਰਤਰਨ ਸਿੰਘ**
**ਰਿਟਾਇਡ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ**


(Dr. Gurtaran Singh is a childhood companion of S. Harinder Singh Mehboob right from pre-partition days. They were neighbours in their village in Pakistan and in their present village Jhoondan too. He had been closely associated with Mehboob throughout life and has deeply studied all his writings. So, we requested him to write so that most of the contents of Mehboob's writings are brought to light. ED.)

ਹਰਿੰਦਰ ਸਿੰਘ ਮਹਿਬੂਬ ਦਾ ਜਨਮ 1 ਅਕਤੂਬਰ 1937 ਈ: ਨੂੰ ਚੱਕ ਨੰ: 233, ਤਹਿਸੀਲ ਜੜ੍ਹਾਂ ਵਾਲਾ, ਜ਼ਿਲ੍ਹਾ ਲਾਇਲਪੁਰ, ਡਾ: ਉਜਾਗਰ ਸਿੰਘ ਦੇ ਘਰ, ਮਾਤਾ ਜੰਗੀਰ ਕੌਰ ਜੀ ਤੋਂ ਹੋਇਆ। ਲੇਖਕ ਦਾ ਪਿਤਾ ਡਾਕਟਰ ਹੋਣ ਦੇ ਨਾਲ ਇੱਕ ਸ਼ਾਇਰ ਵੀ ਸੀ। ਉਸਨੇ ਇੱਕ ਕਿੱਸਾ ਅੰਜਨਾ ਦੇਵੀ ਉੱਪਰ ਲਿਖਿਆ ਸੀ। ਉਸ ਦਾ ਤਖ਼ੱਲਸ ਉਜਾਗਰ ਸਿੰਘ ''ਸ਼ਾਮ'' ਸੀ। ਲੇਖਕ ਦੇ ਪਿਤਾ ਨੇ ਆਪਣੇ ਸਮੇਂ ਵਿੱਚ ਫ਼ੀਰੋਜ਼ਦੀਨ ਸ਼ਰਫ ਆਦਿ ਸ਼ਾਇਰਾਂ ਨਾਲ ਕਵੀ ਦਰਬਾਰਾਂ ਵਿੱਚ ਕਵਿਤਾਵਾਂ ਪੜ੍ਹੀਆਂ ਸਨ। ਲੇਖਕ ਦੇ ਪਿਤਾ ਨੇ ਆਪਣੀ ਪੜ੍ਹਾਈ ਮਿਡਲ ਸਕੂਲ ਜੜ੍ਹਾਂ ਵਾਲਾ ਤੋਂ ਕੀਤੀ ਸੀ। ਲੇਖਕ ਦੀ ਮਾਤਾ ਜੰਗੀਰ ਕੌਰ ਇੱਕ ਅਤਿ ਸਿਦਕ ਵਾਲੀ, ਮਿਹਨਤੀ

ਅਤੇ ਪੜ੍ਹਨ-ਲਿਖਣ ਵਿੱਚ ਅਥਾਹ ਸ਼ੌਕ ਰੱਖਣ ਵਾਲੀ ਸੀ। ਲੇਖਕ ਨੇ ਪ੍ਰਾਇਮਰੀ ਦੀ ਪੜ੍ਹਾਈ ਸਮੇਂ ਹੀ ਆਪਣੀ ਮਾਤਾ ਤੋਂ ਪੰਜਾਬੀ ਪੜ੍ਹਨੀ ਸਿੱਖੀ ਅਤੇ ਕੋਈ ਲਗਭਗ ਤਿੰਨ ਹਜ਼ਾਰ ਸਫ਼ੇ ਵਿੱਚ ਰਚੇ ਕਰਤਾਰ ਸਿੰਘ ਕਲਾਸਵਾਲੀ ਦੇ ਕਿਸੇ ਨਿੱਠ ਕੇ ਪੜ੍ਹੇ ਸਨ। ਲੇਖਕ ਦੀ ਮਾਤਾ ਦੇ ਤੁਲਸੀ ਦੀ ਰਾਮਾਇਣ ਜ਼ੁਬਾਨੀ ਯਾਦ ਸੀ ਅਤੇ ਸਵੇਰ ਵੇਲੇ ਲੇਖਕ ਅਤੇ ਪਰਿਵਾਰ ਨੂੰ ਉਸ ਵਿੱਚੋਂ ਕੁੱਝ ਸਤਰਾਂ ਗਾਕੇ ਸੁਣਾਇਆ ਕਰਦੇ ਸਨ। ਲੇਖਕ ਦੇ ਆਪਣੇ ਕਹਿਣ ਅਨੁਸਾਰ ਉਹਨਾਂ ਦੀ ਮਾਤਾ ਜੀ ਰਾਹੀਂ ਉਹ ਧਾਰਮਿਕ ਵਿਚਾਰਾਂ ਦਾ ਧਾਰਨੀ ਬਣਿਆ ਹੈ।

ਲੇਖਕ ਦਾ ਪਿੰਡ ਚੱਕ ਨੰ. 233, ਇੱਕ ਬਹੁਤ ਹੀ ਖ਼ੂਬਸੂਰਤ ਤੇ ਰਮਣੀਕ ਸਥਾਨ ਤੇ ਵਸਿਆ ਹੋਇਆ ਸੀ। ਇਸ ਪਿੰਡ ਦੇ ਛਿਪਦੇ ਪਾਸੇ ਨਾਲ ਲਗਦੀ ਨਹਿਰ ਗਗੇਰਾ ਬਰਾਂਚ ਸੀ ਅਤੇ ਚੜ੍ਹਦੇ ਪਾਸੇ ਕੋਈ ਮੀਲ ਕੁ ਦੀ ਵਿੱਥ 'ਤੇ ਨਹਿਰ ਰੱਖ ਬਰਾਂਚ ਸੀ। ਇਹ ਦੋਵੇਂ ਨਹਿਰਾਂ ਝਨਾਂ ਦਰਿਆ ਵਿੱਚੋਂ ਨਿਕਲਦੀਆਂ ਸਨ। ਪਿੰਡ ਦੇ ਛਿਪਦੇ ਪਾਸੇ ਗਗੇਰਾ ਬ੍ਰਾਂਚ ਨਹਿਰ ਤੋਂ ਪਹਿਲਾਂ ਗਰੀਬ ਦਾਸ ਦਾ ਡੇਰਾ ਸੀ। ਇਸ ਡੇਰੇ ਨੂੰ ਸੰਘਣੇ ਸਲਵਾੜ੍ਹਾਂ ਅਤੇ ਕਰੀਰਾਂ ਨੇ ਨਹਿਰ ਵਾਲੇ ਪਾਸੇ ਤੋਂ ਘੇਰਿਆ ਹੋਇਆ ਸੀ। ਨਹਿਰ ਗਗੇਰਾ ਬ੍ਰਾਂਚ ਦੇ ਪਰਲੇ ਕੰਢੇ ਦੇ ਨਾਲ ਹੀ ਜ਼ਿਲਾ ਸ਼ੇਖੂਪੁਰੇ ਦਾ ਪਿੰਡ 19 ਚੱਕ ਸੀ। ਇਸ ਪਿੰਡ ਵਿੱਚ ਜਾਂਗਲੀ ਲੋਕ ਜ਼ਿਆਦਾ ਰਹਿੰਦੇ ਸਨ। 1912 ਤੋਂ 1931 ਤੱਕ ਏਸੇ ਪਿੰਡ ਵਿੱਚ ਪ੍ਰੋ. ਪੂਰਨ ਸਿੰਘ ਨੇ ਰੋਸ਼ਾ ਘਾਹ ਲਗਾਉਣੀ ਸਰਕਾਰੀ ਯੋਜਨਾ ਤਹਿਤ ਆਰੰਭੀ ਸੀ। ਪੂਰਨ ਸਿੰਘ ਨੇ ਆਪਣੀਆਂ ਬਹੁਤ ਸਾਰੀਆਂ ਅੰਗਰੇਜ਼ੀ ਪੁਸਤਕਾਂ ਜਿਵੇਂ ਕਿ ''ਸਪਿਰਟ ਬਾਰਨ ਪੀਪਲ'' ਆਦਿ ਏਸੇ ਸਥਾਨ 'ਤੇ ਹੀ ਲਿਖੀਆਂ ਸਨ। ਪੰਜਾਬੀ ਦੀਆਂ ''ਖੁੱਲ੍ਹੇ ਮੈਦਾਨ'', ''ਖੁੱਲ੍ਹੇ ਘੁੰਡ'' ਅਤੇ ''ਖੁੱਲ੍ਹੇ ਅਸਮਾਨੀ ਰੰਗ'' ਆਦਿ ਕਾਵਿ-ਪੁਸਤਕਾਂ ਦੀ ਰਚਨਾ ਵੀ ਇਸੇ ਸਥਾਨ 'ਤੇ ਹੋਈ।

**ਪੂਰਨ ਸਿੰਘ ਨੇ ਆਪਣੀਆਂ, ਵਿਸ਼ੇਸ਼ ਕਰਕੇ ਅੰਗਰੇਜ਼ੀ, ਪੁਸਤਕਾਂ ਵਿੱਚ ਭਵਿੱਖ ਬਾਰੇ ਸਹੀ ਤੇ ਸੱਚੀਆਂ ਪੇਸ਼ੀਨਗੋਈਆਂ ਵੀ ਕੀਤੀਆਂ ਜਿਵੇਂ ਕਿ ''ਪੰਜਾਬ ਦੇ ਸਿੱਖ ਲੋਕ ਇੱਕ ਦਿਨ ਖਾਲਿਸਤਾਨ ਦੀ ਮੰਗ ਕਰਨਗੇ (ਐਨ ਓਪਨ ਲੈਟਰ ਟੂ ਸਰ ਜੋਨ ਸਾਈਮਨ), ਦਸਮ ਗ੍ਰੰਥ ਦੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ (ਦੀ ਬੁੱਕ ਆਫ਼ ਟੈਨ ਮਾਸਟਰਜ਼), ਰੂਸ ਵਿੱਚ ਇਸਾਈਮਤ ਫੇਰ ਆ ਜਾਵੇਗਾ (ਦੀ ਸਪਿਰਟ ਆਫ਼ ਦੀ ਓਰੀਐਂਟਲ ਪੋਇਟਰੀ), ਜਾਪਾਨ ਵਿੱਚ ਬੁੱਧ ਧਰਮ ਹੀ ਸਥਾਪਤ ਰਹੇਗਾ ਅਤੇ ਅਮਰੀਕਾ ਸਿੱਖੀ ਦੇ ਸਭ ਤੋਂ ਵੱਧ ਨੇੜੇ ਹੈ ਆਦਿ ਵਿਸ਼ੇਸ਼ ਹਨ, ਭਾਵੇਂ ਕਿ ਉਹਨਾਂ ਦੀ ਸਮੁੱਚੀ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਰਚਨਾ ਲਗਾਤਾਰ ਇਸ ਭਵਿੱਖ ਪ੍ਰਤੀ ਸੱਚੀ ਤੇ ਸਹੀ ਪੇਸ਼ੀਨਗੋਈ ਹੀ ਆਖੀ ਜਾ ਸਕਦੀ ਹੈ।**



ਪੂਰਨ ਸਿੰਘ ਬਾਰੇ ਏਥੇ ਵਿਸਥਾਰ ਵਿੱਚ ਇਹ ਦੱਸਣ ਲਈ ਦੇਣਾ ਪਿਆ ਹੈ ਕਿ ਪੂਰਨ ਸਿੰਘ ਨੇ ਜਿੱਥੋਂ ਇਹ ਕੰਮ ਆਰੰਭ ਕਰਕੇ ਜਿੱਥੇ ਛੱਡਿਆ ਸੀ, ਹਰਿੰਦਰ ਸਿੰਘ ਮਹਿਬੂਬ ਨੇ ਇਸ ਨੂੰ ਉੱਥੋਂ ਹੀ ਸ਼ੁਰੂ ਕਰਕੇ ਇਸ ਨੂੰ ਸਿਰਜਣਾਤਮਕ ਪੱਖ ਤੋਂ ਨੇਪੜੇ ਚਾੜ੍ਹਨ ਦੇ ਅਤਿ ਨਜ਼ਦੀਕ ਲੈ ਆਂਦਾ ਹੈ।

ਹਰਿੰਦਰ ਸਿੰਘ ਮਹਿਬੂਬ ਆਪਣੇ ਪਿਤਾ, ਜੋ ਕਿ ਸਰਕਾਰੀ ਨੌਕਰੀ 'ਤੇ ਡਾਕਟਰ ਸਨ, ਦੇ ਨਾਲ ''ਠੀਕਰੀ ਵਾਲਾ, ਚੱਕ ਝੁਮਰਾ, ਤਹਿਸੀਲ ਸਮੁੰਦਰੀ, ਅਠਾਰਹ ਚੱਕ, ਲਾਇਲਪੁਰ ਤੇ ਅੰਤ ਵਿੱਚ ਜੜ੍ਹਾਂਵਾਲਾ ਵਿੱਚ ਆਜ਼ਾਦ ਹਵਾਵਾਂ ਵਾਂਗ ਘੁੰਮਿਆ।'' ਸੰਨ ਸੰਤਾਲੀ ਤੋਂ ਪਹਿਲਾਂ ਚੱਕ ਨੰ: 233 ਵਿੱਚ ਆਖ਼ਰੀ ਤਿੰਨ ਸਾਲਾਂ ਦੀ ਪੜ੍ਹਾਈ ਲੇਖਕ ਨੇ ਨਾਲ ਦੇ ਪਿੰਡ ਰੋਡੀ ਮੁਹੰਮਦਪੁਰਾ ਜਾਂ ਚੱਕ ਨੰ: 24, ਜੋ ਕਿ ਏਥੋਂ ਤਿੰਨ ਕੁ

ਮੀਲ ਦੀ ਵਿੱਥ 'ਤੇ ਸੀ, ਵਿੱਚ ਕੀਤੀ। ਏਸ ਪਿੰਡ ਦਾ ਰਾਹ ਅਤੇ ਵੱਡਾ ਵਣ ਲੇਖਕ ਦੀ ਜ਼ਿੰਦਗੀ ਅਤੇ ਕਵਿਤਾ 'ਤੇ ਸਦੀਵੀ ਪ੍ਰਭਾਵ ਪਾਉਣ ਵਾਲੇ ਸਨ। ਲੇਖਕ ਨੇ ਖ਼ੁਦ ਹੀ ਆਪਣੇ ਸ਼ਬਦਾਂ ਵਿੱਚ ਪਿੰਡ ਤੋਂ ਸਕੂਲ ਤੱਕ ਦੇ ਰਾਹ ਦੀ ਤੁਲਨਾ ਵਾਲਟ ਵਿਟਮੈਨ ਦੇ ''ਸਾਂਗ ਆਫ ਦੀ ਓਪਨ ਰੋਡ'' ਨਾਲ ਕੀਤੀ ਹੈ ਜਦੋਂ ਲੇਖਕ ਅਤਿ ਮਸਤੀ ਭਰੇ ਚਾਵਾਂ ਨਾਲ ਲੁੱਡੀਆਂ ਪਾਉਂਦਿਆਂ ਆਪਣੇ ਪਿੰਡ ਦੇ ਸਾਥੀਆਂ, ਠੂਲ੍ਹੀ ਵਾਲਿਆਂ ਦੇ ਪਾਲ ਅਤੇ ਲੰਮੇ ਤਾਰੀ, ਨਾਲ ਵੱਡੇ ਬਣ ਥੱਲੇ ਆ ਕੇ ਆਰਾਮ ਕਰਿਆ ਕਰਦਾ ਸੀ। (262)

ਏਸੇ ਪਿੰਡ ਦੇ ਚੜ੍ਹਦੇ ਪਾਸੇ ਨਹਿਰ ਰੱਖ ਬ੍ਰਾਂਚ ਤੋਂ ਪਹਿਲਾਂ ਪਿੰਡ ਦੇ ਅਤਿ ਨੇੜਿਓਂ ਰੇਲ ਗੱਡੀ ਦੀ ਲਾਈਨ ਲੰਘਦੀ ਸੀ ਜੋ ਕਿ ਲਾਹੌਰ ਤੋਂ ਨਨਕਾਣਾ ਸਾਹਿਬ ਹੁੰਦੀ ਹੋਈ ਲਾਇਲਪੁਰ ਵਿੱਚੋਂ ਦੀ ਅੱਗੇ ਜਾਂਦੀ ਸੀ। ਲੇਖਕ ਨੇ ਨੌਂ ਸਾਲ ਦੀ ਉਮਰ ਤੱਕ ਪਿੰਡ ਛੱਡਣ ਤੋਂ ਪਹਿਲਾਂ ਨਨਕਾਣਾ ਸਾਹਿਬ ਦੋ ਵਾਰ ਵੇਖਿਆ ਸੀ। ਏਥੇ ਹੀ ਲੇਖਕ ਦੇ ਡਾਕਟਰ ਤੇ ਸ਼ਾਇਰ ਪਿਤਾ ਉਜਾਗਰ ਸਿੰਘ ਨੇ ਹਰਿੰਦਰ ਸਿੰਘ ਮਹਿਬੂਬ ਨੂੰ ਵਿਧਾਤਾ ਸਿੰਘ ਤੀਰ ਦਾ ਦਸਮੇਸ਼ ਦਰਸ਼ਨ ਖ਼ਰੀਦ ਕੇ ਦਿੱਤਾ ਜਿਸ ਦਾ ਲੇਖਕ ਦੀਆਂ ਲਿਖਤਾਂ ਉੱਪਰ ਅਖੀਰ ਤੱਕ ਇਤਿਹਾਸਕ ਪ੍ਰਭਾਵ ਰਿਹਾ। ਲੇਖਕ ਦੇ ਕੁੱਲ ਚਾਰ ਭੈਣਾਂ ਅਤੇ ਦੋ ਹੋਰ ਭਰਾ ਹਨ। ਇਹਨਾਂ ਵਿੱਚੋਂ ਕੋਈ ਵੀ ਲੇਖਕ ਦੀਆਂ ਪ੍ਰਤਿਭਾਸ਼ੀਲ ਰੁਚੀਆਂ ਦੇ ਅਧਿਆਤਮਕ ਰਹੱਸ ਨੂੰ ਆਪਣੇ ਅਮਲ ਵਿੱਚ ਤਾਂ ਭਾਵੇਂ ਨਹੀਂ ਪਾਲ ਰਿਹਾ ਪ੍ਰੰਤੂ ਲੇਖਕ ਦੇ ਛੋਟੇ ਭਰਾ ਮਲਕੀਤ ਸਿੰਘ ਨੇ ਦੁਨੀਆਂ ਦਾ ਚੋਣਵਾਂ ਗਲਪ-ਸਾਹਿਤ ਦੂਰਦਰਸ਼ੀ ਸੂਝ ਨਾਲ ਪੜ੍ਹਿਆ ਹੋਇਆ ਹੈ ਅਤੇ ਲੇਖਕ ਦੀਆਂ ਲਗਭਗ ਸਾਰੀਆਂ ਲਿਖਤਾਂ ਦਾ ਅਧਿਐਨ ਵੀ ਇਸ ਨੇ ਕੀਤਾ ਹੋਇਆ ਹੈ। ਲੇਖਕ ਦੀ ਵੱਡੀ ਭੈਣ ਗੁਰਮੇਜ ਕੌਰ ਅਤੇ ਸਭ ਤੋਂ ਛੋਟੀ ਭੈਣ ਬਲਜੀਤ ਵਿੱਚ ਕਰਮਵਾਰ ਪਿਆਰ, ਅਥਾਹ ਪਿਆਰ ਅਤੇ ਮਾਂ ਵਾਲੇ ਸਿਦਕ ਦੇ ਪ੍ਰਛਾਵੇਂ ਕੁਝ ਨਾ ਕੁਝ ਜ਼ਰੂਰ ਹਨ। ਲੇਖਕ ਦੇ ਮਨ 'ਤੇ ਨਨਕਾਣਾ ਸਾਹਿਬ ਦੇ ਮੇਲੇ ਦੇ ਦ੍ਰਿਸ਼ਾਂ ਦੇ ਨਾਲ ਪਿੰਡ ਨੂੰ ਆਉਂਦਿਆਂ-ਜਾਂਦਿਆਂ ਗੱਡੀਆਂ ਦੀ ਦੌੜ ਦਾ ਵਿਸ਼ੇਸ਼ ਤੌਰ 'ਤੇ ਪ੍ਰਭਾਵ ਰਿਹਾ। ਪਿੰਡ ਦੇ ਗਰੀਬ ਦਾਸ ਦੇ ਡੇਰੇ ਵਿੱਚ ਦੀਨਾ ਕਵਾਲ, ਰਾਸਧਾਰੀਏ ਅਤੇ ਗ਼ਜ਼ਲਾਂ ਗਾਉਣ ਵਾਲੇ ਪ੍ਰਸਿੱਧ ਗਾਇਕਾਂ ਦਾ ਪ੍ਰਭਾਵ ਉਸਦੀਆਂ ਲਿਖਤਾਂ ਵਿੱਚ ਅਤਿ ਗਹਿਰਾ ਅਤੇ ਗੰਭੀਰ ਹੈ। ਪਿੰਡ ਦੇ ਮੁਰੱਬਿਆਂ ਦੀਆਂ ਭਰਵੀਆਂ ਫ਼ਸਲਾਂ ਅਤੇ ਕੁਦਰਤ ਦੇ ਵੰਨ-ਸੁਵੰਨੇ ਨਜ਼ਾਰੇ ਲੇਖਕ ਨੂੰ ਵਿਸ਼ੇਸ਼ ਤੌਰ 'ਤੇ ਯਾਦ ਹਨ। ਇਸ ਇਲਾਕੇ ਦੀਆਂ ਜਾਂਗਲੀ ਕੁੜੀਆਂ ਦੇ ਰਸਭਿੰਨੇ ਨਕਸ਼ ਅਤੇ ਚਰਿੱਤਰ ਦਾ ਪ੍ਰਭਾਵ ਲੇਖਕ ਦੀਆਂ ਲਿਖਤਾਂ ਵਿੱਚ ਲਗਾਤਾਰ ਰੂਪ ਵਟਾ-ਵਟਾ ਕੇ ਆ ਰਿਹਾ ਦਿਸਦਾ ਹੈ।

ਲੇਖਕ ਨੂੰ ਜੜ੍ਹਾਂ ਵਾਲੇ ਸ਼ਹਿਰ ਤੋਂ ਆਪਣੇ ਪਿਤਾ ਉਜਾਗਰ ਸਿੰਘ ਦੇ ਨਾਲ ਉਹਨਾਂ ਦੇ ਗੂੜ੍ਹੇ ਦੋਸਤ ਸੰਤ ਸਿੰਘ ਨਾਲ ਸਾਈਕਲ ਤੇ ਬੈਠ ਕੇ ਮਿਰਜ਼ੇ ਦਾ ਪਿੰਡ ਦਾਨਾਬਾਦ ਵੇਖਣ ਦੀ ਯਾਦ ਨੇ ਸਭ ਤੋਂ ਵੱਧ ਪ੍ਰਭਾਵਤ ਕੀਤਾ ਹੈ। ਲੇਖਕ ਅਨੁਸਾਰ ''ਉਸ ਸਮੇਂ ਮਿਰਜ਼ੇ ਦਾ ਜੰਡ ਹਰਾ ਭਰਾ ਸੀ ਜੋ ਕਿ ਅੱਜ ਕੱਲ੍ਹ ਡਿੱਗ ਚੁੱਕਾ ਹੈ'' ਅਤੇ ਇਸ ਲੋਕ-ਕਥਾ ਦਾ ਪ੍ਰਭਾਵ ਲੇਖਕ 'ਤੇ ਇੰਨਾਂ ਪਿਆ ਕਿ ਉਸਨੇ ''ਮਿਰਜ਼ੇ ਦੀ ਨੀਂਦ'' ਦੇ ਸਿਰਲੇਖ ਥੱਲੇ ''ਝਨਾਂ ਦੀ ਰਾਤ'' ਦੀ ਪੰਜਵੀਂ ਪੁਸਤਕ ਵਿੱਚ ਇੱਕ ਅਤਿ ਪ੍ਰਭਾਵਸ਼ਾਲੀ ਅਤੇ ਸੂਖਮ ਦ੍ਰਿਸ਼ਟੀ ਵਾਲੀ ਕਵਿਤਾ ਲਿਖੀ ਹੈ ਭਾਵੇਂ ਕਿ ਮਿਰਜ਼ੇ ਅਤੇ ਸਾਹਿਬਾਂ ਦੀਆਂ ਸ਼ਖ਼ਸੀਅਤਾਂ ਦੇ ਪ੍ਰਭਾਵ ਬਾਕੀ ਲੋਕ-ਕਥਾਵਾਂ ਦੇ ਨਾਇਕ/ਨਾਇਕਾਵਾਂ ਵਾਂਗ ਹਰ ਕਵਿਤਾ ਵਿੱਚ ਅਚੇਤ ਹੀ ਅਭੇਦ ਹਨ। ਹਰਿੰਦਰ ਸਿੰਘ ਮਹਿਬੂਬ ਨੇ ਪਿੰਡ ''ਸ਼ਹਿਰੂਆਣਾ'' ਵਿੱਚ ਕਵਾਲਾਂ ਦੀਆਂ ਕਵਾਲੀਆਂ ਦੇ ਪ੍ਰਭਾਵ ਨੂੰ ਵੀ ਹੱਦੋਂ ਵੱਧ ਆਪਣੀ ਕਵਿਤਾ ਵਿੱਚ ਕਬੂਲਿਆ ਹੈ। ਲੇਖਕ ਤੇ ਮੁਹੰਮਦਪੁਰੇ ਦੇ ਉਸਤਾਦ ਅਬਦੁਲ ਗਫ਼ੂਰ ਖਾਨ, ਜੋ ਕਿ ਸ਼ਹਿਰੂਆਣੇ ਤੋਂ ਮੁਹੰਮਦਪੁਰੇ ਰੋਜ਼ ਪੜ੍ਹਾਉਣ ਆਇਆ ਕਰਦੇ ਸਨ, ਦਾ ਬਹੁਤ ਹੀ ਡੂੰਘਾ ਪ੍ਰਭਾਵ ਪਿਆ। ਲੇਖਕ ਨੇ ਪੂਰਬੀ ਪੰਜਾਬ ਪਹੁੰਚ ਕੇ, ਜਦੋਂ ਅੰਗਰੇਜ਼ੀ ਦਾ ਪ੍ਰੋਫ਼ੈਸਰ ਸੀ, ਇਸ ਨੂੰ ਇੱਕ ਪਿਆਰ ਤੇ ਡੂੰਘੇ ਸਨੇਹ ਵਾਲੀ ਚਿੱਠੀ ਲਿਖੀ ਸੀ ਜਿਸ ਦੇ ਜੁਆਬ ਵਿੱਚ ਉਸਨੇ ਲਿਖਿਆ ਸੀ ਕਿ ''ਮੈਂ ਤੇਰੀ ਚਿੱਠੀ ਪੜ੍ਹਕੇ ਦੋ ਵਾਰ ਰੋਇਆ ਹਾਂ ਅਤੇ ਤੇਰੇ ਸਕੂਲ ਮੁਹੰਮਦਪੁਰੇ, ਜੋ ਕਿ ਅੱਜ-ਕੱਲ੍ਹ ਮਿਡਲ ਸਕੂਲ ਬਣ ਚੁੱਕਿਆ ਹੈ, ਦੇ ਸਮੁੱਚੇ ਵਿਦਿਆਰਥੀਆਂ ਨੂੰ ਵੀ ਮੈਂ ਇਹ ਤੇਰੀ ਮੁਹੱਬਤ ਭਰੀ ਚਿੱਠੀ ਜਦੋਂ ਸੁਣਾਈ ਤਾਂ ਸਾਰੇ ਵਿਦਿਆਰਥੀਆਂ ਦੀਆਂ ਹੈਰਾਨੀ ਅਤੇ ਪਿਆਰ ਨਾਲ ਅੱਖਾਂ ਭਰ ਆਈਆਂ।'' ਅਖ਼ੀਰ 'ਤੇ ਲੇਖਕ ਦੇ ਇਸ ਉਰਦੂ ਵਿੱਚ ਲਿਖੇ ਖ਼ਤ ਵਿੱਚੋਂ ਇੱਕ ਸ਼ਬਦ ਦੀ ਦਰੁਸਤੀ ਵੀ ਕੀਤੀ ਅਤੇ ਅੱਗੇ ਨੂੰ ਠੀਕ ਲਿਖਣ ਦੀ ਅਚੇਤ ਹਦਾਇਤ ਕੀਤੀ। ਜਦੋਂ 1947 ਈ: ਵਿੱਚ, ਸਤੰਬਰ ਦੇ ਨਾ ਭੁੱਲਣ ਵਾਲੇ ਸਾਲ ਅਤੇ ਮਹੀਨੇ ਵਿੱਚ ਲੇਖਕ ਨੂੰ ਪਿੰਡ ਛੱਡਣਾ ਪਿਆ ਤਾਂ ਡਾ: ਗੁਰਪ੍ਰੀਤ ਕੌਰ ਦੇ ਪੀ.ਐਚ.ਡੀ. ਦੇ ਖੋਜ-ਪ੍ਰਬੰਧ ''ਝਨਾਂ ਦੀ ਰਾਤ'' ਵਿੱਚ ਨਾਰੀ ਚੇਤਨਾ ਵਿਸ਼ੇ ਦੇ ਸਬੰਧ ਵਿੱਚ ਲੇਖਕ ਰਾਹੀਂ ਦਿੱਤੀ ਇਟਰਵਿਊ ਵਿੱਚੋਂ ਇਸ ਦਾ ਹਵਾਲਾ ਲੇਖਕ ਦੇ ਆਪਣੇ ਸ਼ਬਦਾਂ ਵਿੱਚੋਂ ਹੀ ਦੇਣਾ ਅਤਿ ਯੋਗ ਸਮਝਦੇ ਹਾਂ:

ਅਸੀਂ ਦੋ ਸੌ ਤੇਤੀ ਚੱਕ (233 ਚੱਕ) ਨੂੰ ਸਤੰਬਰ ਦੇ ਮਹੀਨੇ ਵਿੱਚ ਰਾਤ ਸਮੇਂ ਸਦਾ ਲਈ ਛੱਡ ਦਿੱਤਾ। ਸਾਡੇ ਘਰ ਦੇ ਸਾਹਮਣੇ ਦੀ ਬੈਠਕ ਵਿੱਚ ਗੁਰਤਰਨ ਦਾ ਰਾਗੀ ਪਿਤਾ ਕੋਈ ਰਹੱਸਮਈ ਸਾਜ਼ ਵਜਾ ਰਿਹਾ ਸੀ ਜਿਸ ਨੂੰ ਸੁਣਦਿਆਂ ਮੱਲੋ-ਮੱਲੀ ਸਾਡੀਆਂ ਅੱਖਾਂ ਵਿੱਚ ਹੰਝੂ ਉਮਲਦੇ ਸਨ। ਉਸ ਅਲਬੇਲੇ ਇਨਸਾਨ ਨੇ ਆਪਣੇ ਰੂਹਾਨੀ ਦੇਸ਼ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਵੀਹ ਦਿਨਾਂ ਪਿੱਛੋਂ ਆਪਣੇ ਖੇਤਾਂ ਦੇ ਨੇੜੇ ਹੀ ਸ਼ਹੀਦ ਹੋ ਗਿਆ ਸੀ। ਪਿੰਡ ਨੂੰ ਛੱਡਦਿਆਂ ਸਾਡੇ ਹਰ ਘਰ ਨੇ ਮੱਝਾਂ ਤੇ ਗਾਈਆਂ ਦੇ ਸੰਗਲ ਖੋਲ੍ਹ ਦਿੱਤੇ ਸਨ। ਪਿੰਡ ਵਿੱਚ ਸੌ ਕੁ ਹਥਣੀਆਂ ਵਰਗੀਆਂ ਮੱਝਾਂ ਸਨ। ਇਸ ਸਬੰਧ ਵਿੱਚ ਤੀਸਰੇ ਦਿਨ ਇੱਕ ਅਜਿਹਾ ਚਮਤਕਾਰ ਵਾਪਰਿਆ ਜਿਸ ਦੀ ਦਾਸਤਾਨ ਹੰਝੂਆਂ ਤੋਂ ਵੀ ਡੂੰਘੀ ਹੈ। ਮੇਰੇ ਚਾਚਾ ਜੀ ਸ਼ੰਕਰ ਤੋਂ ਮੁੜ ਪਿੰਡ ਦੇਖਣ ਦੀ ਤੜਪ ਲੈ ਕੇ ਜਦ ਦੋ ਸੌ ਤੇਤੀ ਚੱਕ ਪਹੁੰਚੇ ਤਾਂ ਪਿੰਡ ਦੀਆਂ ਮੱਝਾਂ, ਗਾਈਆਂ, ਵੱਛੇ, ਵੱਛੀਆਂ ਅਤੇ ਕਟਰੂਆਂ ਦਾ ਵੱਡਾ ਵੱਗ ਮੇਰੇ ਚਾਚਾ ਜੀ ਦੇ ਪਿੱਛੇ ਲੱਗ ਤੁਰਿਆ। ਹਰ ਪਸ਼ੂ ਦੀ ਅੱਖ ਵਿੱਚੋਂ ਪਰਲ-ਪਰਲ ਹੰਝੂ ਵਗ ਰਹੇ ਸਨ ਅਤੇ ਚਾਚਾ ਜੀ ਦੇ ਮੋੜਿਆਂ ਵੀ ਮੁੜਦੇ ਨਹੀਂ ਸਨ। ਨਹਿਰ ਦੇ ਪੁਲ ਤੱਕ ਸਾਰੇ ਪਸ਼ੂ ਰੋਂਦੇ ਹੋਏ ਚਾਚਾ ਜੀ ਦੇ ਪਿੱਛੇ-ਪਿੱਛੇ ਆ ਰਹੇ ਸਨ। ਅੰਤ ਬੇਵਸੀ ਵਿੱਚ ਪੁਲ ਦੇ ਨੇੜੇ ਪਹੁੰਚ ਕੇ ਪਸ਼ੂਆਂ ਨੂੰ ਵੀ ਕਿਸੇ ਪ੍ਰਾ-ਸਰੀਰਕ ਦੁਖਾਂਤ ਦੀ ਸਮਝ ਆ ਗਈ ਅਤੇ ਉੱਥੇ ਹੀ ਖਲੋਕੇ ਸਾਰਾ ਵੱਗ ਰੋਂਦਾ ਰਿਹਾ। ਅਸੀਂ ਗੱਡੇ ਜੋੜ ਕੇ ਬੈਲਾਂ ਦੀਆਂ ਟੱਲੀਆਂ ਨੂੰ ਲਾਹ ਕੇ ਨਹਿਰ ਵੱਲ ਇਸ ਤਰ੍ਹਾਂ ਤੁਰ ਪਏ ਜਿਵੇਂ ਧੀ ਆਪਣੇ ਪੇਕੇ ਘਰ ਤੋਂ ਵਿੱਛੜਦੀ ਹੈ। ਅਸੀਂ ਤਿੰਨ ਕਿਲੋਮੀਟਰ ਦੇ ਫ਼ਾਸਲੇ 'ਤੇ ਸ਼ੰਕਰ ਪਿੰਡ ਪੁੱਜੇ। ਪਿੰਡ ਦੇ ਲੋਕਾਂ ਨੇ ਸਾਨੂੰ ਰੱਜ ਕੇ ਮਿਹਣੇ ਮਾਰੇ ਕਿ ''ਕਾਇਰਾਂ ਵਾਂਗ ਕਿਉਂ ਪਿੰਡ ਛੱਡ ਆਏ ਹੋ ? (264-265)

ਇੱਕ ਮਹੀਨਾ ਸ਼ੰਕਰ ਰਹਿਣ ਪਿੱਛੋਂ ਲੇਖਕ ਦਾ ਕਾਫ਼ਲਾ ਲਾਉਕੇ ਤੋਂ ਫਲਾਹੀ ਵਾਲੇ ਪੁੱਜ ਗਿਆ। ਸ਼ੰਕਰ ਰਹਿੰਦਿਆਂ ਵੀ ਮੁਸਲਮਾਨਾਂ ਨੇ ਢੋਲ ਵਜਾ ਕੇ ਪਿੰਡ ਦੇ ਬਾਹਰਲੇ ਪਾਸਿਓਂ ਇੱਕ ਤਕੜਾ ਹਮਲਾ ਕੀਤਾ ਸੀ ਜੋ ਕਿ ਸਿੰਘਾਂ ਨੇ ਪੂਰੀ ਤਾਕਤ ਨਾਲ ਖ਼ਦੇੜ ਦਿੱਤਾ ਸੀ। ਲਾਉਕੇ ਤੋਂ ਫ਼ਲਾਹੀ ਵਾਲਾ ਪਹੁੰਚਣ ਸਮੇਂ ਲੇਖਕ ਦੇ ਕਾਫ਼ਲੇ 'ਤੇ ਮੁਸਲਮਾਨਾਂ ਵੱਲੋਂ ਸਭ ਤੋਂ ਸ਼ਕਤੀਸ਼ਾਲੀ ਹਮਲਾ ਹੋਇਆ ਸੀ ਜਦੋਂ ਮੁਸਲਮਾਨਾਂ ਨੇ ਕਾਫ਼ਲੇ ਦੇ ਨੇੜੇ ਲੱਗਦੇ ਕਮਾਦਾਂ ਅਤੇ ਭਾਰੀਆਂ ਫ਼ਸਲਾਂ ਵਿੱਚ ਵੜ ਕੇ ਰਾਈਫ਼ਲਾਂ ਦੀਆਂ ਪੁਜ਼ੀਸ਼ਨਾਂ ਲੈ ਲਈਆਂ ਸਨ ਪ੍ਰੰਤੂ ਚੰਗੇ ਭਾਗਾਂ ਨੂੰ ਵੱਡੇ ਕਾਫਲੇ ਵਿੱਚੋਂ (ਜੋ ਕਿ ਲਗਭਗ 72 ਪਿੰਡਾਂ ਦਾ ਕਾਫ਼ਲਾ ਸੀ) ਕੁਝ ਪੁਰਾਣੇ ਸੇਵਾ-ਮੁਕਤ ਮਾਹਰ ਫ਼ੌਜੀਆਂ ਦੀ ਦਲੇਰੀ ਅਤੇ ਹੁਸ਼ਿਆਰੀ ਨਾਲ ਅਸੀਂ ਬਚ ਗਏ ਅਤੇ ਮੁਸਲਮਾਨਾ ਨੂੰ ਮੂੰਹ-ਤੋੜਵਾਂ ਉੱਤਰ ਮਿਲਿਆ। ਫ਼ਲਾਹੀ ਵਾਲੇ ਦੇ ਹਮਲੇ ਸਮੇਂ ਦਾ ਜੋ ਦੁਖਾਂਤ ਕਾਫ਼ਲੇ 'ਤੇ ਵਾਪਰਿਆ ਉਸ ਦਾ ਪ੍ਰਮਾਣ ਸੰਖੇਪ ਵਿੱਚ ਲੇਖਕ ਦੇ ਆਪਣੇ ਸ਼ਬਦਾਂ ਵਿੱਚ ਹੀ ਦੇਣਾ ਅਤਿ ਢੁਕਵਾਂ ਹੋਵੇਗਾ :

ਫਿਰ ਅਚਾਨਕ ਮੁਲਸਮਾਨ ਹਮਲਾਵਾਰਾਂ ਨੇ ਢੋਲ ਵਜਾ ਕੇ ਅਤੇ ਨਾਅਰੇ ਲਗਾ ਕੇ ਸਾਡੇ ਉੱਤੇ ਹਮਲੇ ਸ਼ੁਰੂ ਕਰ ਦਿੱਤੇ। ਪਹਿਲਾਂ ਅਸੀਂ ਸ਼ੰਕਰ ਛੱਡ ਕੇ ਸਰੀਂਹ ਪੁੱਜੇ। ਸਰੀਂਹ ਤੋਂ ਬਾਰ ਦੇ ਸੱਠ ਕੁ ਪਿੰਡ ਲਾਉਕੇ ਅਤੇ ਫਲਾਹੀਵਾਲਾ ਇਕੱਠੇ ਹੋ ਗਏ। ਉਦੋਂ ਸਾਡੇ ਸੇਵਾ-ਮੁਕਤ ਫ਼ੌਜੀਆਂ ਨੇ ਸੂਰਮਗਤੀ ਦੇ ਉਹ ਜੌਹਰ ਦਿਖਾਏ ਕਿ ਫ਼ਲਾਹੀ ਵਾਲਾ ਦੀ ਜੰਗ ਸਮੇਂ ਅਠਾਰਵੀਂ ਸਦੀ ਦੀ ਯਾਦ ਤਾਜ਼ਾ ਹੋ ਗਈ। ਅਸੀਂ ਜੀਵਨ ਦੇ ਉਸ ਪੜਾਅ 'ਤੇ ਪਹੁੰਚ ਗਏ ਸੀ ਜਿਸਨੂੰ ਮਾਰਟਿਨ ਲਿੰਗਜ਼ ΦEleventh Hour" ਆਖਦਾ ਹੈ। ਐਨ ਉਸੇ ਸਮੇਂ ਪਾਕ-ਹਿੰਦ ਦੇ ਸਮਝੌਤੇ ਅਨੁਸਾਰ ਸਾਨੂੰ ਸੁਰੱਖਿਅਤ ਰੂਪ ਵਿੱਚ ਲਿਜਾਣ ਲਈ ਗੋਰਖਾ ਮਿਲਟਰੀ ਆ ਹਾਜ਼ਰ ਹੋਈ। ਫਿਰ ਉਹਨਾਂ ਦਿਨਾਂ ਦਾ ਬਿਆਨ ਨਹੀਂ ਹੋ ਸਕਦਾ। ਵੇਦਨਾਂ ਦੇ ਐਨੇ ਰੂਪ ਅਸੀਂ ਦੇਖੇ ਕਿ ਸਦੀਆਂ ਦੇ ਦੁਖਾਂਤ ਵੀ ਉਹਨਾਂ ਨੂੰ ਗਿਣ ਨਹੀਂ ਸਨ ਸਕਦੇ ਕਿਉਂਕਿ ਉਹਨਾਂ ਦਾ ਸਬੰਧ ਰੂਹ ਦੇ ਸਫ਼ਰ ਨਾਲ ਸੀ। ਮੈਂ ਇਹਨਾਂ ਦਿਨਾਂ ਅਤੇ ਹਿੰਦੁਸਤਾਨ ਵਿੱਚ ਆ ਕੇ ਮੁਸਲਮਾਨ ਕਾਫ਼ਲਿਆਂ ਦੇ ਦੁਖੜਿਆਂ ਨੂੰ ਆਪਣੀ ਲੰਮੀਂ ਕਵਿਤਾ ''ਕੁਰਲਾਉਂਦੇ ਕਾਫ਼ਲੇ'' ਵਿੱਚ ਬਿਆਨ ਕੀਤਾ ਹੈ। ਪਰ ਫਿਰ ਵੀ ਉਸਨੂੰ ਇਹ ਆਖਦਿਆਂ ਇਕਹਿਰਾ ਮੰਨਿਆ ਹੈ ਕਿ ''ਮੇਰੇ ਅੰਦਰ ਬੇ-ਪੱਤ ਹੋਈਆਂ ਕੌਮਾਂ ਦੇ ਦੱਬੇ ਹੌਕੇ ਹਨ। ਮੇਰੇ ਅੱਥਰੂ ਵਿੱਚ ਦੈਵੀ ਨਜ਼ਰਾਂ ਨਾਲ ਦਗ਼ਾ ਕਮਾਊ ਉਹਨਾਂ ਸਾਜਿਸ਼ਾਂ ਦੇ ਭੇਦ ਹਨ, ਜਿਨ੍ਹਾਂ ਨੂੰ ਸ਼ੈਤਾਨ ਹਕੂਮਤਾਂ ਨੇ ਸੱਚੇ ਧਰਮਾਂ ਨੂੰ ਕੋਹਣ ਲਈ ਵਰਤਿਆ। ਯਕੀਨ ਕਰਨਾ, ਮੇਰੇ ਅੰਦਰ ਇਖ਼ਲਾਕੀ, ਰੂਹਾਨੀ ਅਤੇ ਮੁਲਕੀ ਪੱਧਰ ਉੱਤੇ ਬੇ-ਵਤਨ ਹੋਣ ਦੀ ਪੀੜ ਇਸ ਕਵਿਤਾ ਨਾਲੋਂ ਕਿਤੇ ਵੱਡੀ ਹੈ। (265)

1947 ਦੀ ਵੰਡ ਸਮੇਂ ਲਗਪਗ ਦੋ ਮਹੀਨਿਆਂ ਵਿੱਚ ਲੇਖਕ ਕਈ ਪਿੰਡਾਂ ਅਤੇ ਸ਼ਹਿਰਾਂ ਵਿੱਚੋਂ ਗੁਜ਼ਰਦਿਆਂ ਆਪਣੇ ਨਾਨਕੇ ਪਿੰਡ ਭੈਣੀ ਮਰਾਝ ਪਹੁੰਚਿਆ। ਲੇਖਕ ਜਦੋਂ ਆਪਣੇ ਨਾਨਕੇ ਪਿੰਡ ਭੈਣੀ ਮਰਾਝ, ਜ਼ਿਲ੍ਹਾ ਸੰਗਰੂਰ ਪਹੁੰਚਿਆ ਤਾਂ ਇੱਥੋਂ ਦੀ ਇੱਕ ਮੁਸਲਮਾਨ ਕੁੜੀ ਜਮੀਲਾਂ, ਜੋ ਕਿ ਸੰਤਾਲੀ ਵੇਲੇ ਏਥੋਂ

ਦੇ ਇੱਕ ਸਧਾਰਨ ਜੱਟ ਨੇ ਉਧਾਲ ਕੇ ਆਪਣੇ ਕੋਲ ਰੱਖੀ ਹੋਈ ਸੀ, ਦੀ ਅਤਿ ਦਰਦ ਭਰੀ ਅਸਹਿ ਕਹਾਣੀ ਨੇ ਲੇਖਕ ਨੂੰ ਜ਼ਿੰਦਗੀ ਭਰ ਲਈ ਝੰਜੋੜ ਕੇ ਰੱਖ ਦਿੱਤਾ ਸੀ। ਜਮੀਲਾਂ ਇੱਕ ਮੁਸਲਮਾਨ ਪ੍ਰੋਫ਼ੈਸਰ ਦੀ ਮੰਗੇਤਰ ਸੀ ਜੋ ਕਿ ਸੰਤਾਲੀ ਦੇ ਦੁਖਾਂਤ ਵਿੱਚ ਘਿਰ ਕੇ ਏਸ ਪਿੰਡ ਆਈ। ਲੇਖਕ ਦੀ ਮਾਸੀ ਕੋਲ ਆ ਕੇ ਉਹ ਹਰ ਰੋਜ਼ ਨਹਾਇਆ ਕਰਦੀ ਸੀ ਅਤੇ ਏਥੇ ਹੀ ਉਹ ਕੁਰਾਨ ਦਾ ਪਾਠ ਕਰਿਆ ਕਰਦੀ ਸੀ। ਇੱਕ ਦਿਨ ਕਿਸੇ ਸ਼ਰਾਰਤੀ ਮੁੰਡੇ ਨੇ ਉਸ ਦਾ ਕੁਰਾਨ ਟੋਭੇ ਵਿੱਚ ਸੁੱਟ ਦਿੱਤਾ ਪ੍ਰੰਤੂ ਜਮੀਲਾਂ ਦੇ ਕੁਰਲਾ ਉੱਠਣ 'ਤੇ ਲੇਖਕ ਦੀ ਮਾਸੀ ਨੇ ਕੁਰਾਨ ਸਲਾਮਤ ਰੂਪ ਵਿੱਚ ਟੋਭੇ ਵਿੱਚੋਂ ਕਢਵਾ ਕੇ ਜਮੀਲਾਂ ਦੇ ਸਪੁਰਦ ਕਰ ਦਿੱਤਾ। ਕੁਰਾਨ ਮਜੀਦ ਦੀ ਹਾਲਤ ਖਸਤਾ ਸੀ ਪ੍ਰੰਤੂ ਫੇਰ ਵੀ ਪੜ੍ਹਨਯੋਗ ਸੀ। ਇੱਕ ਦਿਨ ਜਮੀਲਾਂ ਦੇ ਤਰਲੇ ਮਿੰਨਤਾਂ ਸਦਕਾ ਲੇਖਕ ਦੀ ਮਾਸੀ ਨੇ ਕਿਸੇ ਬੰਦੇ ਦੀ ਘੋੜੀ ਤੇ ਚੜ੍ਹਾ ਕੇ ਜਮੀਲਾਂ ਨੂੰ ਮਲੇਰਕੋਟਲਾ ਛੱਡ ਆਉਣ ਲਈ ਕਿਹਾ ਪ੍ਰੰਤੂ ਨਹਿਰ ਦੇ ਕੰਢੇ ਤੇ ਕੁਝ ਹੋਰ ਹਮਲਾਵਰਾਂ ਨੇ ਜਦੋਂ ਜਮੀਲਾਂ 'ਤੇ ਹਮਲਾ ਕਰਰ ਦਿੱਤਾ ਤਾਂ ਜਮੀਲਾਂ ਨੇ ਨਹਿਰ ਵਿੱਚ ਛਾਲ ਮਾਰ ਕੇ ਆਪਣੇ ਦੁੱਖਦਾਈ ਜੀਵਨ ਦਾ ਸਦਾ ਲਈ ਅੰਤ ਕਰ ਲਿਆ। ਲੇਖਕ ਦੇ ਮਨ 'ਤੇ ਜਮੀਲਾਂ ਅਤੇ ਜਮੀਲਾਂ ਜੇਹੀਆਂ ਹੋਰ ਕੁੜੀਆਂ ਦੇ ਦੁਖਾਂਤ ਦਾ ਆਤਮਾ ਨੂੰ ਝੰਜੋੜ ਦੇਣ ਵਾਲਾ ਸਦੀਵੀ ਅਸਰ ਸੀ ਜੋ ਕਿ ਲੇਖਕ ਆਪਣੇ ਜੀਵਨ ਅਤੇ ਕਵਿਤਾ ਵਿੱਚ ਲਗਾਤਾਰ ਪਾਲਿਆ, ਸ਼ਕਲਾਂ ਵਟਾ-ਵਟਾ ਕੇ ਪਾਲਦਾ ਰਿਹਾ।

ਵੰਡ ਪਿੱਛੋਂ ਲੇਖਕ ਪਹਿਲਾਂ ਕੁਝ ਦੇਰ ਆਪਣੇ ਨਾਨਕੇ ਪਿੰਡ ਮਰਾਝ ਠਹਿਰਿਆ ਅਤੇ ਫ਼ੇਰ ਆਪਣੇ ਪਰਿਵਾਰ ਸਮੇਤ ਰੰਚਣਾਂ ਪਿੰਡ ਆ ਗਿਆ। ਇਸ ਪਿੰਡ ਦੀ ਨਹਿਰ ਦੇ ਕੰਢੇ 'ਤੇ ਲੇਖਕ ਨੇ ਕੁਝ ਸਮਾਂ ਨਹਿਰੋਂ ਪਾਰ ਮੱਝਾਂ ਵੀ ਚਾਰੀਆਂ ਸਨ। ਇਸ ਪਿੱਛੋਂ ਧੂਰੀ ਸ਼ਹਿਰ ਦੇ ਮਾਲਵਾ ਖ਼ਾਲਸਾ ਸਕੂਲ ਵਿੱਚੋਂ ਲੇਖਕ ਨੇ ਛੇਵੀਂ ਜਮਾਤ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤੀ। ਲੇਖਕ ਰੰਚਣਾਂ ਤੋਂ ਧੂਰੀ ਤੱਕ ਦਾ ਕੋਈ ਚਾਰ ਮੀਲ ਦਾ ਪੈਂਡਾ ਹਰ ਰੋਜ਼ ਤੁਰ ਕੇ ਹੀ ਤੈਅ ਕਰਿਆ ਕਰਦਾ ਸੀ। 1950 ਈ: ਵਿੱਚ ਲੇਖਕ ਦੇ ਪਿਤਾ ਨੂੰ ਬਾਰ ਦੇ ਮੁਰੱਬਿਆਂ ਵਾਲੀ ਜ਼ਮੀਨ ਭੂੰਦਾਂ ਪਿੰਡ ਵਿੱਚ ਅਲਾਟ ਹੋ ਗਈ ਜਿੱਥੇ ਲੇਖਕ ਅਖ਼ੀਰ ਤੱਕ ਰਿਹਾ, ਭਾਵੇਂ ਕਿ ਬਹੁਤਾ ਸਮਾਂ ਉਹਨਾਂ ਨੇ ਗੜ੍ਹਦੀ ਵਾਲਾ ਵਿਖੇ ਹੀ ਗੁਜ਼ਾਰਿਆ। ਲੇਖਕ ਨੇ ਅੱਠਵੀਂ ਅਤੇ ਦਸਵੀਂ ਸ਼੍ਰੇਣੀ ਦੀ ਵਿੱਦਿਆ ਪਬਲਿਕ ਸਕੂਲ, ਅਮਰਗੜ੍ਹ ਤੋਂ ਪਹਿਲੇ ਸਥਾਨ 'ਤੇ ਰਹਿ ਕੇ ਹਾਸਲ ਕੀਤੀ। ਭੂੰਦਾਂ ਪਿੰਡ ਦੀ ਮਸਜਿਦ, ਏਥੋਂ ਦੀਆਂ ਖਾਨਗਾਹਾਂ ਅਤੇ ਸੰਘਣੀ ਢੱਕੀ ਅਤੇ ਦੂਰ ਤੱਕ ਫ਼ੈਲੇ ਜੰਗਲ ਦਾ ਡੂੰਘਾ ਅਸਰ ਲੇਖਕ ਦੀਆਂ ਰਚਨਾਵਾਂ ਅਤੇ ਜੀਵਨ 'ਤੇ ਵਿਸ਼ੇਸ਼ ਕਰਕੇ ਪਿਆ। ਏਸ ਪਿੰਡ ਦੇ ਨਾਲ ਹੀ ਅਮਰਗੜ੍ਹ ਵਾਲੇ ਪਾਸ, ਰਸਤੇ ਦੇ ਨਾਲ ਹੀ ਕਰਤਾਰ ਸਿੰਘ ਦੀਵਾਨੇ ਦਾ ਸੰਤਰਿਆਂ ਦਾ ਇੱਕ ਵੱਡਾ ਬਾਗ ਸੀ ਜਿਸ ਵਿੱਚ ਬੈਠ ਕੇ ਲੇਖਕ ਨੇ ਅਗਲੀ ਪੜ੍ਹਾਈ ਵੀ ਕੀਤੀ ਅਤੇ ਇਸ ਬਾਗ ਦੀ ਵੰਨ-ਸੁਵੰਨੀ ਸੁੰਦਰਤਾ ਉੱਪਰ ਢੇਰ ਕਵਿਤਾਵਾਂ ਰਚੀਆਂ ਜੋ ਕਿ 'ਪਿਆਰ ਦੇ ਦੇਸ਼' ਵਿੱਚ ਵਿਸ਼ੇਸ਼ ਤੌਰ 'ਤੇ ਪ੍ਰਾਪਤ ਹਨ। ਭੂੰਦਾਂ ਪਿੰਡ ਦੀ ਮਸਜਿਦ ਅਤੇ ਏਥੋਂ ਦੀਆਂ ਖਾਨਗਾਹਾਂ ਦੀਆਂ ਕਬਰਾਂ ਉੱਪਰ ਲੇਖਕ ਨੇ ਅਧਿਆਤਮਕ ਦ੍ਰਿਸ਼ਟੀ ਤੋਂ ਅਨੇਕ ਕਵਿਤਾਵਾਂ ਰਚੀਆਂ ਹਨ, ਜਿਨ੍ਹਾਂ ਵਿੱਚ ਅਤਿ ਵੈਰਾਗ ਭਰਿਆ ਸੂਫ਼ੀ ਰੰਗ ਵਿਸ਼ੇਸ਼ ਹੈ। ਭੂੰਦਾਂ ਪਿੰਡ ਦੀ ਢੱਕੀ ਦੇ ਜੇਠ-ਹਾੜ੍ਹ ਦੀ ਰੁੱਤੇ ਖਿੜੇ ਕੇਸੂ ਦੇ ਸੂਹੇ ਫੁੱਲਾਂ ਉੱਪਰ ਕਵੀ ਨੇ ਵਿਲੱਖਣ ਵਿਸ਼ੇਸ਼ਤਾ ਵਾਲੀਆਂ ਕਵਿਤਾਵਾਂ ਰਚੀਆਂ ਹਨ।

ਮੈਂ ਕੇਸੂ ਸਿਖਰ ਦੁਪਹਿਰਾਂ ਦਾ,
ਧੁਪ ਵਣਾਂ ਕਰੀਰਾਂ ਸੇਕਾਂ ਵੋ,
ਤੇਰੇ ਸੰਤਰਿਆਂ ਦੇ ਬਾਗਾਂ ਵਿੱਚ
ਨਾ ਕੂਣ ਹਥਾਂ ਦੀਆਂ ਰੇਖਾਂ ਵੋ,
ਜਾਂ ਵੱਗੀ ਵਾਉ ਤੇ ਕਬਰਾਂ ਰੁੰਨੀਆਂ ਵੇ,
ਕਿੰਜ ਦਰਦ ਛੁਪਾਉਣ ਵਿਛੁੰਨੀਆਂ ਵੋ,
ਮੈਨੂੰ ਦਿਸਣ ਕਾਫ਼ਲੇ ਰੋਹੀਆਂ ਵਿੱਚ ,
ਜਦ ਨਜ਼ਰ ਮਸੀਤਾਂ ਦੀ ਹੁੰਨੀਆਂ ਵੋ।

ਲੇਖਕ ਨੇ ਏਥੇ ਜੋ ਕਵਿਤਾਵਾਂ ਰਚੀਆਂ ਉਹ ਭਾਵੇਂ ਨਿੱਕੀਆਂ ਕਵਿਤਾਵਾਂ ਹਨ ਜਾਂ ਲੰਮੀਆਂ, ਇਹਨਾਂ ਵਿੱਚ ਅਣਵੰਡੇ ਪੰਜਾਬ ਦੀ ਭਰਵੀਂ ਸ਼ਮੂਲੀਅਤ ਹੈ ਅਤੇ ਪੁਰਾਣੇ ਪੰਜਾਬ ਦੀਆਂ ਅਨੰਤ ਪ੍ਰੰਪਰਾਵਾਂ ਦਾ ਸਮੂਹਿਕ ਮੇਲ ਅਤੇ ਅਭੇਦਤਾ ਹੈ। ਲੇਖਕ ਨੇ ਆਪਣੇ ਹੁਣ ਵਾਲੇ ਪਿੰਡ ਭੂੰਦਾਂ ਉੱਪਰ ਵੀ ਇੱਕ ਅਤਿ ਵਿਲੱਖਣ ਅਤੇ ਵਿਸ਼ੇਸ਼ ਕਵਿਤਾ ਦੀ ਰਚਨਾ ਕੀਤੀ ਹੈ, ਜਿੱਥੋਂ ਭੂੰਦਾਂ ਪਿੰਡ ਦਾ ਪੁਰਾਣਾ ਘਰ ਈਡਨ ਦਾ ਬਾਗ ਜਾਂ ਹੀਰ ਵਾਰਿਸ ਦੇ ਕਾਲੇ ਬਾਗ ਸਮਾਨ ਹੀ ਕੋਈ ਅਗਲਾ ਇਸੇ ਤਰਤੀਬ ਵਿੱਚ ਵਿਕਾਸ ਦਾ ਘਰ ਜਾਂ ਬਾਗ ਹੀ ਜਾਪਦਾ ਹੈ:

ਤੇਰੇ ਖੰਡਰਾਂ ਨਾਲ ਮੈਂ ਅਸਮਾਨ ਨੂੰ ਮੇਚਾਂ,
ਤੇਰੇ ਬ੍ਰਿਛਾਂ ਹੇਠ ਸੀ ਕੁਝ ਮਿਲੇ ਦਿਲਾਸੇ।
ਪਾਕ ਮਸੀਤ 'ਚ ਕਰਾਂ ਮੈਂ ਬਹਿਯਾਦ ਝਨਾਵਾਂ,
ਸਾਉਣ ਮਾਹ ਦੇ ਸਦਾ ਹੀ ਮੈਨੂੰ ਰਹੇ ਧਰਵਾਸੇ।

ਪਰਬਤ ਵਾਗੂੰ ਖੜਾ ਹੈ ਇਕਰਾਰ ਜੋ ਮੇਰਾ,
ਡਾਢੇ ਸ਼ਹੁ ਵਿੱਚ ਖੁਰੇ ਪਈ, ਜਿੰਦ ਵਾਂਗ ਪਤਾਸੇ (੩੫੨-੫੩)

ਝੂੰਦਾਂ ਪਿੰਡ ਦੀਆਂ ਰੋਹੀਆਂ ਉੱਪਰ ਹਰਿੰਦਰ ਨੇ ਅਨੇਕ ਭਾਂਤ ਦੀਆਂ ਕਵਿਤਾਵਾਂ ਰਚੀਆਂ ਹਨ, ਜਿਨ੍ਹਾਂ ਵਿੱਚ ਕੁਦਰਤ, ਪਸ਼ੂ, ਪੰਛੀ, ਬਨਾਸਪਤੀ ਦੇ ਵਿਭਿੰਨ ਜਲਵੇ ਅਤੇ ਵਿਸ਼ੇਸ਼ ਕਰਕੇ ਪੰਜਾਬਣ ਇਸਤਰੀ ਦੀ ਸੁੰਦਰਤਾ ਨੂੰ ਖਵਾਜਾ ਗ਼ੁਲਾਮ ਫ਼ਰੀਦ ਵਾਲੀ ''ਰੋਹੀ ਦੀਆਂ ਜੱਟੀਆਂ'' ਨਾਲੋਂ ਅਗਲੇ ਆਖਰੀ ਟਿਕਾਣਾ ਦਸਦੇ ਗੁਰੂ/ਪੈਗੰਬਰ, ਚਿੰਤਨ ਦੀਆਂ ਹੱਦਾਂ ਵਿੱਚ ਖੜ੍ਹਾ ਇਸ਼ਕ ਵਲਵਲਾ ਅਤੇ ਰੂਹਾਨੀਅਤ ਦੇ ਰੰਗ ਵਿੱਚ ਰੰਗਿਆ ਨਾਰੀ ਹੁਸਨ ਦੇ ਪ੍ਰਸੰਗ ਵਿੱਚ ਮਹਾਨ ਕਵੀ ਆਵੇਸ਼ ਰਾਹੀਂ ਪੇਸ਼ ਕੀਤਾ ਹੈ, ਜਿਥੋਂ ਇਹ ਤਿੰਨੇ ਮਹਾਨ ਪ੍ਰਭਾਵ ਇੱਕ ਬਝਵੇ ਤਾਲ ਵਿੱਚ ਇੱਕੋ ਸਰੀਰ ਵਿੱਚ ਤਰ੍ਹਾਂ-ਤਰ੍ਹਾਂ ਪੇਸ਼ ਹੋਏ ਹਨ :

ਤੇਰੇ ਵਾਂਗ ਹਵਾ ਵਿੱਚ ਵਲ ਪੈਂਦੇ,
ਜਦ ਤੇਰਾ ਹਵਾ ਨੂੰ ਨਾਂ ਦਸੀਏ,
ਉਹਦੀ ਗੋਦੀ ਤਰੇਲ ਦੇ ਫਲ ਪੈਂਦੇ,
ਤੈਨੂੰ ਢੱਕੀ ਦੇ ਵਿੱਚ ਭਾਲਣ ਲਈ,
ਅਸੀਂ ਨਾਲ ਸ਼ੌਦਾਈਆਂ ਰਲ ਪੈਂਦੇ,
ਤੇਰੀ ਖੇਡ ਨੂੰ ਚਾਲੂ ਰੱਖਣ ਲਈ,
ਤੇਰੇ ਦੀਵੇ ਅੰਬਰੀ ਬਲ ਪੈਂਦੇ,
ਤੇਰੇ ਵਾਂਗ ਹਵਾ ਵਿੱਚ ਵਲ ਪੈਂਦੇ।

ਦਸਵੀਂ ਪਾਸ ਕਰਨ ਉਪਰੰਤ ਹਰਿੰਦਰ ਸਿੰਘ ਮਹਿਬੂਬ ਨੇ ਸਰਕਾਰੀ ਪ੍ਰਾਇਮਰੀ ਸਕੂਲ ਮਹਿਲਕਲਾਂ (ਬਰਨਾਲਾ), ਸਰਕਾਰੀ ਮਿਡਲ ਸਕੂਲ, ਧਰਮਗੜ੍ਹ ਅਤੇ ਸਰਕਾਰੀ ਮਿਡਲ ਸਕੂਲ, ਛਾਜਲੀ ਵਿੱਚ ਬਤੌਰ ਅਧਿਆਪਕ ਕੁਝ ਸਮਾਂ ਨੌਕਰੀ ਕੀਤੀ। ਏਸ ਨੌਕਰੀ ਦੌਰਾਨ ਹੀ ਲੇਖਕ ਨੇ ਪ੍ਰਾਈਵੇਟ ਬੀ.ਏ. ਪਾਸ ਕੀਤੀ। ਇਸ ਪਿੱਛੋਂ ਝੂੰਦਾਂ ਪਿੰਡ ਦੇ ਹਰਿੰਦਰ ਸਿੰਘ ਮਹਿਬੂਬ ਦੇ ਗੂੜ੍ਹੇ ਦੋਸਤ ਪ੍ਰੀਤਮ ਸਿੰਘ ਸਿੱਧੂ ਦੀ ਪ੍ਰੇਰਨਾ ਸਦਕਾ ਹਰਿੰਦਰ ਸਿੰਘ ਨੇ ਮਹਿੰਦਰਾ ਕਾਲਜ ਪਟਿਆਲਾ ਵਿੱਚ ਐਮ.ਏ. ਪੰਜਾਬੀ ਵਿੱਚ ਦਾਖਲਾ ਲਿਆ। ਏਥੇ ਹਰਿੰਦਰ ਸਿੰਘ ਮਹਿਬੂਬ ਨੇ ਆਪਣੇ ਦੋਸਤਾਂ ਵਿੱਚ ਕਵੀ ਅਤੇ ਦੋਸਤ ਦੇ ਤੌਰ 'ਤੇ ਗੂੜ੍ਹਾ ਰਿਸ਼ਤਾ ਸਥਾਪਤ ਕਰ ਲਿਆ। ਇਹਨਾਂ ਵਿੱਚ ਨਵਤੇਜ ਭਾਰਤੀ, ਗੁਰਭਗਤ ਸਿੰਘ, ਲਾਲੀ ਬਾਬਾ, ਪ੍ਰੇਮ ਪਾਲੀ, ਹਰਿਭਜਨ ਸਿੰਘ ਅਤੇ ਕੁਲਵੰਤ ਗਰੇਵਾਲ ਆਦਿ ਵਿਸ਼ੇਸ਼ ਸਨ। ਏਸ ਸਮੇਂ ਕਵੀ ਨੇ ਬਹੁਤ ਸਾਰੀਆਂ ਕਵਿਤਾਵਾਂ ਰਚੀਆਂ ਜਿਹਨਾਂ ਵਿੱਚ ''**ਵਣ ਵੈਰਾਗ**'', ''**ਰੁੱਤਾਂ ਦੇ ਭੇਦ ਭਰੇ ਖ਼ਤ**'', ਅਤੇ ''**ਪਿਆਰੇ ਦਾ ਦੇਸ**'' ਪੁਸਤਕਾਂ ਦੀਆਂ ਕਵਿਤਾਵਾਂ ਵਿਸ਼ੇਸ਼ ਕਰਕੇ ਰਚੀਆਂ ਗਈਆਂ।

**ਐਮ.ਏ. ਪੰਜਾਬੀ** ਕਰਨ ਸਮੇਂ ਲੇਖਕ ਨੇ ਭਾਰਤੀ ਧਰਮ-ਗ੍ਰੰਥਾਂ ਅਤੇ ਭਾਰਤੀ ਸਾਹਿਤ ਦਾ ਦੀਰਘ ਅਧਿਐਨ ਕੀਤਾ। ਚਾਰੇ ਵੇਦ, ਉਪਨਿਸ਼ਦਾਂ, ਸ਼ਾਸਤਰਾਂ ਅਤੇ ਪੁਰਾਣਾਂ ਦਾ ਅਧਿਐਨ ਕਵੀ ਨੇ ਬਾਕਾਇਦਾ ਨੋਟਸ ਬਣਾ ਕੇ ਕੀਤਾ। ਇਸ ਤੋਂ ਬਿਨਾਂ ਅਰਬਿੰਦੂ ਘੋਸ਼ ਰਾਧਾ ਕ੍ਰਿਸ਼ਨ ਆਦਿ ਦੇ ਰਿਗਵੇਦ ਉੱਪਰ ਦਿੱਤੇ ਵਿਚਾਰਾਂ ਨੂੰ ਵੀ ਆਪਣੇ ਮੌਲਿਕ ਦ੍ਰਿਸ਼ਟੀਕੋਣ ਰਾਹੀਂ ਪੜ੍ਹਿਆ। ਕਾਲੀਦਾਸ, ਰਬਿੰਦਰ ਨਾਥ ਟੈਗੋਰ, ਜੈ ਸ਼ੰਕਰ ਪ੍ਰਸ਼ਾਦ ਅਤੇ ਸਵਾਮੀ ਵਿਵੇਕਾਨੰਦ ਦੀਆਂ ਰਚਨਾਵਾਂ ਦਾ ਵੀ ਅੰਤਰ ਧਿਆਨ ਹੋ ਕੇ ਅਧਿਐਨ ਕੀਤਾ। ਲੇਖਕ ਨੇ ਵਿਸ਼ਵ ਧਰਮਾਂ ਜਿਵੇਂ ਕਿ ਬੁੱਧ ਮੱਤ, ਜੈਨ ਮੱਤ, ਤਾਉਵਾਦ, ਪੁਰਾਣੀ ਤੇਰਵੀਂ ਬਾਈਬਲ ਅਤੇ ਇਸਲਾਮ ਧਰਮ ਦਾ ਅਨੁਭਵੀ ਆਵੇਸ਼ ਰਾਹੀਂ ਅਧਿਐਨ ਕੀਤਾ। ਯੂਨਾਨ ਅਤੇ ਰੋਮ ਦੀਆਂ ਮਿੱਥਾਂ ਦੇ ਨਾਲ ਸੁਕਰਾਤ, ਪਲੈਟੋ ਅਤੇ ਅਰਸਤੂ ਦੇ ਅਧਿਐਨ ਦੇ ਨਾਲ ਜਰਮਨ ਦੇ ਫ਼ਿਲਾਸਫ਼ਰਾਂ ਜਿਵੇਂ ਕਿ ਹੀਗਲ, ਦਾਂਤੇਂ, ਗੋਇਟੇ ਅਤੇ ਨੀਸ਼ੇ ਆਦਿ ਦਾ ਕਿਸੇ ਦੂਰਦਰਸ਼ੀ ਦ੍ਰਿਸ਼ਟੀ ਅਧੀਨ ਅਧਿਐਨ ਕੀਤਾ। ਇਸ ਤੋਂ ਇਲਾਵਾ ਰੂਸ ਦੇ ਮਹਾਨ ਲੇਖਕ ਜਿਵੇਂ ਕਿ ਦੋਸਤੋਵਸਕੀ, ਟਾਲਸਟਾਏ, ਪੁਤੁਰਾਗਨੇਵ, ਚੈਖੋਵ ਅਤੇ ਗੋਰਕੀ ਆਦਿ ਦੀਆਂ ਰਚਨਾਵਾਂ ਨੂੰ ਲੇਖਕ ਨੇ ਪੜ੍ਹਨ ਦੇ ਨਾਲ ਇਹਨਾਂ ਉਪਰੋਕਤ ਸ਼੍ਰੋਮਣੀ ਸਾਹਿਤਕਾਰਾਂ ਵਿੱਚੋਂ ਕਈਆਂ ਉੱਪਰ ਉਸ ਵੇਲੇ ਆਲੋਚਨਾਤਮਕ ਲੇਖ ਵੀ ਲਿਖੇ। ਟਾਲਸਟਾਏ ਅਤੇ ਟੈਗੋਰ ਉੱਤੇ ਲੇਖਕ ਨੇ ਜੋ ਲੇਖ ਲਿਖੇ, ਉਹਨਾਂ ਨੂੰ ਪੜ੍ਹ ਕੇ ਸੰਤ ਸਿੰਘ ਸੇਖੋਂ ਨੇ ਇੱਕ ਬੈਠਕ ਵਿੱਚ ਜ਼ੁਬਾਨੀ ਇਹ ਆਖਿਆ ਸੀ ਕਿ ''ਅਸਲ ਆਲੋਚਕ ਵਾਲੀ ਪਹੁੰਚ ਤੇਰੇ ਕੋਲ ਹੀ ਹੈ।'' ਇਹਨਾਂ ਦਿਨਾਂ ਵਿੱਚ ਹੀ ਲੇਖਕ ਹਰਿੰਦਰ ਸਿੰਘ ਮਹਿਬੂਬ ਨੇ ''ਰਿਗਵੇਦ ਦੀਆਂ ਆਵਾਜ਼ਾਂ'' ਦੇ ਸਿਰਲੇਖ ਥੱਲੇ ਇੱਕ ਲੇਖ ਲਿਖਿਆ ਸੀ ਜਿਸ ਨੂੰ ਪੜ੍ਹ ਕੇ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਵਿਦਿਆ ਭਾਸਕਰ ਅਰੁਣ ਨੇ ਹਰਿੰਦਰ ਸਿੰਘ ਮਹਿਬੂਬ ਨੂੰ ਇੱਕ ਡੂੰਘੀ ਸੂਝ ਵਾਲਾ ਵਿਦਵਾਨ ਮੰਨਿਆ ਸੀ। ਲੇਖਕ ਨੇ ਸਾਰੇ ਦੇ ਸਾਰੇ ਅੰਗਰੇਜ਼ੀ ਰੋਮਾਂਟਿਕ ਕਵੀਆਂ ਦਾ ਵੀ ਅਧਿਐਨ ਕੀਤਾ ਹੋਇਆ ਸੀ। ਵਿਸ਼ਵ ਦੇ ਮਹਾਨ ਕਵੀਆਂ ਜਿਵੇਂ ਕਿ ਹੋਮਰ, ਵਰਜਲ, ਦਾਂਤੇ, ਮਿਲਟਨ, ਵਰਡਜ਼ਵਰਥ, ਮੌਲਾਨਾ ਰੂਮੀ, ਐਡਵਿਨ ਆਰਨਡਲ ਅਤੇ ਰੋਸਤੋਵੈਲੀ ਆਦਿ ਦੇ ਮਹਾਂਕਾਵਿ ਦਾ ਵੀ ਕਵੀ ਨੇ ਵਿਸ਼ੇਸ਼ ਤੌਰ 'ਤੇ ਅਧਿਐਨ ਕੀਤਾ ਅਤੇ ਇਲੀਅਡ, ਓਡੀਸੀ, ਏਨੀਡ, ਦੀ ਡਿਵਾਇਨ ਕਾਮੇਡੀ,

ਮਸਨਵੀ (ਮੌਲਾਨਾ ਰੂਮੀ) ਦੀ ਪਰਿਲਿਓਡ ਅਤੇ ਦੀ ਲਾਈਟ ਆਫ਼ ਏਸ਼ੀਆ ਆਦਿ ਮਹਾਂਕਾਵਿ ਦੇ ਕਾਵਿਕ ਆਵੇਸ਼ ਨੂੰ ਲਗਾਤਾਰ ਆਪਣੇ ਅਨੁਭਵ ਵਿੱਚ ਪਾਲਦਾ ਰਿਹਾ।

ਇਸ ਦਾ ਮੂਲ ਕਾਰਣ ਇਹ ਹੈ ਕਿ ਹਰਿੰਦਰ ਸਿੰਘ ਮਹਿਬੂਬ ਕਰਮਵਾਰ ਵਾਰਤਕ, ਕਵਿਤਾ ਅਤੇ ਮਹਾਂਕਾਵਿ ਦੀ ਰਚਨਾ ਦੀ ਲਗਾਤਾਰ ਤੀਹ ਸਾਲ ਤਿਆਰੀ ਕਰਦਾ ਰਿਹਾ। ਉਸਨੇ "**ਸਹਿਜੇ ਰਚਿਓ ਖ਼ਾਲਸਾ**", ਜੋ ਕਿ ਵਾਰਤਕ ਵਿੱਚ ਰਚੀ ਗਈ ਪੁਸਤਕ ਹੈ, ਦੀ ਰਚਨਾ ਅਸਵਘੋਸ਼ ਦੀ ਜਗਤ ਪ੍ਰਸਿੱਧ ਪੁਸਤਕ "ਦੀ ਅਵੇਕਨਿੰਗ ਆਫ਼ ਫੇਥ" ਦੇ ਸਾਹਿਤਕ ਮਿਆਰ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਹੈ। ਇਹ ਪੁਸਤਕ ਕਰਮਵਾਰ ਅੱਠ ਪੁਸਤਕਾਂ ਦਾ ਇੱਕ ਸੰਗ੍ਰਿਹ ਹੈ, ਜੋ ਕਿ 1230 ਸਫ਼ੇ ਦੇ ਲਗਭਗ ਹੈ। ਡਾ. ਹਰਿਭਜਨ ਸਿੰਘ ਨੇ ਇਸ ਕਿਤਾਬ ਦੇ ਲੋਕ-ਅਰਪਣ ਸਮੇਂ ਕਿਹਾ ਸੀ ਕਿ "**ਇਸ ਕਿਤਾਬ ਦੀ ਰਚਨਾ ਵਿੱਚ ਘੱਟੋ ਘੱਟ ਪੰਦਰਾਂ ਸਾਲ ਜ਼ਰੂਰ ਲੱਗੇ ਹੋਣਗੇ।**" ਇੱਕ ਚਿੱਠੀ ਵਿੱਚ ਵੀ ਡਾ: ਹਰਿਭਜਨ ਸਿੰਘ ਨੇ ਲਿਖਿਆ ਸੀ ਕਿ "ਸਹਿਜੇ ਰਚਿਓ ਖ਼ਾਲਸਾ" ਇੱਕ ਵਿਸ਼ਾਲ ਮਹਾਂਕਾਵਿ ਹੈ ਜਿਹੜਾ ਮਨਮਰਜ਼ੀ ਨਾਲ ਆਪਣੇ ਵਹਿਣ ਬਦਲਦਾ ਹੈ ਅਤੇ ਜਿਸਨੂੰ ਕੋਈ ਵੀ ਸਮਝੌਤਾ ਮਨਜ਼ੂਰ ਨਹੀਂ।

ਹਰਿੰਦਰ ਸਿੰਘ ਮਹਿਬੂਬ ਨੇ ਕਵਿਤਾ ਵਿੱਚ ਰਚੀ ਪੁਸਤਕ "**ਝਨਾਂ ਦੀ ਰਾਤ**", ਜੋ ਕਿ ਕਰਮਵਾਰ ਸੱਤ ਕਾਵਿ-ਪੁਸਤਕਾਂ ਦਾ ਇੱਕ ਸੰਗ੍ਰਿਹ ਹੈ, ਦੇ ਮੁੱਖ-ਬੰਦ ਵਿੱਚ ਜੋ ਲੰਮੀ ਭੂਮਿਕਾ ਲਿਖੀ ਹੈ, ਵਿਸ਼ਵ ਸਾਹਿਤ ਦੇ ਕਾਵਿ-ਸ਼ਾਸਤਰ ਵਿੱਚ ਇਸਦਾ ਕੋਈ ਵੀ ਮੁਕਾਬਲਾ ਨਹੀਂ ਹੈ। ਸਾਧਾਰਨ ਕਵਿਤਾ, ਮਹਾਨ ਕਵਿਤਾ, ਨਿੱਕੀਆਂ ਕਵਿਤਾਵਾਂ ਅਤੇ ਲੰਮੀਆਂ ਕਵਿਤਾਵਾਂ ਵਿੱਚ ਮਹਾਂਕਾਵਿਕ ਸਿਫ਼ਤਾਂ ਕਦੋਂ ਅਤੇ ਕਿਵੇਂ ਹੁੰਦੀਆਂ ਹਨ; ਲੋਕ ਸਾਹਿਤ, ਮਹਾਂਕਾਵਿ, ਮਿੱਥ, ਪ੍ਰਤੀਕ ਅਤੇ ਇਸ਼ਕ ਵਲਵਲਾ ਆਦਿ ਦੇ ਪ੍ਰਸੰਗ ਵਿੱਚ ਕਵੀ ਨੇ ਜੋ ਵਿਆਖਿਆ ਕੀਤੀ ਹੈ ਉਹ ਇੱਕ ਅਤਿ ਨਿਵੇਕਲੇ ਅਤੇ ਨਿਰਾਲੇ ਅੰਦਾਜ਼ ਵਿੱਚ ਪਹਿਲੀ ਵਾਰ ਵਿਸ਼ਵ ਸਾਹਿਤ ਵਿੱਚ ਸਾਹਮਣੇ ਆਈ ਹੈ। ਵਿਸ਼ਵ ਦੇ ਸਾਹਿਤਕਾਰਾਂ ਜਿਵੇਂ ਕਿ ਕਵੀ, ਨਾਵਲਕਾਰ, ਕਹਾਣੀਕਾਰ, ਨਾਟਕਾਰ ਅਤੇ ਗਦਕਾਰ ਆਦਿ ਦੀ ਵਿਸ਼ਵ ਸਾਹਿਤ ਦੇ ਪ੍ਰਸੰਗ ਵਿੱਚ ਜੋ ਨਿਸ਼ਾਨ ਦੇਹੀ ਕੀਤੀ ਹੈ, ਉਸ ਉੱਪਰ ਕਿਤੇ ਵੀ ਪਾਠਕ ਨੂੰ ਕੋਈ ਕਿੰਥੁ-ਪ੍ਰੰਤੂ ਨਹੀਂ ਹੁੰਦਾ ਕਿਉਂਕਿ ਕਵੀ ਕੋਲ ਹਰ ਸਾਹਿਤਕਾਰ ਦੀ ਪ੍ਰਤਿਭਾ ਨਾਲ ਨਿਆਂ ਕਰਨ ਵਾਲੀ ਦੂਰਦਰਸ਼ੀ ਦ੍ਰਿਸ਼ਟੀ, ਵਿਸ਼ਵ ਸਾਹਿਤ ਦੇ ਅਧਿਐਨ ਦਾ ਅਭਿਆਸ ਅਤੇ ਸੁਹਿਰਦ ਨਿਰਲੇਪਤਾ ਸੀ।

**ਲੇਖਕ ਨੇ ਐਮ.ਏ. ਅੰਗਰੇਜ਼ੀ ਪ੍ਰਾਈਵੇਟ ਤੌਰ 'ਤੇ ਕੀਤੀ ਅਤੇ ਸਤੰਬਰ 1968 ਤੋਂ ਖ਼ਾਲਸਾ ਕਾਲਜ, ਗੜ੍ਹਦੀਵਾਲਾ ਵਿਖੇ 29 ਸਾਲ ਬਤੌਰ ਅੰਗਰੇਜ਼ੀ ਦਾ ਪ੍ਰੋਫ਼ੈਸਰ ਨੌਕਰੀ ਕੀਤੀ।** ਗੜ੍ਹਦੀ ਵਾਲੇ ਦੇ ਲੋਕ, ਵਿਸ਼ੇਸ਼ ਤੌਰ 'ਤੇ ਵਿਦਿਆਰਥੀ ਜਿਵੇਂ ਕਿ ਫ਼ਕੀਰ ਸਿੰਘ, ਦਿਆਲ ਸਿੰਘ, ਦਿਲਜੀਤ ਸਿੰਘ, ਪਾਖਰ ਸਿੰਘ, ਖਾਨ ਅਤੇ ਨਵਤੇਜ ਆਦਿ ਨਾਲ ਵਿਸ਼ੇਸ਼ ਸਨੇਹ ਅਤੇ ਨੇੜਤਾ ਹੈ। ਫ਼ਕੀਰ ਸਿੰਘ, ਦਿਆਲ ਸਿੰਘ ਅਤੇ ਦਿਲਜੀਤ ਸਿੰਘ ਲੇਖਕ ਦੇ ਬੀਮਾਰ ਰਹਿਣ ਸਮੇਂ ਲਗਾਤਾਰ ਨਿਰਸੁਆਰਥ ਸੇਵਾ ਅਤੇ ਸਾਥ ਦੇ ਨਾਲ ਉਸ ਨੂੰ ਅਤਿ ਹੌਂਸਲਾ ਅਤੇ ਹੱਲਾਸ਼ੇਰੀ ਦੇਂਦੇ ਰਹੇ ਹਨ। ਗੜ੍ਹਦੀਵਾਲੇ ਦੇ ਆਲੇ-ਦੁਆਲੇ ਦੇ ਅੰਬਾਂ ਦੇ ਬਾਗ, ਇਸ ਦੀਆਂ ਚੌੜੀਆਂ ਤੇ ਸੌੜੀਆਂ ਸੜਕਾਂ, ਜੋ ਕਿ ਵਿੰਗ-ਵਲੇਵੇਂ ਖਾਂਦੀਆਂ ਰਮਣੀਕ ਖੇਤਾਂ ਅਤੇ ਕੁਦਰਤ ਦੇ ਦ੍ਰਿਸ਼ਾਂ ਵਿੱਚੋਂ ਦੀ ਲੰਘਦੀਆਂ ਹਨ, ਕਿਸੇ ਅਗਿਆਤ ਸੁੰਦਰਤਾ ਦਾ ਅਹਿਸਾਸ ਜਗਾਉਂਦੀਆਂ ਹਨ। ਇਸ ਦੇ ਉੱਤਰ ਵਾਲੇ ਪਾਸੇ ਸ਼ਿਵਾਲਿਕ ਪਹਾੜੀਆਂ ਦੀ ਦੂਰ ਤੱਕ ਲੇਟਵੀਂ, ਫੈਲਵੀਂ ਹਰੀ ਤੇ ਨੀਲੀ ਭਾਹ ਵਾਲੀ ਪੱਟੀ ਅਤੇ ਇਹਨਾਂ ਦੇ ਪਿੱਛੇ ਬਰਫ਼ਾਂ ਨਾਲ ਢੱਕੇ ਪਹਾੜਾਂ ਦੀਆਂ ਨਜ਼ਰ ਆਉਂਦੀਆਂ ਚੋਟੀਆਂ ਆਦਿ ਲੇਖਕ ਦੇ ਜੀਵਨ ਅਤੇ ਸਾਹਿਤਕ ਖ਼ੇਤਰ ਦਾ ਇੱਕ ਅਨਿਖੜ ਅੰਗ ਸਨ। ਗੜ੍ਹਦੀਵਾਲਾ ਦੀ ਧਰਤੀ ਦੀ ਸੰਸਕ੍ਰਿਤੀ ਵਿੱਚ ਅਨੇਕ ਕਿਸਮ ਦੇ ਧਰਮਾਂ ਅਤੇ ਜਾਤੀਆਂ ਦੇ ਲੋਕਾਂ ਦੀ ਭਰਵੀਂ ਸ਼ਮੂਲੀਅਤ ਲੇਖਕ ਨੂੰ ਵਿਸ਼ੇਸ਼ ਤੌਰ 'ਤੇ ਟੁੰਬਦੀ ਰਹੀ ਹੈ। ਲੇਖਕ ਯਾਰਾਂ-ਦੋਸਤਾਂ ਨਾਲ ਗੜ੍ਹਦੀਵਾਲਾ ਦੇ ਹਰੇ ਕਚੂਰ ਬਾਗਾਂ ਅਤੇ ਖੇਤਾਂ ਦੀ ਸੈਰ ਕਰਦਿਆਂ ਅਕਸਰ ਆਖਿਆ ਕਰਦਾ ਸੀ ਕਿ ਗੜ੍ਹਦੀਵਾਲਾ ਦੇ ਇਲਾਕੇ ਵਿੱਚ ਹਾਰਡੀ ਦੇ ਨਾਇਕ/ਨਾਇਕਾਵਾਂ ਜਿਵੇਂ ਕਿ ਟੈੱਸ, ਆਲਿਜ਼ਾਬੈਥ ਜ਼ੈਨ, ਆਸਤੇਸ਼ੀਆ, ਸਿਊ ਅਤੇ ਏਜ਼ਲ ਕਲੇਅਰ, ਜੂਡ, ਹੈਂਚਰਡ ਅਤੇ ਕਲਈਮ ਜੇਹੇ ਪਾਤਰਾਂ ਨਾਲ ਅਕਸਰ ਹੀ ਵਾਹ ਪੈਂਦਾ ਹੈ। ਇਸ ਇਲਾਕੇ ਵਿੱਚੋਂ ਹਾਰਡੀ ਦੇ ਨਾਵਲਾਂ ਦੇ ਹਾਣੀ ਨਾਵਲ ਅਣਗਿਣਤ ਰਚੇ ਜਾ ਸਕਦੇ ਹਨ। ਲੇਖਕ ਅਨੁਸਾਰ ਸਾਹਿਤਕ ਸਿਫ਼ਤਾਂ ਨਾਲ ਅਤਿ ਜ਼ਰਖ਼ੇਜ਼ ਇਹ ਇਲਾਕਾ ਕਿਸੇ ਮਹਾਨ ਸਾਹਿਤਕਾਰ ਦੀ ਉਡੀਕ ਵਿੱਚ ਹੈ, ਜਿਹੜਾ ਕਿ ਇਸ ਇਲਾਕੇ ਅਤੇ ਇੱਥੋਂ ਦੇ ਹੁਸੀਨ ਮੁੰਡੇ/ਕੁੜੀਆਂ ਨਾਲ ਸਹੀ ਨਿਆਂ ਕਰ ਸਕੇ।

ਲੇਖਕ ਨੇ ਭਾਵੇਂ ਇਸ ਇਲਾਕੇ ਨੂੰ ਕੇਂਦਰ ਵਿੱਚ ਰੱਖ ਕੇ ਵਿਸ਼ਵ ਸਾਹਿਤ ਦੇ ਖ਼ੇਤਰ ਵਿੱਚ ਅਤਿ ਮਹਾਨ ਸਾਹਿਤ ਰਚਿਆ ਹੈ ਪ੍ਰੰਤੂ ਫੇਰ ਵੀ ਇਸ ਭਰੇ ਹੋਏ ਜੀਵਨ-ਖੇੜੇ ਨਾਲ ਪੂਰਾ ਨਿਆਂ ਕਰਨ ਲਈ ਕੇਵਲ ਇੱਕ ਸਾਹਿਤਕਾਰ ਹੀ

ਕਾਫ਼ੀ ਨਹੀਂ, ਭਾਵੇਂ ਉਹ ਕਿੰਨੀ ਵੀ ਵੱਡੀ ਪ੍ਰਤਿਭਾ ਦਾ ਮਾਲਕ ਕਿਉਂ ਨਾ ਹੋਵੇ। ਲੇਖਕ ਨੇ ਬਹੁਤ ਸਾਰੇ ਅਧੁਨਿਕ ਪੰਜਾਬੀ ਸਾਹਿਤਕਾਰਾਂ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ ਜਿਨ੍ਹਾਂ ਵਿੱਚੋਂ ਇਹ ਸਪਸ਼ਟ ਹੁੰਦਾ ਹੈ ਕਿ ਇਹਨਾਂ ਲੇਖਕਾਂ ਜਾਂ ਕਵੀਆਂ ਵਿੱਚੋਂ ਇੱਕ ਵੀ ਪੰਜਾਬੀ ਸੱਭਿਆਚਾਰ ਦੇ ਅਮੀਰ ਵਿਰਸੇ ਨਾਲ ਪੂਰਾ ਨਿਆਂ ਕਰਨ ਦੇ ਯੋਗ ਨਹੀਂ:

ਜੇ ਅਸੀਂ ਇਸ ਧਰਤੀ 'ਤੇ ਹੀ ਰਹਿੰਦੇ ਹਾਂ ਤਾਂ ਜ਼ਿੰਦਗੀ ਅਤੇ ਸਾਹਿਤ ਦਾ ਅਨਿੱਖੜ ਰਿਸ਼ਤਾ ਹੈ। ਸਾਹਿਤ ਜ਼ਿੰਦਗੀ ਦੇ ਉਦਾਤ (Sublime) ਸਿਖਰਾਂ 'ਤੇ ਲੈ ਜਾਂਦਾ ਹੈ ਜਿਸ ਦਾ ਭਾਵ ਇਹ ਹੈ ਕਿ ਜ਼ਿੰਦਗੀ ਅਸਲੀਅਤ ਨਾਲ ਵਫ਼ਾ ਪਾਲਦੀ ਹੋਈ ਵੀ ਆਪਣੀ ਜੋਬਨ, ਪਵਿੱਤਰਤਾ ਅਤੇ ਨਿਰਲੇਪਤਾ ਆਵੇਸ਼ਕ ਪਲਾਂ ਉੱਤੇ ਪ੍ਰਕਾਸ਼ਮਾਨ ਕਰਦੀ ਹੈ। ਇਸ ਪ੍ਰਕਾਸ਼ ਵਿੱਚ ਸਾਹਿਤ ਅਤੇ ਕਲਾ ਦੇ ਹੋਰ ਰੂਪ ਉਸ ਦੇ ਸਭ ਤੋਂ ਵੱਡੇ ਸਹਾਇਕ ਹੁੰਦੇ ਹਨ। ਕਲਪਨਾ ਦਾ ਮਤਲਬ ਅਸਲੀਅਤ ਤੋਂ ਬੇਮੁੱਖ ਹੋਣਾ ਨਹੀਂ ਤੇ ਨਾ ਫ਼ਰਜ਼ੀ ਛਲਾਵਿਆਂ ਦੀ ਰੰਗੀਨ ਧੁੰਦ ਵਿੱਚ ਘਿਰ ਜਾਣਾ ਹੀ ਕਲਪਨਾ ਹੁੰਦੀ ਹੈ। ਜ਼ਿੰਦਗੀ ਇੱਕ ਮਹਾਨ ਤਾਲ ਗ੍ਰਹਿਣ ਕਰਨ ਪਿੱਛੋਂ ਹੀ ਸਾਹਿਤ ਨਾਲ ਆਪਣਾ ਅਨਿੱਖੜ ਤਾਲਮੇਲ ਸਥਾਪਤ ਕਰਦੀ ਹੈ। ਸਾਡੀ ਅੱਜ ਦੀ ਪੀੜ੍ਹੀ ਦੇ ਸਾਹਿਤਕਾਰਾਂ ਵਿੱਚੋਂ ਬਹੁਤਿਆਂ ਨੇ ਇਸ ਦੀਰਘ ਰਮਜ਼ ਦਾ ਅਨੁਭਵ ਨਹੀਂ ਕੀਤਾ। ਇਸੇ ਕਾਰਨ ਪੰਜਾਬੀ ਦਾ ਅਜੋਕਾ ਸਾਹਿਤ ਕੋਈ ਵਿਲੱਖਣ ਸਗਲ ਦ੍ਰਿਸ਼ ਸਥਾਪਤ ਨਹੀਂ ਕਰ ਸਕਿਆ। ਬਹੁਤੇ ਲੇਖਕ ਖੰਡਿਤ ਸ਼ਖ਼ਸੀਅਤ ਰਾਹੀਂ ਹੀ ਸਾਹਿਤ ਸਿਰਜ ਰਹੇ ਹਨ। ਇਸੇ ਕਾਰਣ ਸਾਹਿਤਕ ਖ਼ੇਤਰ ਵਿੱਚ ਦਿਸ਼ਾਹੀਣਤਾ ਪ੍ਰਧਾਨ ਹੈ। ਸਾਹਿਤ ਵਿੱਚੋਂ ਗੁਰੂ ਨਾਨਕ ਸਾਹਿਬ, ਸ਼ਾਹ ਹੁਸੈਨ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ ਅਤੇ ਹਾਸ਼ਮ ਦੀ ਅਖੰਡ ਬਿਰਤੀ ਕਮਜ਼ੋਰ ਪੈ ਗਈ ਹੈ। ਪ੍ਰੋ: ਪੂਰਨ ਸਿੰਘ, ਡਾ. ਹਰਿਭਜਨ ਸਿੰਘ, ਡਾ. ਜਸਵੰਤ ਸਿੰਘ ਨੇਕੀ ਅਤੇ ਗੁਰਦਿਆਲ ਸਿੰਘ ਨੇ ਇਸ ਅਖੰਡ ਬਿਰਤੀ ਨਾਲ ਭਾਗਸਮ ਵਫ਼ਾ ਜ਼ਰੂਰ ਪਾਲੀ ਪਰ ਉਹਨਾਂ ਦੀ ਅੰਤਰ ਦ੍ਰਿਸ਼ਟੀ ਕਿਸੇ ਦਾਂਤੇ, ਰਾਬਿਆ ਬਸਰੀ, ਮੂਰਾਸਾਕੀ ਅਤੇ ਪਰਲ ਐਸ ਬੱਕ ਦੇ ਪ੍ਰਕਾਸ਼ ਅਤੇ ਜ਼ਿੰਦਗੀ ਦੇ ਦਿਸਹੱਦੇ ਤੋਂ ਕੁਝ ਦੂਰ ਹੀ ਦਿਸਦੀ ਹੈ। (269)

ਲੇਖਕ ਹਰਿੰਦਰ ਸਿੰਘ ਮਹਿਬੂਬ ਨੇ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰਕੇ ਵਿਸ਼ਵ ਸਾਹਿਤ ਨੂੰ ਚਾਰ ਵੱਡਮੁੱਲੀਆਂ ਰਚਨਾਵਾਂ ਭੇਟ ਕੀਤੀਆਂ ਹਨ। ਇਹ ਚਾਰ ਪੁਸਤਕਾਂ ਕਰਮਵਾਰ **''ਸਹਿਜੇ ਰਚਿਓ ਖਾਲਸਾ'', 1988, ਵਾਰਤਕ ਵਿੱਚ, ''ਝਨਾਂ ਦੀ ਰਾਤ'', 1990, ਕਵਿਤਾ ਦੇ ਰੂਪ ਵਿੱਚ ''ਇਲਾਹੀ ਨਦਰ ਦੇ ਪੈਂਡੇ'', ਜਿਲਦ ਪਹਿਲੀ (ਗੁਰੂ ਨਾਨਕ ਸਾਹਿਬ), 1999, ਮਹਾਂਕਾਵਿ ਅਤੇ ''ਇਲਾਹੀ ਨਦਰ ਦੇ ਪੈਂਡੇ'' ਜਿਲਦ ਚੌਥੀ (ਗੁਰੂ ਗੋਬਿੰਦ ਸਿੰਘ ਸਾਹਿਬ)**, 2007, ਮਹਾਂਕਾਵਿ ਆਦਿ ਵਿਸ਼ਵ ਸਾਹਿਤ ਵਿੱਚ ਆਪਣੇ-ਆਪਣੇ ਖੇਤਰ ਵਿੱਚ ਇੱਕ ਬੁਲੰਦ ਇਤਿਹਾਸਕ ਸਥਾਨ ਰੱਖਣ ਵਾਲੀਆਂ ਅਮੁਲ ਸਾਹਿਤਕ ਸਿਰਜਨਾਵਾਂ ਹਨ। ਹਰਿੰਦਰ ਸਿੰਘ ਮਹਿਬੂਬ ਨੇ ਵਿਸ਼ਵ ਸਾਹਿਤ ਦੇ ਚੋਣਵੇਂ ਮਹਾਂਕਾਵਿ ਦੇ ਖੇਤਰ ਵਿੱਚ ਇੱਕ ਅਮੁੱਲ ਯੋਗਦਾਨ ਉਪਰੋਕਤ ਦੋ ਮਹਾਂਕਾਵਿ ਪੁਸਤਕਾਂ ਰਾਹੀਂ ਪਾਇਆ ਹੈ। **ਤੀਸਰੇ ਅਤੇ ਚੌਥੇ ਮਹਾਂਕਾਵਿ ਜੋ ਕਿ ਦੂਜੇ ਗੁਰੂ ਸਾਹਿਬ ਤੋਂ ਲੈ ਕੇ ਨੌਵੇਂ ਗੁਰੂ ਸਾਹਿਬ ਤੱਕ ਦੋ ਜਿਲਦਾਂ ਵਿੱਚ ਤੀਜੀ ਅਤੇ ਚੌਥੀ ਜਿਲਦ ਦੇ ਰੂਪ ਵਿੱਚ ਪ੍ਰਕਾਸ਼ ਹੋਣਾ ਸੀ, ਇਹਨਾਂ ਦੀ ਵੀ ਕਵੀ ਜੀ ਨੇ ਮੁਕੰਮਲ ਤਿਆਰੀ ਕੀਤੀ ਹੋਈ ਸੀ। ਭਾਵੇਂ ਕਿ ਹਾਲੀ ਤੀਜੀ ਜਿਲਦੀ ਜਿਸ ਵਿੱਚ ਕਰਮਵਾਰ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਸ਼ਾਮਿਲ ਹਨ, ਇਹਨਾਂ ਵਿੱਚੋਂ ਕੇਵਲ ਗੁਰੂ ਅੰਗਦ ਸਾਹਿਬ ਬਾਰੇ ਹੀ ਲਗਪਗ 72 ਸਫ਼ੇ ਦੀ ਰਚਨਾ ਹੋ ਸਕੀ ਹੈ ਅਤੇ ਬਾਕੀ ਦਾ ਕਾਰਜ ਲੇਖਕ ਜੀ ਦੇ ਗੰਭੀਰ ਬੀਮਾਰ ਹੋਣ ਕਾਰਣ ਰੁਕ ਗਿਆ ਅਤੇ ਉਹ ਏਸ ਨੂੰ ਸੰਪੂਰਨ ਕਰਨ ਤੋਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ।** ਉਹਨਾਂ ਤੋਂ ਬਿਨਾ ਹੋਰ ਕੋਈ ਸਾਹਿਤਕਾਰ ਸ਼ਾਇਦ ਭਵਿੱਖ ਵਿੱਚ ਵੀ ਇਸ ਪਾਏ ਦਾ ਸਾਹਿਤ ਨਾ ਸਿਰਜ ਸਕੇ। ਇਹ ਅੰਦਾਜ਼ਾ ਉਹਨਾਂ ਦੀਆਂ ਪ੍ਰਾਪਤ ਲਿਖਤਾਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਮਹਾਨ ਸ਼ਾਇਰ ਦੇ ਨੇਪਰੇ ਚੜ੍ਹ ਚੁੱਕੇ ਦੋ ਮਹਾਂਕਾਵਿ **''ਇਲਾਹੀ ਨਦਰ ਦੇ ਪੈਂਡੇ''** ਜਿਲਦ ਪਹਿਲੀ (ਗੁਰੂ ਨਾਨਕ ਸਾਹਿਬ) ਅਤੇ ''ਇਲਾਹੀ ਨਦਰ ਦੇ ਪੈਂਡੇ'' ਜਿਲਦ ਚੌਥੀ (ਗੁਰੂ ਗੋਬਿੰਦ ਸਿੰਘ ਸਾਹਿਬ) ਲਗਭਗ ਸਤਾਈ-ਅਠਾਈ ਸੌ ਸਾਲ ਦੇ ਵਿਸ਼ਵ ਸਾਹਿਤ ਦੇ ਮਹਾਂਕਾਵਿ ਦੇ ਖੇਤਰ ਵਿੱਚ ਇੱਕ ਬੁਲੰਦ ਉਚਾਈ ਰੱਖਣ ਵਾਲੀਆਂ ਸਰਵੋਤਮ ਰਚਨਾਵਾਂ ਹਨ। ਵਿਸ਼ਵ ਸਾਹਿਤ ਵਿੱਚ ਚੁਣੇ ਹੋਏ ਸ਼ਾਇਰਾਂ (ਮਹਾਂਕਾਵਿ ਦੇ ਸਾਹਿਤਕ ਖੇਤਰ ਵਿੱਚ) ਜਿਵੇਂ ਕਿ ਹੋਮਰ, ਵਰਜਲ, ਦਾਂਤੇ, ਮੌਲਾਨਾ ਰੂਮੀ, ਮਿਲਟਨ, ਵਰਡਜ਼ਵਰਥ ਅਤੇ ਐਡਵਿਨ ਆਰਨਲਡ ਆਦਿ ਦੇ ਪ੍ਰਸੰਗ ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਵਿਸ਼ਵ ਦੇ ਮਹਾਨ ਕਵੀ ਦਾਂਤੇ ਨੂੰ ਸਭ ਤੋਂ ਮਹਾਨ ਮੰਨਿਆ ਹੈ। ਵਿਸ਼ਵ ਦੇ ਚੁਣੇ ਹੋਏ ਵਿਦਵਾਨਾਂ ਦਾ ਇਹ ਸਾਂਝਾ ਦ੍ਰਿਸ਼ਟੀਕੋਣ ਰਿਹਾ ਹੈ ਕਿ ਦਾਂਤੇ ਦੇ ਮਹਾਂਕਾਵਿ ''ਦੀ

ਡੀਵਾਈਨ ਕਾਮੇਡੀ (The Divine Comedy) ਨੂੰ ਸਮਝਣ ਲਈ ਲਗਪਗ ਚਾਰ ਸੌ ਸਾਲ ਦਾ ਸਮਾਂ ਲੱਗਿਆ ਹੈ ਪ੍ਰੰਤੂ ਵੀਹਵੀਂ ਸਦੀ ਦੇ ਮਹਾਨ ਚਿੰਤਕ ਰੇਨੇ ਗੁਈਨਾਨ ਨੇ ਆਪਣੀ ਪੁਸਤਕ ''ਦੀ ਐਸੋਟੈਰਿਜ਼ਮ ਆਫ਼ ਦਾਂਤੇ'' (The Esoterism of Dante) ਵਿੱਚ ਇਹ ਮੰਨਿਆ ਹੈ ਕਿ ਮਹਾਨ ਕਵੀ ਦਾਂਤੇ ਦੇ ਮਹਾਂਕਾਵਿ ''ਪਵਿੱਤਰ ਸੁਖਾਂਤ'' ਦੇ ਕੇਵਲ ਸਿਆਸੀ, ਸਮਾਜਕ, ਮਨੋਵਿਗਿਆਨਕ ਅਤੇ ਦਾਰਸ਼ਨਕ ਪੱਖਾਂ ਦੀ ਹੀ ਹਾਲੀ ਤੱਕ ਇਕਹਿਰੀ ਤੇ ਸੀਮਤ ਜਾਣਕਾਰੀ ਪ੍ਰਾਪਤ ਹੋ ਸਕੀ ਹੈ ਜਦੋਂ ਕਿ ਉਹਨਾਂ ਦੀ ਅਧਿਆਤਮਕ ਦ੍ਰਿਸ਼ਟੀ (Metaphysical Insight) ਹਾਲੀ ਤੱਕ ਅਛੋਹ ਹੀ ਆਖੀ ਜਾ ਸਕਦੀ ਹੈ, ਜਿਸਨੂੰ ਸਮਝਣ ਲਈ ਵਿਵੇਕ (Intellect) ਅਤੇ ਅੰਤਰ ਸੂਝ (Intuition) ਦਾ ਆਪਸੀ ਤਾਲਮੇਲ ਹੋਣਾ ਅਤਿ ਆਵੱਸ਼ਕ ਹੈ। ਇਸ ਸੁਭਾਗੇ ਗੁਣ ਦੀ ਵਿਲੱਖਣ ਦਾਤ ਕੇਵਲ ਵਿਸ਼ਵ ਦੇ ਚੁਣੇ (Elite) ਹੋਏ ਬੰਦਿਆਂ ਨੂੰ ਹੀ ਨਸੀਬ ਹੁੰਦੀ ਹੈ। ਸੋ ਅਧਿਆਤਮਕ ਦ੍ਰਿਸ਼ਟੀ ਦੀ ਅਣਹੋਂਦ ਕਾਰਣ ਜਿਹੜੇ ਵੀ ਯਤਨ ਮਹਾਂਕਵੀ ਦਾਂਤੇ ਦੇ ਮਹਾਂਕਾਵਿ ਨੂੰ ਸਮਝਣ ਲਈ ਰੋਜੈ ਅਰਾਉਕਸ ਅਤੇ ਇਲੀਫ਼ਾਜ਼ ਲੈਵੀ ਆਦਿ ਨੇ ਕੀਤੇ ਹਨ, ਉਹ ਉਪਰੋਕਤ ਅਧਿਆਤਮਕ ਦ੍ਰਿਸ਼ਟੀ (Intellectual Intuition) ਦੀ ਘਾਟ ਕਾਰਨ ਅਧੂਰੇ ਹੀ ਆਖੇ ਜਾ ਸਕਦੇ ਹਨ। ਹਰਿੰਦਰ ਸਿੰਘ ਮਹਿਬੂਬ ਦੇ ਦੋਵੇਂ ਮਹਾਂਕਾਵਿ ਅਤੇ ਸਮੁੱਚੀਆਂ ਸਾਹਿਤਕ ਰਚਨਾਵਾਂ ਨੂੰ ਸਮਝਣ ਲਈ ਉਪਰੋਕਤ ਅਧਿਆਤਮਕ ਦ੍ਰਿਸ਼ਟੀ ਦਾ ਭਰਪੂਰ ਜ਼ਹੂਰ ਅਤਿ ਲਾਜ਼ਮੀ ਹੈ ਜੋ ਕਿ ਅੱਜ ਦੇ ਆਲੋਚਕ ਅਤੇ ਪਾਠਕ ਵਿੱਚ ਨਾ ਬਰਾਬਰ ਹੋਣ ਕਾਰਣ, ਹਰਿੰਦਰ ਸਿੰਘ ਮਹਿਬੂਬ ਦੇ ਦੋਵੇਂ ਮਹਾਂਕਾਵਿ ਵਿਸ਼ੇਸ਼ ਅਤੇ ਚੁਣੇ ਹੋਏ ਵਿਅਕਤੀਆਂ ਦੇ ਵਿਸ਼ੇਸ਼ ਅਧਿਐਨ ਅਤੇ ਵਿਸ਼ੇਸ਼ ਅਭਿਆਸ ਦੀ ਪੂਰਤੀ ਰਾਹੀਂ ਹੀ ਸਾਧਾਰਨ ਪਾਠਕ ਦੀ ਪਹੁੰਚ ਵਿੱਚ ਲਿਆਂਦੇ ਜਾ ਸਕਦੇ ਹਨ। ਜਦੋਂ ਪਾਠਕ ਦੀ ਚੇਤਨਾ ਵਿੱਚ ਇਹਨਾਂ ਰਚਨਾਵਾਂ ਦਾ ਜ਼ਹੂਰ ਸਮੂਹਿਕ ਰੂਪ ਵਿੱਚ ਅਮਲ ਵਿੱਚ ਆਵੇਗਾ ਤਾਂ ਅਵੱਸ਼ ਹੀ ਵਿਸ਼ਵ ਇਤਿਹਾਸ ਵਿੱਚ ਸਿੱਖ ਆਦਰਸ਼ ਨੂੰ ਇੱਕ ਉੱਚਤਮ ਸਥਾਨ ਵਿਸ਼ਵ ਧਰਮਾਂ ਦੇ ਖੇਤਰ ਵਿੱਚ ਪ੍ਰਾਪਤ ਹੋਵੇਗਾ। ਇਸ ਕਾਰਜ ਦੀ ਸਫ਼ਲਤਾ ਲਈ ਇੱਕ ਲੰਮੇ ਤੇ ਨਿਰਵਿਘਨ ਸਮੂਹਿਕ ਅਭਿਆਸ ਦੀ ਲੋੜ ਹੈ। ਹਰਿੰਦਰ ਸਿੰਘ ਮਹਿਬੂਬ ਦੇ ਮਹਾਂਕਾਵਿਕ ਆਵੇਸ਼ ਵਿੱਚ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਜਾਬੀ ਸਾਹਿਤ, ਪੰਜਾਬੀ ਸੱਭਿਆਚਾਰ, ਅਣਵੰਡੇ ਪੰਜਾਬ ਦੀ ਧਰਤੀ ਅਤੇ ਵੰਨ-ਸੁਵੰਨੀ ਪੰਜਾਬੀ ਜ਼ਿੰਦਗੀ ਦੀ ਬਹੁਪਰਤੀ ਨੁਹਾਰ ਲਗਾਤਾਰ ਕੇਂਦਰ ਵਿੱਚ ਅਭੇਦ ਰਹਿੰਦੀ ਹੈ ਪ੍ਰੰਤੂ ਉਪਰੋਕਤ ਦੇ ਸੰਦਰਭ ਵਿੱਚ ਹਰਿੰਦਰ ਸਿੰਘ ਮਹਿਬੂਬ ਦੇ ਦੋਵੇਂ ਮਹਾਂਕਾਵਿ ਵਿਸ਼ਵ ਧਰਮਾਂ, ਵਿਸ਼ਵ ਦਰਸ਼ਨ, ਵਿਸ਼ਵ ਸਾਹਿਤ, ਵਿਸ਼ਵ ਮਨੋਵਿਗਿਆਨ, ਵਿਸ਼ਵ ਲੋਕ-ਯਾਨ, ਵਿਸ਼ਵ ਇਤਿਹਾਸ, ਵਿਸ਼ਵ ਮਿਥਿਹਾਸ ਅਤੇ ਵਿਸ਼ਵ ਭੂਗੋਲ ਆਦਿ ਨਾਲ ਲਗਾਤਾਰ ਇੱਕ ਸੁਰ ਹੋਣ ਕਾਰਨ ਇਹਨਾਂ ਦੇ ਦੀਰਘ ਅਧਿਐਨ ਰਾਹੀਂ ਵੀ ਇਹਨਾਂ ਦੀ ਬਹੁਪਰਤੀ ਅਨੁਭਵੀ ਪ੍ਰਵਾਜ਼ ਦਾ ਸਹੀ ਤੇ ਪੂਰਾ ਅੰਦਾਜ਼ਾ ਲਗਾਉਣਾ ਕਠਨ ਹੈ ਭਾਵੇਂ ਕਿ ਹਰ ਯਤਨ ਵਿੱਚੋਂ ਨਵੇਂ ਤੋਂ ਨਵੇਂ ਦ੍ਰਿਸ਼ਾਂ ਦੇ ਮੂਰਤੀਮਾਨ ਹੋਣ ਦੀ ਅਟੱਲ ਪ੍ਰਮਾਣਿਕਤਾ ਤੋਂ ਕਦੀ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਹਰਿੰਦਰ ਸਿੰਘ ਮਹਿਬੂਬ ਦੇ ਮਹਾਂਕਾਵਿਕ ਜਗਤ ਬਾਰੇ ਮਹਾਨ ਚਿੰਤਕ ਫਰਿਥ ਜਾਫ ਸ਼ੂਨ ਦੇ ਵਿਚਾਰ ਏਥੇ ਦੇਣੇ ਅਤਿ ਯੋਗ ਸਮਝਦੇ ਹਾਂ, ਤਾਂ ਕਿ ਪਾਠਕ ਇਹ ਅੰਦਾਜ਼ਾ ਲਗਾ ਸਕੇ ਕਿ ਹਰਿੰਦਰ ਸਿੰਘ ਮਹਿਬੂਬ ਦਾ ਮਹਾਂਕਾਵਿਕ ਆਵੇਸ਼ ਅਕੱਥ, ਅਕਹਿ ਅਤੇ ਇੱਕੋ ਯਤਨ ਰਾਹੀਂ ਦੱਸਣ ਦੀ ਸਮਰੱਥਾ ਤੋਂ ਬਾਹਰ ਹੈ :

***The inexpressible is that can be approached more or less closely in a thousand different ways without ever being able to be touched at its center. A suggestive image is that of a spiral, with a centripetal movement progressing in definitely toward a center which is never reached, but which can be grasped-speaking now of the reality hyperbolized by an intellection which - like its content is itself ineffable. (130-131) [2004]***

ਹਰਿੰਦਰ ਸਿੰਘ ਮਹਿਬੂਬ ਨੇ ਆਪਣੇ ਦੋਵੇਂ ਮਹਾਂਕਾਵਿ ਅਤੇ ਵਾਰਤਕ ਵਿੱਚ ਰਚੀ ਪੁਸਤਕ ''ਸਹਿਜੇ ਰਚਿਓ ਖ਼ਾਲਸਾ'' ਵਿੱਚ ਵਿਸ਼ਵ ਸਾਹਿਤ ਅਤੇ ਇਤਿਹਾਸਕਾਰਾਂ ਦੇ ਸੰਦਰਭ ਵਿੱਚ ਇਤਿਹਾਸ ਦਾ ਇੱਕ ਬਿਲਕੁਲ ਨਵਾਂ ਅਤੇ ਅਛੋਹ ਸਿਧਾਂਤ ਸਥਾਪਤ ਕੀਤਾ ਹੈ। ਹਰਿੰਦਰ ਸਿੰਘ ਮਹਿਬੂਬ ਨੇ ''ਸਹਿਜੇ ਰਚਿਓ ਖ਼ਾਲਸਾ'' (ਵਾਰਤਕ) ਅਤੇ ''ਇਲਾਹੀ ਨਦਰ ਦੇ ਪੈਂਡੇ'' ਜਿਲਦ ਪਹਿਲੀ ਅਤੇ ਜਿਲਦ ਚੌਥੀ ਵਿੱਚ ਇਤਿਹਾਸ ਦਾ ਇੱਕ ਵਿਸ਼ਾਲ ਦ੍ਰਿਸ਼ਟੀਕੋਣ ਸਿਰਜਿਆ ਹੈ ਜੋ ਕਿ ਅਤਿ ਸ਼ੁੱਧ ਅਤੇ ਸਮੇਂ ਦੇ ਹਰ ਅਲੋਪ ਅਤੇ ਅਗਿਆਤ ਤੱਥਾਂ ਦੀ ਸਹੀ ਪਹਿਚਾਣ ਕਰਨ ਪ੍ਰਤੀ ਪਾਠਕ ਦੇ ਅੰਦਰ ਇੱਕ ਨਵੀਂ ਸੂਝ ਨੂੰ ਪ੍ਰੇਰਤ ਕਰਦਾ ਹੈ ਜਿੱਥੋਂ ਵੇਖਿਆਂ ਵਿਸ਼ਵ ਦੇ ਇਤਿਹਾਸ ਦਾ ਸ਼ੁੱਧ ਰੂਪ ਸਾਹਮਣੇ ਆਉਣਾ ਸ਼ੁਰੂ ਹੋ ਜਾਂਦਾ ਹੈ ਅਤੇ ਦੈਵੀ-ਨਿਯਮ-ਪ੍ਰਬੰਧ ਨੂੰ ਸਥਾਪਤ ਕਰਨ ਵਾਲੇ ਗੁਰੂਆਂ, ਪੈਗੰਬਰਾਂ ਅਤੇ ਯੋਧਿਆਂ ਦੇ ਕਾਰਜਕਾਲ ਦਾ ਸਹੀ ਮੁੱਲ ਪੈਣਾ ਸ਼ੁਰੂ ਹੋ ਜਾਂਦਾ ਹੈ। ਜਿੱਤਾਂ ਹਾਰਾਂ ਵਿੱਚ ਦਿੱਸਣੀਆ

ਸ਼ੁਰੂ ਹੋ ਜਾਂਦੀਆਂ ਹਨ ਅਤੇ ਹਾਰਾਂ ਜਿੱਤਾਂ ਵਿੱਚ ਬਦਲ ਜਾਂਦੀਆਂ ਹਨ। ਹਰਿੰਦਰ ਸਿੰਘ ਮਹਿਬੂਬ ਨੇ ਆਪਣੇ ਸਵੈ-ਸਿਰਜੇ ਨਵੇਂ ਇਤਿਹਾਸਕ ਦ੍ਰਿਸ਼ਟੀਕੋਣ ਵਿੱਚ ਵਿਸ਼ਵ ਦੇ ਮਹਾਨ ਇਤਿਹਾਸਕਾਰਾਂ ਐਮਿਲ ਲੁਡਵਿਗ, ਗਿਬਨਅ ਤੇ ਆਰਨੈਲਡ ਟਾਇਨਬੀ ਦੇ ਦ੍ਰਿਸ਼ਟੀਕੋਣ ਨੂੰ ਅਸ਼ੁੱਧ ਅਤੇ ਸ਼ੁੱਧ ਇਤਿਹਾਸ ਦੇ ਪ੍ਰਸੰਗ ਵਿੱਚ ਜਿੱਥੇ ਸਹੀ ਰੂਪ ਵਿੱਚ ਦ੍ਰਿੜ੍ਹ ਕਰਵਾਇਆ ਹੈ, ਉੱਥੇ ਲੇਖਕ ਨੇ ਕਾਰਲ ਮਾਰਕਸ ਅਤੇ ਮਹਾਨ ਸ਼ਾਇਰ ਡਾਕਟਰ ਇਕਬਾਲ ਨਾਲੋਂ ਆਰਨਲਡ ਟਾਇਨਬੀ ਦੇ ਵਿਸ਼ਵ ਇਤਿਹਾਸ ਨੂੰ ਸ਼ੁੱਧ ਰੂਪ ਵਿੱਚ ਪ੍ਰਕਾਸ਼ ਕਰਨ ਪ੍ਰਤੀ ਵਧੇਰੇ ਯੋਗ ਮੰਨਿਆ ਹੈ। ਟਾਲਸਟਾਏ, ਹੀਗਲ, ਪਾਸਤਰਨਾਕ ਅਤੇ ਕਾਰਲ ਮਾਰਕਸ ਦੇ ਪ੍ਰਸੰਗ ਵਿੱਚ ਆਰਨਲਡ ਟਾਇਨਬੀ ਦੇ ਸ਼ੁੱਧ ਇਤਿਹਾਸਕ ਦ੍ਰਿਸ਼ਟੀਕੋਣ ਪ੍ਰਤੀ ਲੇਖਕ ਦੇ ਆਪਣੇ ਵਿਚਾਰ ਏਥੇ ਦੇਣੇ ਉਚਿਤ ਹਨ:

ਟਾਲਸਟਾਏ, ਹੀਗਲ, ਪਾਸਤਰਨਾਕ ਅਤੇ ਕਾਰਲ ਮਾਰਕਸ ਨਾਲੋਂ ਆਰਨਲਡ ਟਾਇਨਬੀ ਦਾ ਇੱਕੀ ਤਹਿਜ਼ੀਬਾਂ ਦੇ ਵਿਗਾਸ ਸੂਚਕ ਤੱਥਾਂ ਤੋਂ ਸ਼ੁਰੂ ਹੋ ਕੇ ਅਗੋਚਰ ਅਦ੍ਰਿਸ਼ਟਤਾ ਵੱਲ ਵਧਦਾ ਇਤਿਹਾਸਕ ਦ੍ਰਿਸ਼ ਵਧੇਰੇ ਪੁਖਤਾ ਅਤੇ ਸੂਖਮ ਸਿਰਜਣਾ ਦੀ ਦਲੀਲ ਸਾਜਦਾ ਹੈ। ਭਾਵੇਂ ਇਹ ਤਹਿਜ਼ੀਬਾਂ ਇੱਕ ਰੇਖਾ ਉੱਤੇ ਇਤਿਹਾਸਕ ਨਿਰੰਤਰਤਾ ਤਾਂ ਨਹੀਂ ਬਣਾਉਂਦੀਆਂ, ਪਰ ਧਰਤੀ ਦੇ ਵੱਖ-ਵੱਖ ਹਿੱਸਿਆਂ ਅਤੇ ਵੱਖ-ਵੱਖ ਸਮਿਆਂ ਉੱਤੇ ਆਪਣੀ ਰੂਪ-ਰੇਖਾ ਬਦਲ-ਬਦਲ ਕੇ ਆਪਣੀ ਮਿਸਾਲ ਨੂੰ ਕਾਇਮ ਰੱਖਦੀਆਂ ਹਨ। ਡਾ: ਇਕਬਾਲ ਨੇ ਆਪਣੀ ਲੰਮੀ ਨਜ਼ਮ ''ਤਲੂਇ ਇਸਲਾਮ'' ਦੇ ਇੱਕ ਸ਼ਿਅਰ ਵਿੱਚ ਕਿਹਾ ਹੈ ਕਿ ਭਿੰਨ-ਭਿੰਨ ਸਮਿਆਂ ਅਤੇ ਧਰਤੀ ਦੇ ਭਿੰਨ-ਭਿੰਨ ਖੰਡਾਂ ਵਿੱਚ ''ਅਹਿਲਿ ਈਮਾ'' ਸੂਰਜ ਵਾਂਗ ਡੁੱਬਦੇ ਅਤੇ ਚੜ੍ਹਦੇ ਰਹਿੰਦੇ ਹਨ। ਸ਼ਾਇਰ ਨੇ ''ਅਹਿਲਿ ਈਮਾ'' ਦੀ ਇਹ ਰਮਜ਼ ਸਿਰਫ਼ ਇੱਕ ਸ਼ਿਅਰ ਵਿੱਚ ਪ੍ਰਕਾਸ਼ਮਾਨ ਕੀਤੀ ਹੈ ਪਰ ਆਰਨਲਡ ਟਾਇਨਬੀ ਨੇ ਸੁਤੰਤਰ ਅਤੇ ਵਿਸ਼ਾਲ ਅੰਦਾਜ਼ ਵਿੱਚ ਅਹਿਲਿ ਈਮਾਂ ਦੀ ਥਾਂ ਇੱਕੀ ਤਹਿਜ਼ੀਬਾਂ ਦੀ ਆਤਮ ਨੂੰ ਧਰਤੀ ਦੇ ਵੰਨ-ਸੁਵੰਨਿਆਂ ਖਿੱਤਿਆਂ ਅਤੇ ਕਾਲਾਂ ਵਿੱਚ ਸਾਕਾਰ ਕਰਨ ਦਾ ਚਮਤਕਾਰ ਕਰ ਵਿਖਾਇਆ ਹੈ। ਭਾਵੇਂ ਮਹਾਨ ਇਤਿਹਾਸਕਾਰ ਇਤਿਹਾਸ ਦਾ ਐਡਾ ਵਿਸ਼ਾਲ ਪਰਿਪੇਖ਼ ਪੇਸ਼ ਕਰਦਾ ਹੈ ਅਤੇ ਕਈ ਟਿੱਪਣੀਆਂ ਵਿੱਚ ਕਿਸੇ ਹੱਦ ਤੱਕ ਅੰਤਰਯਾਮੀ ਦ੍ਰਿਸ਼ਟੀ ਵਰਗੀ ਸੁਹਿਰਦ ਨਿਰਪੱਖਤਾ ਧਾਰਨ ਕਰਦਾ ਹੈ ਜਿਵੇਂ ਭੂਤਕਾਲ ਵਿੱਚ ਲੈਨਿਨ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ ਦਰਸਾਉਂਦਿਆਂ ਅਤੇ ਖ਼ਾਲਸੇ ਦੇ ਅਪਾਰ ਗੁਣਾਂ ਨੂੰ ਪ੍ਰਮਾਣੂ ਜੰਗ ਨਾਲ ਭੁੱਬਲ ਹੋਈਆਂ ਤਹਿਜ਼ੀਬਾਂ ਦੀ ਹਰਿਆਵਲ ਚਿਤਵਟਿਆਂ, ਪਰ ਅਜਿਹੀ ਉੱਚ ਪਦਵੀ ਦਾ ਸੁਆਮੀ ਹੁੰਦਿਆਂ ਵੀ ਆਰਨਲਡ ਟਾਇਨਬੀ (Arnold Toynbee) ਦੀ ਨਿਰਪੱਖਤਾ ਕਮਜ਼ੋਰੀਆਂ ਤੋਂ ਬਰੀ ਨਹੀਂ। ਮਿਸਾਲ ਲਈ ਉਸਦੀ ਦੀਰਘ ਅੰਤਰ ਦ੍ਰਿਸ਼ਟੀ ਵਿੱਚੋਂ ਇਸਾਈ ਮੱਤ ਦਾ ਪੱਖ ਪੂਰਨ ਦਾ ਉਲਾਰ ਧਿਆਨ ਦੇ ਕੇਂਦਰ ਤੋਂ ਉਹਲੇ ਨਹੀਂ ਹੁੰਦਾ। ਉਹ ਥਕਾ ਦੇਣ ਦੀ ਹੱਦ ਤੱਕ ਸੁੰਨੀ ਇਸਲਾਮ ਨੂੰ ਹਜ਼ਰਤ ਈਸਾ ਦੀ ਸ਼ਮੂਲੀਅਤ ਬਿਨਾ ਅਧੂਰਾ ਮੰਨਦਾ ਹੈ। (13-14) (2007)

ਹਰਿੰਦਰ ਸਿੰਘ ਮਹਿਬੂਬ ਨੇ ਸ਼ੁੱਧ ਇਤਿਹਾਸ ਨੂੰ ਰਚਣ ਵਿੱਚ ਵਿਕਟਰ ਹਿਊਗੋ ਦੇ ਨਾਵਲ Les Miserables ਦਾ ਦ੍ਰਿਸ਼ਟੀਕੋਣ ਵਧੇਰੇ ਸਹੀ ਅਤੇ ਪੁਖ਼ਤਗੀ ਵਾਲਾ ਮੰਨਿਆ ਹੈ। ਇਹਨਾਂ ਉਪਰੋਕਤ ਪੁਸਤਕਾਂ ਵਿੱਚ ਇਤਿਹਾਸ ਦੇ ਸ਼ੁੱਧ ਰੂਪ ਨੂੰ ਦ੍ਰਿੜ੍ਹ ਕਰਵਾਉਣ ਦਾ ਮਨੋਰਥ ਇਹ ਹੈ ਕਿ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਇਤਿਹਾਸ ਨੂੰ ਦੈਵੀ ਕੀਮਤਾਂ ਦੇ ਪ੍ਰਸੰਗ ਵਿੱਚ ਕਿਵੇਂ ਸਹੀ ਰੂਪ ਵਿੱਚ ਪਹਿਚਾਣਿਆ ਜਾ ਸਕਦਾ ਹੈ ਜਿੱਥੋਂ ਪੰਜਾਬ ਅਤੇ ਭਾਰਤ ਦੇ ਕੁੱਲ ਪ੍ਰਵਾਣਤ ਇਤਿਹਾਸਕਾਰਾਂ ਦੇ ਤੱਥਾਂ 'ਤੇ ਅਧਾਰਤ ਬਾਹਰੀ ਖਿਆਲਾਂ ਨੂੰ ਪਹਿਲ ਦੇਣ ਵਾਲਾ ਸਿਰਜਿਆ ਇਤਿਹਾਸ ਮੂਲੋਂ ਨਿਰਮੂਲ ਸਾਬਤ ਹੁੰਦਾ ਹੈ। ਹਰਿੰਦਰ ਸਿੰਘ ਮਹਿਬੂਬ ਦੀਆਂ ਇਹ ਉਪਰੋਕਤ ਤਿੰਨੇ ਸਾਹਿਤਕ ਰਚਨਾਵਾਂ ਆਪਣੇ-ਆਪਣੇ ਪ੍ਰਸੰਗ ਵਿੱਚ ਦਸ ਗੁਰੂ ਸਾਹਿਬਾਨ ਦੇ ਸਿੱਧੇ ਇਲਹਾਮ (Direct Revelation) ਦੇ ਪ੍ਰਕਾਸ਼ ਵਿੱਚੋਂ ਇਤਿਹਾਸ ਦਾ ਇੱਕ ਮੰਨਣਯੋਗ ਸਹੀ ਮੁਹਾਂਦਰਾ ਸਥਾਪਤ ਕਰਨ ਵਿੱਚ ਅਤਿ ਸਫ਼ਲ ਆਖੀਆਂ ਜਾ ਸਕਦੀਆਂ ਹਨ। ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਘਟਨਾਵਾਂ, ਸਾਖੀਆਂ ਅਤੇ ਨਾਮ, ਸ਼ਬਦ, ਸੁਰਤਿ, ਵਿਸਮਾਦ, ਵਿਗਾਸ, ਸੋਦਰੁ, ਆਰਤੀ, ਬਾਰਾ ਮਾਹ (ਤੁਖਾਰੀ ਤੇ ਮਾਝ), ਖ਼ਾਲਸ ਕੁਦਰਤ, ਅਕਾਲ ਫ਼ਤਹਿ, ਹੁਕਮ ਅਤੇ ਜਪੁਜੀ ਦੇ ਪੰਜ ਖੰਡਾਂ ਆਦਿ ਦਾ ਅਨੁਭਵੀ ਵਿਸ਼ਲੇਸ਼ਣ ਹਰਿੰਦਰ ਸਿੰਘ ਮਹਿਬੂਬ ਨੇ ਹੀ ਪਹਿਲੀ ਵਾਰ ਪੂਰੇ ਤਸੱਲੀਬਖ਼ਸ਼ ਢੰਗ ਨਾਲ ਰੂਪਮਾਨ ਕੀਤਾ ਹੈ।

''**ਝਨਾਂ ਦੀ ਰਾਤ**'' ਕਾਵਿ-ਪੁਸਤਕ, ਜੋ ਕਿ ਕਰਮਵਾਰ ਸੱਤ ਕਾਵਿ-ਪੁਸਤਕਾਂ ਦਾ ਇੱਕ ਮਹਾਂਕਾਵਿ ਸੰਗ੍ਰਹਿ ਹੈ, ਨੂੰ ਪੰਜਾਬ ਦੇ ਮਹਾਨ ਸੂਫ਼ੀ ਕਵੀਆਂ ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਵਾਰਸ਼ ਸ਼ਾਹ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ ਅਤੇ ਖ਼ਵਾਜ਼ਾ ਗ਼ੁਲਾਮ

ਫ਼ਰੀਦ ਆਦਿ ਦੇ ਪ੍ਰਸੰਗ ਵਿੱਚ ਰੱਖ ਕੇ ਜੇਕਰ ਅਤਿ ਨਿਰਲੇਪ ਹੋ ਕੇ ਅਧਿਆਤਮਕ ਦ੍ਰਿਸ਼ਟੀ ਰਾਹੀਂ ਨਿਰਖਿਆ-ਪਰਖਿਆ ਜਾਵੇ ਤਾਂ ਨਿਰਸੰਦੇਹ ਹਰਿੰਦਰ ਸਿੰਘ ਮਹਿਬੂਬ ਇਹਨਾਂ ਤੋਂ ਕਾਵਿਕ ਵਿਸ਼ੇਸ਼ਤਾਵਾਂ ਦੇ ਪ੍ਰਸੰਗ ਵਿੱਚ ਇੱਕ ਅਗਲਾ ਬੁਲੰਦ ਸ਼ਾਇਰ ਅਵੱਸ਼ ਸਾਬਤ ਹੋਵੇਗਾ।

ਹਰਿੰਦਰ ਸਿੰਘ ਮਹਿਬੂਬ ਦੀਆਂ ਲਿਖਤਾਂ ਤੇ ਹਾਲੀ ਤੱਕ ਬਹੁਤ ਥੋੜਾ ਯਤਨ ਹੋਇਆ ਹੈ। ਇਸ ਦਾ ਕਾਰਣ ਇਹ ਹੈ ਕਿ ਇੱਕ ਤਾਂ ਪੰਜਾਬੀ ਸਾਹਿਤ ਵਿੱਚ ਮੂਲ ਝੁਕਾਅ ਏਸ ਵੇਲੇ ਅਨੁਭਵ ਰਹਿਤ ਪ੍ਰਵਿਰਤੀ ਵਾਲਾ ਸਾਹਿਤ ਰਚਣ ਵੱਲ ਹੀ ਰਿਹਾ ਹੈ। ਦੂਸਰਾ ਮੂਲ ਕਾਰਣ ਇਹ ਹੈ ਕਿ ਅਨੁਭਵ ਰਹਿਤ ਪ੍ਰਵਿਰਤੀ ਦੇ ਉਲਾਰੂ ਪ੍ਰਭਾਵ ਕਾਰਣ ਪਾਠਕ ਅਤੇ ਆਲੋਚਕ ਵਿੱਚ ਅਧਿਆਤਮਕ (Metaphysical) ਪ੍ਰੇਰਨਾ ਵਾਲੇ ਸਾਹਿਤ ਦੇ ਅਧਿਐਨ ਅਤੇ ਇਸ ਨੂੰ ਪਰਖਣ ਪ੍ਰਤੀ ਹੁੰਗਾਰਾ ਬਹੁਤ ਕਮਜ਼ੋਰ ਪੈ ਚੁੱਕਿਆ ਹੈ। ਕਿਸੇ ਹੱਦ ਤੱਕ ਇਹ ਮਾਰੂ ਪ੍ਰਭਾਵ ਸਾਰੇ ਵਿਸ਼ਵ ਦੇ ਸਾਹਿਤ ਉੱਪਰ ਹੀ ਹਾਵੀ ਹੋ ਚੁੱਕਿਆ ਹੈ। ਡਾ. ਬਲਵਿੰਦਰ ਕੌਰ ਨੇ ਹਰਿੰਦਰ ਸਿੰਘ ਮਹਿਬੂਬ ਦੀਆਂ ਸਮੁੱਚੀਆਂ ਰਚਨਾਵਾਂ ਉੱਪਰ ਅਤਿ ਤਸੱਲੀਬਖ਼ਸ਼ ਅਤੇ ਅਤਿ ਪ੍ਰਭਾਵਸ਼ਾਲੀ ਖੋਜ-ਪੱਤਰ ਆਪਣੀ ਨਿਗਰਾਨੀ ਹੇਠ ਨੇਪਰੇ ਚੜ੍ਹਵਾਏ ਹਨ, ਜੋ ਕਿ ਵਿਸ਼ਵ ਦੇ ਮਹਾਨ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਨੂੰ ਸਮਝਣ ਵਿੱਚ ਸਭ ਤੋਂ ਵੱਧ ਸਹਾਈ ਹੋ ਸਕਣ ਦੇ ਯੋਗ ਹਨ।


1. ਨਿਗਰਾਨ: ਡਾ. ਬਲਵਿੰਦਰ ਕੌਰ ਸਿੱਧੂ, ਖੋਜਾਰਥਣ, ਗੁਰਪ੍ਰੀਤ ਕੌਰ ਹਰਿੰਦਰ ਸਿੰਘ ਮਹਿਬੂਬ ਦੀ ਕਾਵਿ ਪੁਸਤਕ ''ਝਨਾਂ ਦੀ ਰਾਤ'' ਵਿੱਚ ਨਾਰੀ ਚੇਤਨਾ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਖੋਜ ਪ੍ਰਬੰਧ 2009 ਸਫਾ 261
2. ਉਹੀ ਸਫਾ 262
3. ਉਹੀ ਸਫਾ 264-65
4. ਉਹੀ ਸਫਾ 265
5. ਉਹੀ ਸਫਾ 352-54
6. ਉਹੀ ਸਫਾ 269
7. Frithjof Schoon : The Fullness of God, World Wisdom 2004 Page 130, 131
8. ਹਰਿੰਦਰ ਸਿੰਘ ਮਹਿਬੂਬ ਇਲਾਹੀ ਨਦਰ ਦੇ ਪੈਂਡੇ ਜਿਲਦ ਚੌਥੀ (ਗੁਰੂ ਗੋਬਿੰਦ ਸਿੰਘ ਸਾਹਿਬ) ਸਿੰਘ ਬ੍ਰਦਰਜ਼, ਅੰਮ੍ਰਿਤਸਰ 2007 ਸਫ਼ਾ (13-14)



ਡਾ. ਗੁਰਤਰਨ ਸਿੰਘ
ਪਿੰਡ ਭੂੰਦਾਂ, ਡਾਕਘਰ ਅਮਰਗੜ,
ਤਹਿਸੀਲ ਮਾਲੇਰਕੋਟਲਾ, ਜ਼ਿਲਾ ਸੰਗਰੂਰ
ਮੋਬਾਇਲ 92563-92605
ਈ. ਮੇਲ: sartajsidhu@hotmail.com


*****

# ਸਹਿਜੇ ਰਚਿਓ ਖਾਲਸਾ: ਵਿਸ਼ਵ ਧਰਮਾਂ ਦੇ ਸੰਦਰਭ ਵਿਚ ਇਕ ਸਰਬੋਤਮ ਤੇ ਬੇਮਿਸਾਲ ਰਚਨਾ


ਡਾ. ਗੁਰਤਰਨ ਸਿੰਘ
(ਰਿਟਾਇਡ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ)


ਹਰਿੰਦਰ ਸਿੰਘ ਮਹਿਬੂਬ ਦੀ ਵੱਡ-ਆਕਾਰੀ ਰਚਨਾ ''**ਸਹਿਜੇ ਰਚਿਓ ਖ਼ਾਲਸਾ**'' ਦੀ ਸੰਜਮਮਈ ਪਹਿਚਾਣ ਕਰਵਾਉਣ ਤੋਂ ਪਹਿਲਾਂ ਇਸ ਮਹਾਨ ਪੁਸਤਕ ਦੀ ਰਚਨਾ ਪਿੱਛੇ ਲੇਖਕ ਦੇ ਮਨੋਰਥ ਅਤੇ ਦ੍ਰਿਸ਼ਟੀਕੋਣ ਦੀ ਸੰਖੇਪ ਜਾਣਕਾਰੀ ਦੇਣੀ ਮੁੱਢ ਵਿੱਚ ਹੀ ਅਤਿ ਆਵੱਸ਼ਕ ਹੈ। **ਇਸ ਪੁਸਤਕ ਦੀ ਰਚਨਾ ਪਿੱਛੇ ਲੇਖਕ ਦਾ ਮੂਲ ਮਨੋਰਥ ਇਹ ਸੀ ਕਿ ਵਿਸ਼ਵ ਧਰਮਾਂ ਵਿੱਚ ਸਿੱਖ ਧਰਮ ਇਸ ਧਰਤੀ ਦਾ ਆਖਰੀ ਅਤੇ ਸਭ ਤੋਂ ਸੰਪੂਰਨ ਇਲਹਾਮ (Revelation) ਕਿਵੇਂ ਮੰਨਿਆ ਜਾ ਸਕਦਾ ਹੈ?**; ਧਰਤੀ ਉੱਪਰ ਜਿੰਨੇਂ ਵੀ ਇਲਹਾਮ ਸਿੱਧੇ/ਅਸਿੱਧੇ (Direct/Indirect) ਰੂਪ ਵਿੱਚ ਵੱਖ-ਵੱਖ ਧਰਮ-ਗ੍ਰੰਥਾਂ ਦੀ ਸ਼ਕਲ ਵਿੱਚ ਹੋਂਦ ਵਿੱਚ ਆਏ, ਉਹਨਾਂ ਸਭ ਧਰਮਾਂ ਦੀ ''ਪਹਿਲ ਤਾਜ਼ਗੀ'' (Primordial Originality) ਵਿੱਚ ਸਮੇਂ ਦੀ ਗਤੀ ਦੇ ਅਨੁਪਾਤ ਅਨੁਸਾਰ ਪਤਨ ਕਿਉਂ ਆਉਂਦਾ ਰਿਹਾ ਹੈ?; ਵਿਸ਼ਵ ਵਿੱਚ ਕਿਹੜੇ ਅਜਿਹੇ ਧਰਮ ਹਨ ਜਿਨ੍ਹਾਂ ਦੇ ਪੈਗੰਬਰਾਂ, ਰਸੂਲਾਂ ਅਤੇ ਅਵਤਾਰਾਂ ਦੀ ਆਮਦ ਦੇ ਨਾਲ ਉਹਨਾਂ ਨੇ ਸਿੱਧੇ ਜਾਂ ਅਸਿੱਧੇ ਇਲਹਾਮ ਰਾਹੀਂ ਜੋ ਧਰਮ-ਗ੍ਰੰਥ ਸਾਜੇ, ਉਹਨਾਂ ਧਰਮਾਂ ਦੇ ਅੰਤਰੀਵ ਅਤੇ ਬਾਹਰੀ ਰਹੱਸ ਦੇ ਅਨੁਕੂਲ ਉਹ ਵੱਖ-ਵੱਖ ਧਰਮ ਆਪਣਾ ਸ਼ੁੱਧ ਇਤਿਹਾਸ ਸਿਰਜਣ ਵਿੱਚ ਕਿੱਥੋਂ ਕੁ ਤੱਕ ਸਫ਼ਲ ਹੋਏ ਹਨ? ਅਤੇ ਇਸ ਸਫ਼ਲਤਾ ਪਿੱਛੇ ਵਿਸ਼ੇਸ਼ ਧਰਮ ਦਾ ਕੀ ਵਿਲੱਖਣ ਯੋਗਦਾਨ ਹੈ? ਆਦਿ ਦੀ ਪਹਿਚਾਣ

ਨੂੰ ਲੇਖਕ ਨੇ ਅਤਿ ਸੂਖਮ ਅਧਿਆਤਮਕ ਦ੍ਰਿਸ਼ਟੀ ਰਾਹੀਂ ਮੰਨਣਯੋਗ ਬਣਾਇਆ ਹੈ। ਵਿਸ਼ਵ ਵਿੱਚ ਅਜਿਹੇ ਕਿਹੜੇ ਧਰਮ ਹਨ ਜੋ ਕਿ ਅਵਤਾਰਾਂ, ਪੈਗੰਬਰਾਂ, ਰਿਸ਼ੀਆਂ-ਮੁਨੀਆਂ ਅਤੇ ਯੋਗੀਆਂ ਰਾਹੀਂ ਰਚੇ ਧਰਮ-ਗ੍ਰੰਥਾਂ ਦੀ ਕਹਿਣੀ ਤੇ ਕਰਨੀ ਦੇ ਲਿਖਤੀ ਅਤੇ ਜ਼ੁਬਾਨੀ ਦਾਅਵਿਆਂ ਦੇ ਅਨੁਕੂਲ ਆਪਣਾ ਸਹੀ ਇਤਿਹਾਸ ਸਿਰਜਣ ਵਿੱਚ ਅਸਫ਼ਲ ਰਹੇ ਹਨ। ਭਾਵ ਉਹਨਾਂ ਦੇ ਅਵਤਾਰਾਂ ਅਤੇ ਗ੍ਰੰਥਾਂ ਦੇ ਦਾਅਵੇ ਹੋਰ ਹਨ ਪ੍ਰੰਤੂ ਉਹਨਾਂ ਰਾਹੀਂ ਸਿਰਜਿਆ ਇਤਿਹਾਸ ਨਿਰੋਲ ਦੁਨੀਆਦਾਰੀ ਨੂੰ ਉਲਾਰੂ ਹੱਦ ਤੱਕ ਪਹਿਲ ਦੇ ਕੇ ਆਪਣੇ ਦੈਵੀ ਮਨੋਰਥ ਦੇ ਅਸਲ ਨੂੰ ਇਤਿਹਾਸ ਵਿੱਚ ਪਾਲਣ ਤੋਂ ਮੂਲੋਂ ਅਸਮਰੱਥ ਆਖਿਆ ਜਾ ਸਕਦਾ ਹੈ। ਉਪਰੋਕਤ ਦ੍ਰਿਸ਼ਟੀਕੋਣ ਨੂੰ ਸਾਰਥਕ ਬਣਾਉਣ ਲਈ ਸੁਭਾਵਕ ਹੀ ਲੇਖਕ ਨੂੰ ਇਸ ਪੁਸਤਕ ਨੂੰ ਅੱਠ ਛੋਟੀਆਂ ਕਿਤਾਬਾਂ ਵਿੱਚ ਵਿਸ਼ੇ ਦੀ ਤਰਤੀਬ ਅਨੁਸਾਰ ਵੰਡਣਾ ਪਿਆ ਹੈ। ਇਹਨਾਂ ਅੱਠ, ਆਪਣੇ-ਆਪ ਵਿੱਚ ਮੁਕੰਮਲ ਪੁਸਤਕਾਂ ਦਾ ਵੇਰਵਾ ਅੱਗੇ ਲਿਖੇ ਅਨੁਸਾਰ ਹੈ :

੧. ਜਿਉਂ ਕਰ ਸੂਰਜ ਨਿਕਲਿਆ, ਸਫ਼ਾ 1-101
੨. ਅਕਾਲ ਫ਼ਤਹ, ਸਫ਼ਾ 102-222
੩. ਸ਼ਬਦ ਅਸਗਾਹ, ਸਫ਼ਾ 223-354
੪. ਪੰਥ ਦਾ ਵਾਲੀ – ਕਲਗੀਆਂ ਵਾਲਾ ਨੀਲੇ ਵਾਲਾ
ਸਫ਼ਾ355-518
੫. ਜ਼ਫ਼ਰਨਾਮਾ, ਸਫ਼ਾ 519-639
੬. ਬਿਪਰ ਸੰਸਕਾਰ, ਸਫ਼ਾ 640-790
੭. ਸਹਿਜੇ ਰਚਿਓ ਖ਼ਾਲਸਾ (ਮਜ਼੍ਹਬਾਂ ਦਾ ਸਫ਼ਰ)
ਸਫ਼ਾ 791-1032
੮. ਸ਼ਮਸ਼ੀਰਾਂ ਦਾ ਵਜਦ, ਸਫ਼ਾ 1033-1104

**ਹਰਿੰਦਰ ਸਿੰਘ ਮਹਿਬੂਬ ਨੇ ''ਸਹਿਜੇ ਰਚਿਓ ਖ਼ਾਲਸਾ'' ਦੀ ਪਹਿਲੀ ਪੁਸਤਕ ''ਜਿਉਂ ਕਰ ਸੂਰਜ ਨਿਕਲਿਆ'' ਵਿੱਚ ਗੁਰੂ ਨਾਨਕ ਸਾਹਿਬ ਦੀ ਆਮਦ ਨੂੰ ਵਿਸ਼ਵ ਦੇ ਕੁੱਲ ਧਰਮਾਂ ਅਤੇ ਪੈਗੰਬਰਾਂ ਵਿੱਚ ਸਭ ਤੋਂ ਮਹਾਨ ਤੇ ਉੱਤਮ ਮੰਨਿਆ ਹੈ।** ਇਸ ਪੁਸਤਕ ਦੀ ਭੂਮਿਕਾ ਤੋਂ ਲੈ ਕੇ ਲਗਭਗ ਹਰ ਪੁਸਤਕ ਵਿੱਚ ਲੇਖਕ ਨੇ ਸਿੱਖ ਧਰਮ ਦੇ ਅੰਤਰੀਵ ਰਹੱਸ ਦੀ ਪਹਿਚਾਣ ਕਰਵਾਉਣ ਸਬੰਧੀ ਇਸਲਾਮ ਦੀਆਂ ਖ਼ੂਬੀਆਂ ਅਤੇ ਉਹਨਾਂ ਰੂਹਾਨੀ ਖ਼ੂਬੀਆਂ ਨੂੰ ਘਟਾਉਣ ਵਾਲੇ ਇਸਲਾਮ ਵਿਰੋਧੀ ਅੰਸ਼ਾਂ ਦੀ ਜਾਣਕਾਰੀ ਇਸ ਲਈ ਵਿਸਥਾਰ ਵਿੱਚ ਕਰਵਾਈ ਹੈ ਤਾਂ ਕਿ ਇਸਲਾਮ ਦੇ ਉਤਰਾਅ-ਚੜ੍ਹਾਵਾਂ ਦੇ ਇਤਿਹਾਸ ਰਾਹੀਂ ਸਿੱਖ ਇਤਿਹਾਸ ਦਾ ਸਹੀ ਪੱਖ ਸਾਹਮਣੇ ਆ ਸਕੇ। ਉਹਨਾਂ ਦੇ ਆਪਣੇ ਸ਼ਬਦਾਂ ਵਿੱਚ ‘ਇਸ ਲੰਮੀ ਪੁਸਤਕ ਵਿੱਚ ਇਤਿਹਾਸ ਦੇ ਰਾਜਸੀ ਅਤੇ ਸਮਾਜਕ ਰੰਗ-ਮੰਚ ਉੱਤੇ ਵਿਚਰਦੇ ਇਸਲਾਮ ਦੇ ਰੂਹਾਨੀ ਯੋਗਦਾਨ ਦਾ ਵੀ ਮੁੱਲ ਪਾਉਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ ਕਿਉਂਕਿ ਇਸ ਤਰ੍ਹਾਂ ਦੀ ਸੂਝ ਬਿਨਾ ਖ਼ਾਲਸਾ ਇਤਿਹਾਸ ਦਾ ਨਿਰਮਲ ਨਜ਼ਾਰਾ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਉਣਾ।" (XIX)

ਇਸ ਉਪਰੋਕਤ ਹਵਾਲੇ ਸਬੰਧੀ ਸਾਡਾ ਮਨੋਰਥ ਇਹ ਹੈ ਕਿ ਕੁਰਾਨ ਵਿੱਚ ਆਈਆਂ ਬਹੁਤ ਸਾਰੀਆਂ ਆਇਤਾਂ ਦੇ ਕਥਨ ਸਿੱਖ ਧਰਮ ਦੇ ਅਸਲੀ ਰੂਪ ਵਿੱਚ ਅਕਸਰ ਹੀ ਪ੍ਰਕਾਸ਼ਮਾਨ ਹੋਏ ਹਨ। ਕੁਰਾਨ ਵਿੱਚ ਰਸੂਲ ਨੇ ਫ਼ਰਮਾਇਆ ਹੈ ਕਿ ਸਾਰੇ ਪੈਗੰਬਰ ਹੀ ਇੱਕ ਸਮਾਨ ਹਨ; ਅਸੀਂ ਉਹਨਾਂ ਵਿੱਚ ਕੋਈ ਵਖਰੇਵਾਂ ਜਾਂ ਅੰਤਰ ਨਹੀਂ ਸਮਝਦੇ। ਪ੍ਰੰਤੂ ਅੱਗੇ ਜਾ ਕੇ ਸਤ੍ਹਾਰਵੀਂ ਸੂਰਤ ਵਿੱਚ ਫ਼ਰਮਾਇਆ ਹੈ ਕਿ ''ਅਸੀਂ ਕੁਝ ਪੈਗੰਬਰਾਂ ਨੂੰ ਦੂਸਰੇ ਪੈਗੰਬਰਾਂ ਨਾਲੋਂ ਉੱਚਾ ਰੁਤਬਾ ਦਿੱਤਾ ਹੋਇਆ ਹੈ, ਜਦੋਂ ਕਿ 'ਡੇਵਿਡ' ਨੂੰ ਅਸੀਂ ਭਜਨ ਜਾਂ ਸ਼ਬਦ ਰਚਣ ਜਾਂ ਗਾਇਣ ਦਾ ਅਧਿਕਾਰੀ ਹੀ ਥਾਪਿਆ ਹੈ''

*We make no distinction between any of His Apostle (Quran II,285).*
*And we have favored some of The prophets above others, and to David We gave The Psalms*

ਇਸਲਾਮ ਦੇ ਵਿਸ਼ਵ ਪੈਗੰਬਰਾਂ ਪ੍ਰਤੀ ਉਪਰੋਕਤ ਦ੍ਰਿਸ਼ਟੀਕੋਣ ਦੇ ਸਬੰਧ ਵਿੱਚ ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਗੁਰੂ ਨਾਨਕ ਸਾਹਿਬ ਨੂੰ ਵਿਸ਼ਵ ਪੈਗੰਬਰਾਂ ਅਤੇ ਵਿਸ਼ਵ-ਧਰਮਾਂ ਦੇ ਸੰਦਰਭ ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਆਪਣੀ ਪਹਿਲੀ ਪੁਸਤਕ ''ਜਿਉਂ ਕਰ ਸੂਰਜ ਨਿਕਲਿਆ'' ਵਿੱਚ ਇਸ ਧਰਤੀ ਦਾ ਸਭ ਤੋਂ ਮਹਾਨ ਗੁਰੂ/ਪੈਗੰਬਰ ਦ੍ਰਿੜ੍ਹ ਕਰਵਾਇਆ ਹੈ।

ਇਸ ਪਹਿਲੀ ਪੁਸਤਕ ਵਿੱਚ ਲੇਖਕ ਨੇ ਖ਼ਾਲਸ ਕੁਦਰਤ, ਅਕਾਲ ਫ਼ਤਹਿ, ਅੰਤਮ ਹਾਂ ਅਤੇ ਅੰਤਮ ਨਾਂਹ ਆਦਿ ਦੇ ਨਵੇਂ ਸੰਕਲਪ ਸਿਰਜੇ ਹਨ ਜਿਨ੍ਹਾਂ ਦੀ ਅਨੁਭਵੀ ਵਿਆਖਿਆ ਸਮੇਂ ਲੇਖਕ ਨੇ ਹਿੰਦੂ ਧਰਮ ਦੀਆਂ ਉਪਨਿਸ਼ਦਾਂ, ਸ਼ਾਸਤਰਾਂ ਅਤੇ ਪੁਰਾਣਾਂ ਦਾ ਜੋ ਵੇਰਵਾ ਦਿੱਤਾ ਹੈ, ਉਹਨਾਂ ਦਾ ਦੈਵੀ ਸ੍ਰੋਤ ਗੁਰੂ ਨਾਨਕ ਸਾਹਿਬ ਦੇ ਪੈਗੰਬਰੀ ਜਲਾਲ ਦੀ ਸੰਪੂਰਨਤਾ ਸਾਹਮਣੇ ਹਰ ਪੱਖ ਤੋਂ ਊਣਾ ਅਤੇ ਇਲਾਹੀ ਜ਼ੀਨਤ ਦੇ ਇਲਹਾਮ ਤੋਂ ਸੱਖਣਾ ਦਿੱਸਦਾ ਹੈ ਜਿਸ ਵਿੱਚ ਕਿ ਲੇਖਕ ਨੇ ਆਪਣੇ ਨਿਰਲੇਪ ਦ੍ਰਿਸ਼ਟੀਕੋਣ ਰਾਹੀਂ ਇਸ ਦ੍ਰਿਸ਼ਟੀ ਦਾ ਪਾਲਣ ਐਨ ਕੁਦਰਤੀਪਣ ਵਿੱਚ ਕੀਤਾ ਹੈ:

ਸੋ ਬੁੱਧ ਦੇ ਪ੍ਰਵੇਸ਼ ਤੋਂ ਸੌ ਤੋਂ ਦੋ ਸੌ ਸਾਲ ਪਹਿਲਾਂ

ਸਿਰਜੀਆਂ ਮਹਾਨ ਉਪਨਿਸ਼ਦਾਂ ਨੇ ਵਿਕਰਾਲ ਹਨੇਰੇ ਦੀ ਇਕੱਲ ਵਿੱਚ ਆਏ ਮਨੁੱਖ ਨੂੰ ਅਕਾਲ ਫ਼ਤਹਿ ਦਾ ਧਰਵਾਸ ਨਹੀਂ ਦਿੱਤਾ। ਨਿਰੋਲ ਨਿਰਾਕਾਰਤਾ ਨੇ ਮਨੁੱਖ ਨੂੰ ਖ਼ਾਲਸ ਕੁਦਰਤ ਤੋਂ ਗ਼ੈਰ ਕਰ ਦਿੱਤਾ। ਅਚਿਹਨਤਾ ਦੇ ਬਾਰੀਕ ਕਿੱਸਿਆਂ ਨੇ ਉਸਦੀ ਇਕੱਲ ਨੂੰ ਵਧਾ ਦਿੱਤਾ। ਬੇਸ਼ੱਕ ਉਪਨਿਸ਼ਦ ਅਚਿਹਨਤਾ ਬੇਰੋਕ ਸਨਕ ਦੀ ਹਿੰਸਾ ਨਾਲ ਹਾਲੀ ਨਕਾਰਜੁਨ ਵਾਲੇ ਸ਼ੂਨਯ ਵਿੱਚ ਨਹੀਂ ਸੀ ਪਲਟੀ ਪਰ ਫੇਰ ਵੀ ਇਸ ਦੀ ਵਿਧੀ-ਚਾਲ ਵਿੱਚ, ਪ੍ਰਕ੍ਰਿਆ ਵਿੱਚ, ਅਦਾ ਵਿੱਚ ਅਤੇ ਅੰਤਰੀਵ ਸੁਭਾਅ ਵਿੱਚ ਐਸਾ ਸਨਕ ਹੈ ਜਿਹੜਾ ਮਨੁੱਖ ਨੂੰ ਚੇਤਨਾ ਦੇ ਮੌਲਿਕ ਸੁਆਦਾਂ ਤੋਂ ਲਗਾਤਾਰ ਬੇਗਾਨਾ ਬਣਾਈ ਜਾਂਦਾ ਹੈ। ਫ਼ੇਰ ਜਦ ਇਸੇ ਅਚਿਹਨਤਾ ਨੇ ਅਰਾਧਨਾ ਦੇ ਨਿਸ਼ਚਿਤ ਅਤੇ ਠੋਸ ਕੇਂਦਰ ਬਣਨ ਦਾ ਪ੍ਰਬੀਨ ਅਭਿਆਸ ਕੀਤਾ ਤਾਂ ਨੇਮ ਦੇ ਘੇਰੇ ਵਧੇਰੇ ਸਿਥਲ ਅਤੇ ਸਥੂਲ ਹੋ ਗਏ ਅਤੇ ਪਿਛੋਕੜ ਦਾ ਬੁੱਤ ਬਲਵਾਨ ਹੋ ਗਿਆ।(8) ਏਸੇ ਤਰ੍ਹਾਂ ਨਯਾਬ ਸ਼ਾਸਤਰ, ਵੈਸਸ਼ਿਕ ਸ਼ਾਸਤਰ, ਸਾਂਖਯ ਸ਼ਾਸਤਰ, ਪੂਰਬ ਮੀਮਾਂਸਾ ਅਤੇ ਯੋਗ ਸ਼ਾਸਤਰ ਆਦਿ ਦੀ ਵਿਆਖਿਆ ਗੁਰੂ ਨਾਨਕ ਸਾਹਿਬ ਦੇ ਮੁਕੰਮਲ ਪੈਗੰਬਰੀ ਜਲਾਲ ਅਤੇ ਉਹਨਾਂ ਰਾਹੀਂ ਇਲਹਾਮ ਦੇ ਰੂਪ ਵਿੱਚ ਰੱਬ ਵੱਲੋਂ ਸਿੱਧੇ ਰੂਪ ਵਿੱਚ ਆਈ ਬਾਣੀ ਦੇ ਸਬੰਧ ਵਿੱਚ ਕਰਵਾਈ ਗਈ ਹੈ।

ਬੁੱਧ ਮੱਤ, ਇਸਾਈ ਧਰਮ ਅਤੇ ਇਸਲਾਮ ਦੇ ਸੰਦਰਭ ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਨਾਨਕ ਸਾਹਿਬ ਦੀ ਬੁਲੰਦ ਰੂਹਾਨੀਅਤ ਨੂੰ ਅਕਾਲ ਫ਼ਤਹਿ ਅਤੇ ਖ਼ਾਲਸ ਕੁਦਰਤ ਦੇ ਸੰਕਲਪਾਂ ਦੀ ਨਿਰਾਕਾਰਕ ਵਿਆਖਿਆ ਰਾਹੀਂ ਵਧੇਰੇ ਦ੍ਰਿੜ੍ਹ ਕਰਵਾਇਆ ਹੈ।

ਜਿੱਥੋਂ ਤੱਕ ਬੁੱਧ ਮੱਤ ਦਾ ਸਬੰਧ ਹੈ, ਹਰਿੰਦਰ ਸਿੰਘ ਮਹਿਬੂਬ ਨੇ ਅਕਾਲ ਫ਼ਤਹਿ ਦੇ ਪ੍ਰਸੰਗ ਵਿੱਚ ਬੁੱਧ ਮੱਤ ਦੀਆਂ ਯੋਗਤਾਵਾਂ ਦੇ ਨਾਲ ਗੁਰੂ ਨਾਨਕ ਸਾਹਿਬ ਦੇ ਸੰਦਰਭ ਵਿੱਚ ਇਸ ਧਰਮ ਦੀ ਵਿਲੱਖਣ ਕਿਸਮ ਦੀ ਮੰਨਣਯੋਗ ਢੰਗ ਨਾਲ ਪਹਿਚਾਣ ਕਰਵਾਈ ਹੈ। ਲੇਖਕ ਨੇ ਜਦੋਂ ਬੁੱਧ ਧਰਮ ਸਬੰਧੀ ਵਿਸ਼ਵ ਦੇ ਮਹਾਨ ਚਿੰਤਕ ਅਸ਼ਵਘੋਸ਼ ਦੀ ਪੁਸਤਕ ''ਦੀ ਅਵੇਕਨਿੰਗ ਆਫ਼ ਫ਼ੇਥ'' (The Awakening of Faith) ਦਾ ਅਧਿਐਨ ਕੀਤਾ ਤਾਂ ਇਸ ਪੁਸਤਕ ਪ੍ਰਤੀ ਉਹਨਾਂ ਨੇ ਮੇਰੇ ਨਾਲ ਅੱਗੇ ਲਿਖੇ ਵਿਚਾਰ ਜ਼ੁਬਾਨੀ ਸਾਂਝੇ ਕੀਤੇ:

ਅਸ਼ਵਘੋਸ਼ ਜਦੋਂ ਆਪਣੇ ਅਨੁਭਵੀ ਆਵੇਸ਼ ਰਾਹੀਂ ਮਹਾਤਮਾ ਬੁੱਧ ਦੇ ਲੌਕਿਕ ਅਤੇ ਅਲੌਕਿਕ ਰਹੱਸਾਂ ਦੀ ਵਿਆਖਿਆ ਕਰਦਾ ਹੈ ਤਾਂ ਉਹਨਾਂ ਦੀ ਇਸ ਕਮਾਲ ਦੀ ਰਚਨਾ ਦਾ ਦੁਖਾਂਤ ਇਹ ਹੈ ਕਿ ਉਹਨਾਂ ਦੀਆਂ ਨਿਰਾਕਾਰਕ ਸੁਰਤੀਆਂ ਮਹਾਤਮਾ ਬੁੱਧ ਦੀਆਂ ਮੌਲਿਕ ਸਿਫ਼ਤਾਂ ਨਾਲੋਂ ਵੱਖ ਹੋ ਕੇ ਸਗੋਂ ਆਪਣੀਆਂ ਨਿੱਜੀ ਬਾਰੀਕੀਆਂ ਵਿੱਚ ਇੱਕ ਡਰਾਉਣੀ ਅਲਹਿਦਗੀ ਧਾਰਨ ਕਰ ਲੈਂਦੀਆਂ ਹਨ। ਲਗਭਗ ਵਿਸ਼ਵ ਦੇ ਹਰ ਧਰਮ ਦੇ ਪਤਨ ਦਾ ਮੂਲ ਕਾਰਣ ਹੀ ਇਹ ਹੈ ਕਿ ਗਿਆਨ ਭਾਵੇਂ ਕਿੰਨਾਂ ਵੀ ਦਿਬ ਅਤੇ ਦੂਰਦਰਸ਼ੀ ਕਿਉਂ ਨਾ ਹੋਵੇ, ਅਖ਼ੀਰ ਵਿੱਚ ਇਹ ਧਰਮਾਂ ਦੀ ਪਹਿਲ ਤਾਜ਼ਗੀ ਨੂੰ ਸਭ ਕੁਝ ਮੰਨ ਕੇ ਪੇਸ਼ ਕਰਨ ਪ੍ਰਤੀ ਸਦਾ ਮੁਨਕਰ ਹੁੰਦਾ ਰਿਹਾ ਹੈ। ਸਿੱਖ ਧਰਮ ਵੀ ਅੱਜ ਦੇ ਦੌਰ ਵਿੱਚ ਵਿਦਵਾਨਾਂ ਦੀ ਅਜਿਹੀ ਲਘੂ-ਦ੍ਰਿਸ਼ਟੀ ਤੋਂ ਮੁਕਤ ਨਹੀਂ ਆਖਿਆ ਜਾ ਸਕਦਾ, ਜਿਹੜੀ ਲਘੂ ਦ੍ਰਿਸ਼ਟੀ ਸਿੱਖ ਧਰਮ ਦੀ ਥਾਂ ਆਪਣੇ ਨਿੱਜੀ ਅਨੁਭਵ ਨੂੰ ਅਚੇਤ ਹੀ ਧਰਮ ਦਾ ਅਨਿੱਖੜ ਅੰਗ ਬਣਾ ਕੇ ਪੇਸ਼ ਕਰਨ ਦੇ ਲਗਾਤਾਰ ਯਤਨ ਵਿੱਚ ਹੈ। ਇਹ ਦੁਖਾਂਤ ਸਾਧਾਰਨ ਸਾਹਿਤਕਾਰ ਤੋਂ ਲੈ ਕੇ ਪ੍ਰਤਿਭਾਸ਼ਾਲੀ ਲੇਖਕਾਂ ਤੱਕ ਵਾਪਰਨਾ ਐਨ ਸੰਭਵ ਹੈ।

ਅਕਾਲ ਫ਼ਤਹਿ ਦੇ ਸੰਕਲਪ ਦੀ ਪੂਰਤੀ ਸਬੰਧੀ ਹਿੰਦੂ ਧਰਮ, ਬੁੱਧ ਧਰਮ ਤੇ ਇਸਾਈ ਧਰਮ ਦੀਆਂ ਗੁਰੂ ਨਾਨਕ ਦੇ ਸਬੰਧ ਵਿੱਚ ਕੀ ਵਿਸ਼ੇਸ਼ ਭਿੰਨਤਾਵਾਂ ਆਖੀਆਂ ਜਾ ਸਕਦੀਆਂ ਹਨ, ਉਹਨਾਂ ਦਾ ਸੰਖੇਪ ਵਿੱਚ ਹਵਾਲਾ ਲੇਖਕ ਦੇ ਆਪਣੇ ਸ਼ਬਦਾਂ ਵਿੱਚ ਹੀ ਏਥੇ ਦੇਣਾ ਯੋਗ ਹੋਵੇਗਾ, ਜਿਸ ਰਾਹੀਂ ਵਿਸ਼ਵ ਧਰਮਾਂ ਦੇ ਸਬੰਧ ਵਿੱਚ ਗੁਰੂ ਨਾਨਕ ਸਾਹਿਬ ਦੀ ਪੈਗੰਬਰੀ ਵਿਲੱਖਣਤਾ ਦਾ ਵੀ ਇਸ ਦੇ ਨਾਲ ਹੀ ਗਿਆਨ ਹੋ ਜਾਂਦਾ ਹੈ:

ਗੁਰੂ ਨਾਨਕ ਸਾਹਿਬ ਨੇ ਤਵਾਰੀਖ ਵਿੱਚ ਜਿਸ ਅਕਾਲ ਫ਼ਤਹਿ ਦੀ ਸਿਖ਼ਰ ਨੂੰ ਪਹਿਲੀ ਵਾਰ ਸਪਰਸ਼ ਕੀਤਾ, ਉਸ ਦੀਆਂ ਪੰਜ ਤੈਹਾਂ ਹਨ। ਪਹਿਲੀ ਤਹਿ ਅੰਤਮ ਹੈ ਦੀ ਦੂਰੀ ਤੋਂ ਵਿਆਪਦੀ ਵਿਆਕੁਲਤਾ ਵਿੱਚ ਦਿੱਤਾ ਮਹਾਂ ਧਰਵਾਸ ਹੈ। ਇਹ ਦੂਰੀ ਭੈਅ ਵਿੱਚੋਂ ਵਿਆਪਦੀ ਹੈ। ਇਸ ਭੈਅ ਦੇ ਛੇ ਰੂਪ:

1. ਬੇਜਾਨ ਅਚਿਹਨਤਾ, ਜੋ ਗਿਣਤੀ ਮਿਣਤੀ ਵਿੱਚ ਆ ਕੇ ਵਿਵੇਕ ਨੂੰ ਬੇਸਹਾਰਾ ਕਰਦੀ ਹੈ।
2. ਮੌਤ ਦਾ ਸੱਚੀ ਮੁੱਚੀ ਦਾ ਭੈਅ ਜੋ ਰਿਗਵੇਦ, ਯਜੁਰਵੇਦ, ਪੁਰਾਣਾਂ ਅਤੇ ਪੁਰਾਤਨ ਇੰਜੀਲ ਵਿੱਚ ਮਿਲਦਾ ਹੈ।
3. ਜੋ ਸਿਧਾਂਤ ਵਰਨ ਉਚ-ਨੀਚਤਾ ਵਿੱਚ ਬੰਨ੍ਹਿਆ ਹੈ, ਉਸ

ਇਕਹਿਰੇ ਸਿਧਾਂਤ ਨਾਲ ਅੰਤਮ ਅਸਲੀਅਤ ਦੇ ਪੈਮਾਨੇ ਨੀਅਤ ਕਰਨੇ ਅਤੇ ਇਸ ਵਿਰੋਧ ਵਿੱਚੋਂ ਉਪਜਿਆ ਨਾਸਤਕ ਭੈਅ।

4. ਨਵੀਂ ਅੰਜੀਲ ਦੀ ਕਾਲ ਪਰਵਾਨ ਇਕਾਗਰਤਾ ਦਾ ਭੈਅ।
5. ਜ਼ਿੰਦਗੀ ਨੂੰ ਸਰਬ ਦੁੱਖ ਵਿੱਚ ਚਿਤਵਦਾ ਭੈਅ।
6. ਪਰਤੱਖ ਕੁਦਰਤ ਤੋਂ ਮੁਨਕਰ ਸ਼ੂਨਯ ਦਾ ਭੈਅ।

ਅਕਾਲ ਫ਼ਤਹਿ ਦੀ ਦੂਸਰੀ ਤਹਿ ਨਿੱਕੀ ਤੋਂ ਨਿੱਕੀ ਚੀਜ਼ ਵਿੱਚ ਸਿਦਕ ਉਪਜਾਉਂਦੀ ਹੈ, ਹੁਕਮ ਦੀ ਤਾਨ ਹਰ ਚੀਜ਼ ਵਿੱਚੋਂ ਪਾਰਦਰਸ਼ੀ ਹੋ ਕੇ ਝਾਕਦੀ ਹੈ। ਅਕਾਲ ਫ਼ਤਹਿ ਦੀ ਤੀਸਰੀ ਤਹਿ ਜੀਵਨ ਦੀ ਤੁਛਤਾ ਨੂੰ ਆਪਣੀ ਪਹਿਚਾਣ ਹੇਠ ਲਿਆਉਣ ਦਾ ਕਰਮ ਕਰਦੀ ਹੈ। ਹਰ ਚੀਜ਼ ਕਿਸੇ ਇਕਰਾਰ ਨਾਲ ਬੱਝ ਜਾਂਦੀ ਹੈ। ਅਕਾਲ ਫ਼ਤਹਿ ਦੀ ਚੌਥੀ ਤਹਿ ਖ਼ਾਲਸ ਵਜਦ ਦਾ ਉਹ ਰੂਪ ਹੈ ਜਦ ਸਿੱਖ ਉੱਤੇ ਅਪਾਰ ਬਖ਼ਸ਼ਿਸ਼ ਦੀ ਬੇਪਰਵਾਹ ਭਰਪੂਰਤਾ ਛਾ ਜਾਂਦੀ ਹੈ ਅਤੇ ਉਹ ਸਦਾ ਸਲਾਮਤ ਹੋਣ ਦੇ ਚਾਅ ਵਿੱਚ ਤੁਰਦਾ ਹੈ।

ਅਕਾਲ ਫ਼ਤਹਿ ਦੀ ਪੰਜਵੀਂ ਤਹਿ ਉਪਰੋਕਤ ਚਾਰ ਰੂਪਾਂ ਨੂੰ ਇਨਸਾਨ ਵਿੱਚ ਅਭੇਦ ਕਰਦੀ ਹੈ। ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦੀ ਮਹਾਨ ਸੰਗਤ ਉਪਰੋਕਤ ਚਾਰ ਤੈਹਾਂ ਦੀ ਪਛਾਣ ਵਿੱਚ ਹੋਣੀ ਜ਼ਰੂਰੀ ਹੈ। (18)

ਹਰਿੰਦਰ ਸਿੰਘ ਮਹਿਬੂਬ ਰਾਹੀਂ ਅਕਾਲ ਫ਼ਤਹਿ ਦੇ ਦਰਸਾਏ ਉਪਰੋਕਤ ਪੰਜ ਤੈਹਾਂ ਵਾਲੇ ਸਗਲ ਰੂਪ ਨੂੰ ਗੁਰੂ ਨਾਨਕ ਸਾਹਿਬ ਤੋਂ ਬਿਨਾਂ ਕਿਸੇ ਵੀ ਵਿਸ਼ਵ ਦੇ ਪੈਗੰਬਰ, ਅਵਤਾਰ ਜਾਂ ਸੰਤ ਨੇ ਪੂਰਨ ਰੂਪ ਵਿੱਚ ਅਮਲ ਵਿੱਚ ਨਹੀਂ ਲਿਆਂਦਾ। ਖ਼ਾਲਸ ਕੁਦਰਤ ਅਤੇ ਅਕਾਲ ਫ਼ਤਹਿ ਦੇ ਪ੍ਰਸੰਗ ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਕਿਹੜੀ ਸੰਪੂਰਨ ਅਨੁਭਵੀ ਦ੍ਰਿਸ਼ਟੀ ਦਾ ਪ੍ਰਯੋਗ ਕੀਤਾ ਤਾਂ ਕਿ ਗੁਰੂ ਨਾਨਕ ਸਾਹਿਬ ਦੀ ਮਹਾਨ ਗੁਰੂ-ਆਮਦ ਦੇ ਸੂਖਮ ਰਹੱਸਾਂ ਦੀ ਵਿਲੱਖਣ ਪਹਿਚਾਣ ਨੂੰ ਬਾਕੀ ਧਰਮਾਂ, ਜਿਵੇਂ ਕਿ ਹਿੰਦੂ ਧਰਮ, ਬੁੱਧ ਧਰਮ, ਪੁਰਾਣੀ ਬਾਈਬਲ, ਨਵੀਂ ਬਾਈਬਲ ਅਤੇ ਇਸਲਾਮ, ਦੇ ਸਬੰਧ ਵਿੱਚ ਮੰਨਣਯੋਗ ਢੰਗ ਨਾਲ ਸਹਿਮਤ ਕੀਤਾ ਜਾ ਸਕੇ। ਉਹਨਾਂ ਨੇ ਉਪਰੋਕਤ ਅਤਿ ਕਠਨ ਕਾਰਜ ਨੂੰ ਨਿਭਾਉਣ ਲਈ ਅਧਿਆਤਮਕ ਦ੍ਰਿਸ਼ਟੀ (Metaphysical vision) ਦਾ ਪ੍ਰਯੋਗ ਕੀਤਾ। ਇਸ ਵਿਧੀ ਨਾਲ ਯਥਾਰਥਵਾਦ ਤਰਕ, ਲੌਜਿਕ, ਯਥਾਰਥਵਾਦ, ਮਨੋਵਿਗਿਆਨ ਅਤੇ ਦਰਸ਼ਨ ਆਦਿ ਦਾ ਆਪਸੀ ਤਾਲਮੇਲ ਵੀ ਅਨਿੱਖੜ ਰੂਪ ਵਿੱਚ ਇੱਕਸੁਰ ਰਹਿੰਦਾ ਹੈ। ਹਰਿੰਦਰ ਸਿੰਘ ਮਹਿਬੂਬ ਦੇ ਉਪਰੋਕਤ ਧਰਮਾਂ ਪ੍ਰਤੀ ਅਤਿ ਢੁਕਵੀਂ ਤੇ ਅਨੁਕੂਲ ਅਧਿਆਤਮਕ ਦ੍ਰਿਸ਼ਟੀ ਦੇ ਅਪਨਾਉਣ ਸਬੰਧੀ ਵਿਸ਼ਵ ਪ੍ਰਸਿੱਧ ਚਿੰਤਕ ਫਰਿਥ ਜਾਫ ਸ਼ੂਨ ਦਾ ਹਵਾਲਾ ਉਹਨਾਂ ਦੀ ਵਿਸ਼ਵ ਪ੍ਰਸਿੱਧ ਪੁਸਤਕ ''**ਮਜ਼ੑਬਾਂ ਦੀ ਪਾਰਗਾਮੀ ਏਕਤਾ**'' ਵਿੱਚੋਂ ਦੇਣਾ ਉਚਿਤ ਸਮਝਦੇ ਹਾਂ ਤਾਂ ਕਿ ਆਧੁਨਿਕ ਯੁੱਗ ਦੀ ਨਾਸਤਕ ਪਰਵਿਰਤੀ ਵਾਲੀ ਇਕਹਿਰੀ ਸੋਚਣੀ ਪ੍ਰਤੀ ਪਾਠਕ ਨੂੰ ਸਹੀ ਅਨੁਮਾਨ ਲੱਗ ਸਕੇ:

Since purely intellectual knowledge is by definition beyond the reach of the individual, being in its essence super individual, universal or divine and since it proceeds from pure intelligence, which is direct and not discursive, it follows that this knowledge not only goes future than faith in the ordinary sense of this term. In other words, intellectual knowledge also transcends the specifically theological point of view, which is itself incomparably superior to the philosophical point of view, sense like metaphysical knowledge, it emanates from God and not from man; but where as metaphysic proceeds wholly from intellectual intuition religion proceeds from Revelation. The letter is the word of God spoken to His creatures, where as intellectual intuition is a direct and active participation in divine knowledge and not an indirect and passive participation, as is faith. (XXX)

''**ਜਿਉਂ ਕਰ ਸੂਰਜ ਨਿਕਲਿਆ**'' ਵਾਲੀ ਇਸ ਪਹਿਲੀ ਪੁਸਤਕ ਵਿੱਚ ਵਿਸ਼ਵ-ਧਰਮਾਂ ਦੇ ਸਬੰਧ ਵਿੱਚ ਕੇਵਲ ਇਸਲਾਮ ਧਰਮ ਨੂੰ ਹੀ ਮਜ਼ੑਬਾਂ ਦੇ ਅੰਤਰੀਵ ਤਾਲ ਵਿੱਚ ਜਨਮੀ ਬੁੱਤਪ੍ਰਸਤੀ ਦੇ ਤੋੜਨ ਸਬੰਧੀ ਬਾਕੀ ਧਰਮਾਂ ਵਿੱਚ ਸਭ ਤੋਂ ਸਫ਼ਲ ਮੰਨਿਆ ਹੈ। ਮਜ਼ੑਬਾਂ ਵਿੱਚ ਬੁੱਤਪ੍ਰਸਤੀ ਦਾ ਦੌਰ ਕਿਉਂ ਅਤੇ ਕਿਵੇਂ ਸ਼ੁਰੂ ਹੁੰਦਾ ਹੈ, ਇਸ ਦੀ ਪੂਰੀ ਪਹਿਚਾਣ ''ਸਹਿਜੇ ਰਚਿਓ ਖ਼ਾਲਸਾ'' ਦੀ ਛੇਵੀਂ ਕਿਤਾਬ ''**ਬਿਪਰ ਸੰਸਕਾਰ**'' ਵਿੱਚ ਵਿਸਥਾਰ ਸਹਿਤ ਕਰਵਾਈ ਜਾਵੇਗੀ। ਏਥੇ ਕੇਵਲ ਸੰਕੇਤਕ ਰੂਪ ਵਿੱਚ ਹੀ ਦੱਸਣਾ ਯੋਗ ਹੈ ਕਿ ਵਿਸ਼ਵ ਧਰਮਾਂ ਵਿੱਚ ਵਿਆਪਦੇ ਬੁੱਤਪ੍ਰਸਤੀ ਦੇ ਦੌਰ ਨੂੰ ਇਸਲਾਮ ਨੇ ਕਿੱਥੋਂ ਕੁ ਤੱਕ ਤੋੜਿਆ। ਕੁਰਾਨ ਵਿੱਚ ਜੋ ਪੁਸ਼ਤਾਂ ਦੀਆਂ ਪੁਸ਼ਤਾਂ ਦੇ ਤਬਾਹ ਹੋਣ ਦਾ ਲਗਾਤਾਰ ਜ਼ਿਕਰ ਚੱਲਦਾ ਹੈ,

ਉਹ ਅਸਲ ਵਿੱਚ ਧਰਮਾਂ ਵਿੱਚ ਨਿਰਾਕਾਰ ਬੁੱਤ ਦੇ ਟੁੱਟਣ ਵੱਲ ਹੀ ਇੱਕ ਸੰਕੇਤ ਹੈ, ਜਿਹੜਾ ਬੁੱਤ ਲੇਖਕ ਦੇ ਆਪਣੇ ਸ਼ਬਦਾਂ ਵਿਚ ਹੀ:

੧. ਮਨੁੱਖ ਅਤੇ ਮਨ ਨੂੰ ਜਾਦੂ ਨਾਲ ਘੇਰਦਾ ਸੀ;
੨. ਸ਼ੂਨਯਤਾ ਅਤੇ ਨਿਰਾਕਾਰਤਾ ਦਾ ਹੌਲ ਉਪਜਾਉਂਦਾ ਸੀ;
੩. ਪੌਰਾਣਿਕ ਅਚੰਭੇ ਨਾਲ ਮਨ ਨੂੰ ਸਿਥਲ ਕਰਦਾ ਸੀ;
੪. ਵਹਿਮ-ਰੋਮਾਂਸ ਦਾ ਫ਼ਰੇਬ ਕਰਦਾ ਸੀ;
੫. ਹੰਕਾਰ ਅਤੇ ਸ਼ੇਖ਼ੀ ਨੂੰ ਪੈਦਾ ਕਰਦਾ ਸੀ ।

ਲੇਖਕ ਨੇ ਇਸ ਪੁਸਤਕ ਵਿੱਚ ਇਸਲਾਮ ਨੂੰ ਵਿਸ਼ੇਸ਼ ਤਿੰਨ ਹਿੱਸਿਆਂ ਵਿੱਚ ਪੇਸ਼ ਕਰਦਿਆਂ ਇਸ ਧਰਮ ਦੀਆਂ ਬੇਮਿਸਾਲ ਖ਼ੂਬੀਆਂ ਨੂੰ ਦਰਸਾਇਆ ਹੈ। ਪਹਿਲੇ ਪੜਾਅ ਵਿੱਚ ਕੁਫ਼ਰ ਦੇ ਬੁੱਤ ਦੇ ਟੁੱਟਣ ਦੀ ਦਾਸਤਾਨ ਹੈ ਕਿ ਕਿਵੇਂ ਮਨੁੱਖ ਖ਼ੁਦਾ ਦੀ ਅਮਾਨਤ ਦਾ ਬੋਝ ਚੁੱਕ ਕੇ ਜ਼ਮੀਨਾਂ ਅਤੇ ਅਸਮਾਨਾਂ ਤੋਂ ਵੱਡਾ ਹੋ ਜਾਂਦਾ ਹੈ। ਦੂਸਰੇ ਪੜਾਅ ਵਿੱਚ ਲੇਖਕ ਨੇ ਮਿਅਰਾਜ ਦੀ ਅਧਿਆਤਮਕ ਵਿਲੱਖਣਤਾ ਨੂੰ ਪੇਸ਼ ਕੀਤਾ ਹੈ ਅਤੇ ਤੀਸਰੇ ਪੜਾਅ ਵਿੱਚ ਕਿਆਮਤ ਦੇ ਰੋਜ਼ ਨੂੰ ਬਿਆਨ ਕੀਤਾ ਗਿਆ ਹੈ ਕਿ ਇਹਨਾਂ ਕਰਮਵਾਰ ਤਿੰਨ ਪੜਾਵਾਂ ਵਿੱਚ ਰਸੂਲ ਰਾਹੀਂ ਨਾਜ਼ਲ ਹੋਏ ਕੁਰਾਨ ਮਜੀਦ ਦੇ ਤਸੱਵੁਫ ਨੂੰ ਬਖ਼ੂਬੀ ਦਰਸਾਇਆ ਹੈ। ਪ੍ਰੰਤੂ ਏਸੇ ਪੁਸਤਕ ਦੇ ਸਫ਼ਾ 22-23 ਵਿੱਚ ਰਸੂਲ ਦੇ ਸ਼ੰਕਿਆਂ ਨੂੰ ਵੀ ਬੇਨਕਾਬ ਕਰਦਿਆਂ ਇਹਨਾਂ ਨੂੰ ਹਵਾਲਿਆਂ ਸਹਿਤ ਦ੍ਰਿੜ੍ਹ ਕਰਵਾਇਆ ਹੈ।

ਲੇਖਕ ਨੇ ਇਸ ਪੁਸਤਕ ਵਿੱਚ ਕੁਦਰਤ ਦੇ ਭਿੰਨ-ਭਿੰਨ ਪੜਾਵਾਂ ਜਿਵੇਂ ਕਿ ਉੱਚੀ ਸੁਰਤਿ, ਵਿਜੈਈ ਤਰਕ, ਸਿਦਕ ਪ੍ਰਬਲਤਾ, ਸਾਦਗੀ ਦੀ ਬੇਮਿਸਾਲ ਘੜੀ, ਵਿਸਮਾਦ ਨਕਸ ਅਤੇ ਗੁਰਮੁਖ ਰਾਹੀਂ, ਵਿਸ਼ਵ ਧਰਮ ਦੇ ਪ੍ਰਸੰਗ ਵਿੱਚ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਉਪਰੋਕਤ ਸੰਕਲਪਾਂ ਨੂੰ ਕਰਮਵਾਰ ਵਿਸ਼ਵ ਧਰਮਾਂ ਨੇ ਜ਼ਿੰਦਗੀ ਦੇ ਅਮਲ ਵਿੱਚ ਕਿੱਥੋਂ ਕੁ ਤੱਕ ਨਿਭਾਇਆ ਹੈ।

ਅਕਾਲ ਫ਼ਤਹਿ ਦੇ ਸੰਕਲਪ ਨੂੰ ਖ਼ਾਲਸ ਕੁਦਰਤ, ਅੰਤਮ ਹਾਂ ਅਤੇ ਅੰਤਮ ਨਾਂਹ ਦੇ ਪ੍ਰਸੰਗ ਵਿਚ ਵੱਖ-ਵੱਖ ਧਰਮਾਂ ਨੂੰ ਉਹਨਾਂ ਦੀ ਸਮਰੱਥਾ ਅਨੁਸਾਰ ਬੇਨਕਾਬ ਕਰਦਿਆਂ ਹਰਿੰਦਰ ਸਿੰਘ ਮਹਿਬੂਬ ਨੇ ਇਹ ਦਰਸਾਇਆ ਹੈ ਕਿ ਗੁਰੂ ਨਾਨਕ ਸਾਹਿਬ ਅਤੇ ਬਾਕੀ ਗੁਰੂ ਸਾਹਿਬਾਨਾਂ ਦੀ ਆਮਦ ਤੋਂ ਪਹਿਲਾਂ ਕਿਸੇ ਵੀ ਧਰਮ ਵਿੱਚ ਅਕਾਲ ਫ਼ਤਹਿ ਦਾ ਮੁਕੰਮਲ ਪ੍ਰਕਾਸ਼ ਨਹੀਂ ਹੁੰਦਾ, ਭਾਵੇਂ ਕਿ ਖੰਡਿਤ ਰੂਪ ਵਿੱਚ ਵੱਖ-ਵੱਖ ਧਰਮਾਂ ਦੇ ਸਬੰਧ ਵਿੱਚ ਇਸ ਦਾ ਜ਼ਹੂਰ ਮਜ਼੍ਹਬਾਂ ਦੀ ਦੈਵੀ ਚੜ੍ਹਤ ਦੇ ਅਨੁਪਾਤ ਅਨੁਸਾਰ ਹੁੰਦਾ ਰਿਹਾ ਹੈ। ਉਹਨਾਂ ਦੇ ਆਪਣੇ ਸ਼ਬਦਾਂ ਵਿੱਚ ਅਕਾਲ ਫ਼ਤਹਿ ਦੇ ਸੰਕਲਪ ਦੀ ਪੂਰਤੀ ਕਰਨ ਪ੍ਰਤੀ ਬਾਕੀ ਧਰਮਾਂ ਦਾ ਕੀ ਸਥਾਨ ਅਤੇ ਯੋਗਦਾਨ ਹੈ, ਏਥੇ ਦੇਣਾ ਅਤਿ ਯੋਗ ਸਮਝਦੇ ਹਾਂ:

ਸਾਨੂੰ ਮੁਲਕਾਂ ਦੀ ਲੰਬਾਈ-ਚੌੜਾਈ ਨਾਲ ਵਾਸਤਾ ਨਹੀਂ ਅਤੇ ਨਾ ਗਿਣਤੀ ਦਾ ਹੀ ਸੁਆਲ ਉਠਾਉਂਦੇ ਹਾਂ, ਕੇਵਲ ਇਹੋ ਕਥਨ ਕਰਨਾ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ, ਵੇਦਾਂ ਅਤੇ ਪੁਰਾਤਨ ਬਾਈਬਲ ਦੇ ਜ਼ਮਾਨਿਆਂ ਤੋਂ ਲੈ ਕੇ ਕਿਸੇ ਖੁਦਾਈ ਕਿਤਾਬ, ਬਿਬੇਕ ਸ਼ਾਸਤਰ, ਕਿਸੇ ਸੰਤ, ਰਿਸਿ, ਮੁਨੀ, ਕਵੀ ਯੋਗ, ਅਵਤਾਰ ਜਾਂ ਪੈਗੰਬਰ ਨੇ ਅਕਾਲ ਫ਼ਤਹਿ ਦਾ ਪੂਰਨ ਪ੍ਰਕਾਸ਼ ਨਹੀਂ ਕੀਤਾ। ਰਾਮ ਅਤੇ ਕ੍ਰਿਸ਼ਨ ਜਿਹੇ ਅਰਧ ਪੌਰਾਣਿਕ ਜਾਂ ਧੁੰਦਲੇ ਇਤਿਹਾਸਕ ਨਾਇਕ, ਜਿਹੜੇ ਕਵਿਤਾ ਅਤੇ ਫ਼ਲਸਫ਼ੇ ਅਨੁਸਾਰ ਮਰਯਾਦਾ ਪ੍ਰਸ਼ੋਤਮ ਅਤੇ ਕਰਮ ਯੋਧੇ ਆਖੀਂਦੇ ਹਨ; ਵੱਡੇ ਜਪਾਂ-ਤਪਾਂ ਅਤੇ ਗਹਿਰ-ਗੰਭੀਰ ਨਿਰਵਾਣ ਵਾਲੇ ਬੁੱਧ ਜੀ, ਜਿਹੜੇ ਬੁੱਧ ਜਾਤਕਾਵਾਂ ਅਨੁਸਾਰ ਅਨੰਤ ਬੋਧੀ ਸਤੂ ਲੜੀ ਦੀ ਆਖਰੀ ਸੰਪੂਰਨਤਾ ਸਨ ਅਤੇ ਬੇ-ਪਨਾਹ ਤਰਸ ਨਾਲ ਭਰੇ ਅਤੇ ਸੂਲੀ 'ਤੇ ਖੁਦਾਈ ਰੌਸ਼ਨੀ ਦਾ ਜਲਵਾ ਨਮੂਦਾਰ ਕਰਨ ਵਾਲੇ ਈਸਾ-ਮਸੀਹ ਜੀ, ਜਿਨ੍ਹਾਂ ਨੂੰ ਨਵੀਨ ਅੰਜੀਲ ਸੱਚੀ ਮੁੱਚੀਂ ਪਰਮਾਤਮਾ ਦਾ ਸਪੁੱਤਰ ਫ਼ਰਮਾਉਂਦੀ ਹੈ, ਇਹਨਾਂ ਵਿੱਚੋਂ ਕਿਸੇ ਨੇ ਵੀ ਅਕਾਲ ਫ਼ਤਹਿ ਦਾ ਸੰਪੂਰਣ ਦੀਦਾਰ ਖ਼ਾਲਸ ਕੁਦਰਤ ਵਿੱਚ ਪੈਦਾ ਨਹੀਂ ਕੀਤਾ। (2-3)

ਲੇਖਕ ਨੇ ਪਹਿਲਾਂ ਵੱਖ-ਵੱਖ ਧਰਮਾਂ ਦੀ ਸੂਖਮ ਵਿਆਖਿਆ ਰਾਹੀਂ ਇਹ ਦ੍ਰਿੜ੍ਹ ਕਰਵਾਇਆ ਕਿ ਗੁਰੂ ਨਾਨਕ ਸਾਹਿਬ ਨੇ ਅਕਾਲ ਫ਼ਤਹਿ ਦਾ ਸੰਦੇਸ਼ ਸਭ ਤੋਂ ਪਹਿਲਾਂ ਮਰਦਾਨੇ ਨੂੰ ਦਿੱਤਾ ਅਤੇ ਫੇਰ ਸਮੁੱਚੀ ਮਨੁੱਖਤਾ ਉੱਪਰ ਇਸ ਦੀ ਬਖ਼ਸ਼ਿਸ਼ ਕੀਤੀ।

"**ਜਿਉਂ ਕਰ ਸੂਰਜ ਨਿਕਲਿਆ**" ਪੁਸਤਕ ਇਹ ਦੱਸਦੀ ਹੈ ਕਿ ਵਿਸ਼ਵ ਧਰਮਾਂ ਵਿੱਚ ਗੁਰੂ ਨਾਨਕ ਸਾਹਿਬ ਅਕਾਲ ਫ਼ਤਹਿ ਦੇ ਸੰਕਲਪ ਨੂੰ ਸਭ ਤੋਂ ਸੰਪੂਰਨ ਤੇ ਮੁਕੰਮਲ ਰੂਪ ਵਿੱਚ ਅਮਲ ਵਿੱਚ ਲਿਆਉਂਦੇ ਹਨ। ਏਸੇ ਪੁਸਤਕ ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਨਾਨਕ ਸਾਹਿਬ ਦੇ ਸਮੇਂ ਅਤੇ ਉਹਨਾਂ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਕਵੀਆਂ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੇ ਕਾਵਿ-

ਆਵੇਸ਼ ਰਾਹੀਂ ਇਹ ਦਰਸਾਇਆ ਹੈ ਕਿ ਵਿਸ਼ਵ ਦੇ ਵੱਖ-ਵੱਖ ਧਰਮਾਂ ਨੂੰ ਸਾਜਣ ਵਾਲੇ ਪੈਗੰਬਰਾਂ, ਗੁਰੂਆਂ ਅਤੇ ਅਵਤਾਰਾਂ ਨੂੰ ਉਹਨਾਂ ਦੇ ਆਪਣੇ ਯੁੱਗ ਵਿੱਚ ਕਿਸੇ ਵੀ ਸਮਕਾਲੀ ਮਹਾਨ ਕਵੀ ਨੇ ਅਜਿਹੀ ਬੁਲੰਦੀ ਅਤੇ ਉੱਚਾਈ ਤੋਂ ਪੇਸ਼ ਨਹੀਂ ਕੀਤਾ ਜਿਵੇਂ ਕਿ ਗੁਰੂ ਨਾਨਕ ਸਾਹਿਬ ਨੂੰ ਉਹਨਾਂ ਦੇ ਸਮਕਾਲੀ ਕਵੀ ਭਾਈ ਗੁਰਦਾਸ ਅਤੇ ਥੋੜ੍ਹਾ ਸਮਾਂ ਪਿੱਛੋਂ ਆਉਣ ਵਾਲੇ ਕਵੀ ਭਾਈ ਨੰਦ ਲਾਲ ਜੀ ਨੇ ਪੇਸ਼ ਕੀਤਾ ਹੈ। ਇਹਨਾਂ ਦੋਹਾਂ ਕਵੀਆਂ ਦੇ ਕਾਵਿ-ਆਵੇਸ਼ ਨੂੰ ਗੁਰੂ ਨਾਨਕ ਆਮਦ ਨਾਲ ਜਿਹੜੀ ਦਿਬ ਦ੍ਰਿਸ਼ਟੀ ਅਤੇ ਇਲਾਹੀ ਜ਼ੀਨਤ ਦੀ ਨੇੜਤਾ ਨਸੀਬ ਹੋਈ, ਉਸ ਨੇੜਤਾ ਦੇ ਸੰਪੂਰਨ ਪ੍ਰਕਾਸ਼ ਵਿੱਚੋਂ ਇਹਨਾਂ ਕਵੀਆਂ ਨੂੰ ਗੁਰੂ ਨਾਨਕ ਸਾਹਿਬ ਤੋਂ ਪਹਿਲੇ ਹਰ ਧਰਮ ਅਤੇ ਪੈਗੰਬਰ ਵਿੱਚ ਕੋਈ ਨਾ ਕੋਈ ਊਣਤਾ ਜ਼ਰੂਰ ਦਿੱਸੀ, ਭਾਵੇਂ ਕਿ ਇਹਨਾਂ ਕਵੀਆਂ ਨੇ ਗੁਰੂ ਨਾਨਕ ਸੱਚ ਦੇ ਪ੍ਰਕਾਸ਼ ਵਿੱਚੋਂ ਪਹਿਲੇ ਧਰਮਾਂ ਦੀ ਸਹੀ ਪਹਿਚਾਣ ਕਰਵਾਉਂਦਿਆਂ ਉਹਨਾਂ ਦੀਆਂ ਵਿਸ਼ੇਸ਼ ਖੂਬੀਆਂ ਵੀ ਜ਼ਰੂਰ ਪ੍ਰਵਾਨ ਕੀਤੀਆਂ ਹਨ। ਭਾਈ ਗੁਰਦਾਸ ਜੀ ਨੂੰ ਗੁਰੂ ਨਾਨਕ ਸੱਚ ਵਿੱਚੋਂ ਮਜ਼੍ਹਬਾਂ ਦਾ ਅਸਲ ਮੁਹਾਂਦਰਾ ਕਿਵੇਂ ਦਿੱਸਿਆ ਅਤੇ ਇਹਨਾਂ ਮਜ਼੍ਹਬਾਂ ਦੀ ਕਾਲ ਅਤੇ ਵਿਥ 'ਤੇ ਫੈਲੀ ਲੰਬੀ ਕਤਾਰ ਵਿੱਚ ਹਨੇਰੇ ਦਾ ਮੌਜੂਦ ਹੋਣਾ ਆਦਿ ਨੂੰ ਭਾਈ ਗੁਰਦਾਸ ਨੇ ਬਖ਼ੂਬੀ ਨਿਭਾਇਆ ਹੈ। ਜਦੋਂ ਕਿ ਉਹਨਾਂ ਦੇ ਆਵੇਸ਼ ਦਾ ਮੂਲ ਆਧਾਰ ਗੁਰੂ ਨਾਨਕ ਸੱਚ ਦੇ ਪ੍ਰਕਾਸ਼ ਦਾ ਸਿਦਕ ਹੀ ਆਖਿਆ ਜਾ ਸਕਦਾ ਹੈ। ਹਰਿੰਦਰ ਸਿੰਘ ਮਹਿਬੂਬ ਦੀ ਪਹਿਲੀ ਪੁਸਤਕ ਵਿੱਚੋਂ ਇਸ ਦਾ ਹਵਾਲਾ ਪੇਸ਼ ਕਰਦੇ ਹੋਏ ਉਪਰੋਕਤ ਪੱਖ ਨੂੰ ਦ੍ਰਿੜ੍ਹ ਕਰਵਾਉਣ ਦਾ ਯਤਨ ਕਰਦੇ ਹਾਂ।

ਭਾਈ ਗੁਰਦਾਸ ਦੇ ਵਿਵੇਕ ਵਿੱਚ ਗੁਰੂ ਨਾਨਕ ਸੱਚ ਅਤੇ ਗੁਰੂ ਨਾਨਕ ਹੋਂਦ ਦੀ ਇੱਕ ਐਸੀ ਤਾਕਤ ਹੈ, ਜਿਸਨੇ ਸਾਰੇ ਮਨੁੱਖੀ ਗੁਨਾਹਾਂ ਨੂੰ ਆਖ਼ਰੀ ਇਨਸਾਫ਼ ਦੀ ਹਜ਼ੂਰੀ ਵਿੱਚ ਬੁਲਾਇਆ ਹੈ, ਜਮ ਦੇ ਭੈਅ ਤੋਂ ਬਾਹਰ ਇੱਕ ਸਿਦਕ ਅਪਣਾ ਲਿਆ ਹੈ; ਜਿਸ ਨੇ ਫ਼ਲਸਫ਼ਿਆਂ ਦੀ ਨਿਪੁੰਨਤਾ, ਰਿਧੀਆਂ-ਸਿਧੀਆਂ ਦੀ ਲਤੀਫ ਜੁਗਤੀ, ਵੇਦਾਂਤ ਦੀ ਮਹਾਨ ਸੁਰਤਿ, ਕਰਾਮਾਤਾਂ ਅਤੇ ਸੂਰਮਿਆਂ ਦੀ ਪੈਰਾਂ ਹੇਠੋਂ ਜ਼ਮੀਨ ਨੂੰ ਫਿਸਲਦੀ ਵੇਖ ਲਿਆ, ਪਰ ਇਸ ਵੀਰਾਨੀ ਵਿੱਚ ਵੀ ਕਿਸੇ ਆਸਰੇ ਨੂੰ ਟੋਲ ਲਿਆ ਹੈ। ਇਸ ਉੱਚੀ ਸੁਰਤਿ ਨੇ ਹਰ ਚੀਜ਼ ਦੀ ਉਮਰ ਦਾ ਭੇਦ ਪਾ ਲਿਆ ਹੈ। ਹਰ ਪੜਾਅ ਉਤੇ ਵੱਖ-ਵੱਖ ਰੂਹਾਨੀ ਤਜ਼ਰਬਿਆਂ ਨੂੰ ਪਰਖ ਲਿਆ ਹੈ; ਪੈਗੰਬਰਾਂ ਦੇ ਫ਼ੈਸਲੇ ਸੁਣ ਲਏ ਹਨ; ਆਤਮਾ ਦੇ ਚੋਜਾਂ ਨੂੰ ਜਾਂਚ ਲਿਆ ਹੈ; ਕੌਮਾਂ ਨਾਲ ਸਾਂਝ ਪਾ ਕੇ ਵਿਜੋਗ ਨੂੰ ਵਿਹਾਜਿਆ ਹੈ ਅਤੇ ਵੱਖ-ਵੱਖ ਉਪਦੇਸ਼ਾਂ ਦੀ ਹੰਢਣਸਾਰੀ ਜਾਣ ਲਈ ਹੈ। ਗੁਰਮੁਖ ਗੁਰੂ ਨਾਨਕ ਸਾਹਿਬ ਦਾ ਨਿਰੰਤਰ ਅਹਿਸਾਸ ਹੈ (43-44)

## ''ਸਹਿਜੇ ਰਚਿਓ ਖ਼ਾਲਸਾ'' ਦੀ ਦੂਸਰੀ ਕਿਤਾਬ: ''ਅਕਾਲ ਫ਼ਤਹ''

ਹਰਿੰਦਰ ਸਿੰਘ ਮਹਿਬੂਬ ਨੇ ''ਸਹਿਜੇ ਰਚਿਓ ਖਾਲਸਾ'' ਨਾਂ ਦੀ ਵੱਡ-ਆਕਾਰੀ ਪੁਸਤਕ ਦੀ ਦੂਸਰੀ ਕਿਤਾਬ ਦਾ ਨਾਂ ਵੀ ਆਪਣੇ ਸਵੈ-ਸਿਰਜੇ ਸੰਕਲਪ ਅਕਾਲ ਫ਼ਤਹਿ ਨੂੰ ਹੀ ਦਿੱਤਾ ਹੈ। ਅਕਾਲ ਫ਼ਤਹਿ ਦੇ ਸੰਕਲਪ ਦੀ ਲੋੜੀਂਦੀ ਜਾਣਕਾਰੀ ਪਹਿਲੀ ਕਿਤਾਬ ਵਿੱਚ ਤਸੱਲੀਬਖ਼ਸ਼ ਢੰਗ ਨਾਲ ਦਿੱਤੀ ਗਈ ਹੈ ਪ੍ਰੰਤੂ ਸੱਤਵੀਂ ਕਿਤਾਬ ''ਮਜ਼੍ਹਬਾਂ ਦਾ ਸਫ਼ਰ'' ਵਿੱਚ ਇਹ ਸਵੈ-ਸਿਰਜਿਆ ਸੰਕਲਪ ਵਿਸ਼ਵ-ਧਰਮਾਂ ਦੀ ਰੂਹਾਨੀ ਮੰਜ਼ਿਲ ਦੀ ਪ੍ਰਾਪਤੀ ਦੇ ਪ੍ਰਸੰਗ ਵਿੱਚ ਉਹਨਾਂ ਦੀ ਦੈਵੀ ਪਹਿਚਾਣ ਕਰਵਾਉਣ ਵਿੱਚ ਵਿਸ਼ੇਸ਼ ਤੌਰ 'ਤੇ ਸਹਾਈ ਹੁੰਦਾ ਹੈ। ਇਸ ਦੂਸਰੀ ਕਿਤਾਬ ''ਅਕਾਲ ਫ਼ਤਹਿ'' ਵਿੱਚ ਲੇਖਕ ਨੇ ਦੂਸਰੇ ਗੁਰੂ ਅੰਗਦ ਸਾਹਿਬ ਤੋਂ ਲੈ ਕੇ ਨੌਵੇਂ ਗੁਰੂ ਤੇਗ ਬਹਾਦਰ ਤੱਕ ਦੇ ਗੁਰੂ ਸਫ਼ਰ ਦੇ ਨਿਰਵਿਘਨ ਰੂਹਾਨੀ ਤਾਲ ਦੀ ਹਰ ਗੁਰੂ ਦੇ ਪ੍ਰਸੰਗ ਵਿੱਚ ਵਿਸ਼ੇਸ਼ ਅਤੇ ਵਿਲੱਖਣ ਪਹਿਚਾਣ ਕਰਵਾਈ ਹੈ। ਇਸ ਪੁਸਤਕ ਦਾ ਅਦ੍ਰਿਸ਼ਟ ਦੈਵੀ ਨਿਯਮ ਪ੍ਰਬੰਧ ਪੂਰਨ ਸਿੰਘ ਦੀ ਪੁਸਤਕ ''ਦੀ ਟੈੱਨ ਮਾਸਟਰਜ਼'' ਨਾਲ ਕੁੱਝ ਹੱਦ ਤੱਕ ਜ਼ਰੂਰ ਮੇਲ ਖਾਂਦਾ ਹੈ ਭਾਵੇਂ ਕਿ ਪੂਰਨ ਸਿੰਘ ਨੇ ਦਸ ਗੁਰੂ ਸਾਹਿਬਾਨ ਦੇ ਜੀਵਨ ਨੂੰ ਗੁਰਬਾਣੀ ਦੀ ਅਧਿਆਤਮਕ ਰਮਜ਼ ਦੇ ਅਨੁਕੂਲ ਵਿਚਰਦਿਆਂ ਵਿਖਾਉਣ ਸਬੰਧੀ ਅਤਿ ਸੰਜਮ ਭਰੀ ਵਿਆਖਿਆ ਕੀਤੀ ਹੈ। ਹਰਿੰਦਰ ਸਿੰਘ ਮਹਿਬੂਬ ਨੇ ''ਸਹਿਜੇ ਰਚਿਓ ਖ਼ਾਲਸਾ'' ਪੁਸਤਕ ਵਿੱਚ ਗੁਰੂ ਨਾਨਕ ਸਾਹਿਬ ਨੂੰ ਪਹਿਲੀ ਕਿਤਾਬ ਪੂਰੀ ਦੀ ਪੂਰੀ ਸਮਰਪਣ ਕੀਤੀ ਹੈ, ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਏਸੇ ਪੁਸਤਕ ਦੀ ਚੌਥੀ ਕਿਤਾਬ ਸਾਰੀ ਦੀ ਸਾਰੀ ਭੇਟ ਕੀਤੀ ਹੈ। ਪ੍ਰੰਤੂ ਦੂਸਰੇ ਗੁਰੂ ਅੰਗਦ ਸਾਹਿਬ ਤੋਂ ਲੈ ਕੇ ਨੌਵੇਂ ਗੁਰੂ ਤੇਗ ਬਹਾਦਰ ਜੀ ਤੱਕ ਨੂੰ ਸਾਰੀ ਦੀ ਸਾਰੀ ਦੂਸਰੀ ਕਿਤਾਬ ''ਅਕਾਲ ਫ਼ਤਹ'' ਭੇਟ ਕੀਤੀ ਗਈ ਹੈ। ਭਾਵ ਇਸ ਪੁਸਤਕ ਵਿੱਚ ਵਿਚਕਾਰਲੇ ਅੱਠ ਗੁਰੂ ਸਹਿਬਾਨ ਦੀ ਜ਼ਿੰਦਗੀ ਦੇ ਉਹਨਾਂ ਬੇਮਿਸਾਲ ਪੱਖਾਂ ਅਤੇ ਸਾਖੀਆਂ ਨੂੰ ਆਧਾਰ ਬਣਾਇਆ ਗਿਆ ਹੈ ਜਿਹੜੇ ਕਿ ਗੁਰੂ ਸਾਹਿਬਾਨ ਦੇ ਜੀਵਨ-ਅਮਲ ਵਿੱਚੋਂ ਗੁਰਬਾਣੀ ਦਾ ਹੂਬਹੂ ਜ਼ਹੂਰ (Menifestation) ਕਰਨ ਸਬੰਧੀ ਵਿਸ਼ੇਸ਼ ਤੌਰ 'ਤੇ ਸਹਾਈ

ਹੁੰਦੇ ਹਨ। ਇਸ ਪੁਸਤਕ ''ਅਕਾਲ ਫ਼ਤਹ'' ਵਿੱਚ ਲੇਖਕ ਦੀ ਮਹਾਨ ਪ੍ਰਤਿਭਾ ਦੀ ਪਹਿਚਾਣ ਇਹ ਹੈ ਕਿ ਏਥੇ ਉਹਨਾਂ ਨੇ ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਦੇ ਸਬੰਧ ਵਿੱਚ ਪਹਿਲੀ ਵਾਰ ਮੰਨਣਯੋਗ ਢੰਗ ਨਾਲ ਇਹ ਸਾਬਤ ਕੀਤਾ ਹੈ ਕਿ ਇਹ ਜ਼ਰੂਰੀ ਨਹੀਂ ਸੀ ਕਿ ਹਰ ਗੁਰੂ ਹੀ ਬਾਣੀ ਰਚੇ। ਸਗੋਂ ਜ਼ਰੂਰੀ ਇਹ ਸੀ ਕਿ ਬਾਣੀ ਭਾਵੇਂ ਕਿਸੇ ਵੀ ਗੁਰੂ ਨੇ ਕਿਉਂ ਨਾ ਰਚੀ ਹੋਵੇ ਪ੍ਰੰਤੂ ਹਰ ਗੁਰੂ ਉਸ ਬਾਣੀ ਦਾ ਜ਼ਿੰਦਗੀ ਦੇ ਅਮਲ ਵਿੱਚ ਆਪਣੀ ਤਰ੍ਹਾਂ ਵੱਖਰੇ-ਵੱਖਰੇ ਪ੍ਰਸੰਗ ਵਿੱਚ ਪ੍ਰਕਾਸ਼ ਕਰੇ। ਭਾਵੇਂ ਕਿ ਨੌਂ ਗੁਰੂ ਸਾਹਿਬਾਨ ਨੂੰ ਗੁਰੂ ਨਾਨਕ ਸਾਹਿਬ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ, ਪ੍ਰੰਤੂ ਲੇਖਕ ਨੇ ਏਥੇ ਇਹ ਸਪਸ਼ਟ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਦਸਵੇਂ ਗੁਰੂ ਸਾਹਿਬ ਤੱਕ ਦੀ ਨਿਰਵਿਘਨ ਰੂਹਾਨੀਅਤ ਦੇ ਸਫ਼ਰ ਵਿੱਚ ਹਰ ਗੁਰੂ ਦਾ ਕਾਰਜ ਉਸਦੇ ਸਥਾਨ ਅਤੇ ਪਾਵਨ ਜਿਸਮ ਦੇ ਅਨੁਸਾਰ ਵੱਖਰਾ ਅਤੇ ਵਿਸ਼ੇਸ਼ ਸੀ ਕਿਉਂਕਿ ਦਸ ਗੁਰੂ ਸਾਹਿਬਾਨ ਦੇ ਕਾਰਜਕਾਲ ਤੱਕ ਨਿਭਣ ਲਈ ਕੇਵਲ ਗੁਰੂ ਨਾਨਕ ਸਾਹਿਬ ਦਾ ਇੱਕੋ ਸਰੀਰ ਕਾਫ਼ੀ ਨਹੀਂ ਸੀ। ਕੁਦਰਤ ਦੇ ਨਿਯਮ ਅਨੁਸਾਰ ਸਰੀਰ ਦੀ ਭਾਵੇਂ ਸੀਮਾ ਹੈ ਪ੍ਰੰਤੂ ਸਰੀਰ ਰਾਹੀਂ ਆਉਣ ਵਾਲੀ ਗੁਰੂ-ਲਿਵ ਦੀ ਸੀਮਾ ਨਹੀਂ; ਇਸ ਲਈ ਗੁਰੂ-ਲਿਵ ਆਪਣੇ ਕਾਰਜ ਦੀ ਪੂਰਤੀ ਅਨੁਸਾਰ ਅੱਗੇ ਤੋਂ ਅੱਗੇ ਜਿਸਮ ਸਾਜਦੀ ਰਹੀ ਹੈ। ਹਰ ਗੁਰੂ ਦੀ ਗੁਰੂਤਵ ਦੇ ਪੱਖ ਤੋਂ ਨਿੱਕੀ-ਵੱਡੀ ਉਮਰ ਦਾ ਨਿਯਮ-ਪ੍ਰਬੰਧ ਵੀ ਏਸੇ ਦ੍ਰਿਸ਼ਟੀ ਵਿੱਚ ਜ਼ਾਹਰ ਹੋ ਜਾਂਦਾ ਹੈ। ਦੂਸਰੇ ਗੁਰੂ ਸਾਹਿਬਾਨ ਤੋਂ ਲੈ ਕੇ ਨੌਵੇਂ ਗੁਰੂ ਤੱਕ ਦੇ ਹਰ ਗੁਰੂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁਕੰਮਲ ਦੈਵੀ ਪ੍ਰਕਾਸ਼ ਅਭੇਦ ਸੀ। ਹਰ ਗੁਰੂ ਆਪਣੇ-ਆਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਮੂਹਕ ਦੈਵੀ ਪ੍ਰਕਾਸ਼ ਸੀ ਭਾਵ ਹਰ ਗੁਰੂ ਦਾ ਸਰੀਰ ਨਾਮ ਭਾਵ ਦੈਵੀ ਅੱਖਰ (Word in Flesh) ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸ਼ਬਦ ਰਾਹੀਂ ਜਿਹੜਾ ਇਲਹਾਮ ਦਾ ਬੁਲੰਦ ਉੱਚਾਈ ਵਾਲਾ ਪੈਂਡਾ ਤਹਿ ਕੀਤਾ ਉਹ ਸਾਰਾ ਸਫ਼ਰ ਗੁਰੂ ਦੇ ਜਿਸਮ, ਜਿਸਨੂੰ ਨਾਮ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ, ਵਿੱਚ ਇੱਕੋ ਵੇਲੇ ਮੌਜੂਦ ਸੀ। ਸੋ ਲੇਖਕ ਦਾ ਕਮਾਲ ਏਥੇ ਇਹ ਹੈ ਕਿ ਗੁਰੂ ਅੰਗਦ ਸਾਹਿਬ ਤੋਂ ਲੈ ਕੇ ਨੌਵੇਂ ਗੁਰੂ ਤੱਕ ਦੇ ਗੁਰੂ-ਕਾਲ ਵਿੱਚੋਂ ਕਿਸੇ ਵੀ ਗੁਰੂ 'ਤੇ ਧਿਆਨ ਧਰਨ ਨਾਲ ਉਸ ਦੇ ਅੱਖਰ ਰੂਪ ਸਰੀਰ ਭਾਵ ਨਾਮ ਵਿੱਚੋਂ ਮੁਕੰਮਲ ਗੁਰੂ ਗ੍ਰੰਥ ਸਾਹਿਬ ਨੂੰ ਪਹਿਚਾਣਿਆ ਜਾ ਸਕਦਾ ਹੈ। ਭਾਵ ਹਰ ਗੁਰੂ ਦਾ ਸਰੀਰ ਜਾਂ ਨਾਮ ਆਪਣੇ-ਆਪ ਵਿੱਚ ਮੁਕੰਮਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਪੁਸਤਕ ਵਿੱਚ ਲੇਖਕ ਨੇ ਆਪਣੀ ਅਧਿਆਤਮਕ ਦ੍ਰਿਸ਼ਟੀ ਦੀ ਦੀਰਘਤਾ ਤੇ ਵਿਸ਼ਾਲ ਕਾਵਿ-ਆਵੇਸ਼ ਰਾਹੀਂ ਇਹ ਦਰਸਾਇਆ ਹੈ ਕਿ ਭਾਵੇਂ ਹਰ ਗੁਰੂ ਨੇ ਬਾਣੀ ਨਹੀਂ ਰਚੀ ਪ੍ਰੰਤੂ ਗੁਰੂ ਸਾਹਿਬਾਨ ਨੇ ਬਾਣੀ ਲਿਖਣ ਦੇ ਨਾਲ ਇਸ ਦਾ ਅਮਲ ਵਿੱਚ ਜ਼ਹੂਰ ਕਰਨਾ ਹੋਰ ਵੀ ਲਾਜ਼ਮੀ ਮੰਨਿਆ ਹੈ। ਜੇਕਰ ਬਾਣੀ ਦੀ ਗਵਾਹੀ ਜੀਵਨ-ਅਮਲ ਵਿੱਚੋਂ ਪ੍ਰਾਪਤ ਨਹੀਂ ਹੁੰਦੀ ਤਾਂ ਇਹ ਇੱਕ ਇਲਹਾਮ (Revelation) ਵਾਲਾ ਧਰਮ-ਗ੍ਰੰਥ ਜਾਂ ਪਾਠ-ਗ੍ਰੰਥ ਹੋਣ ਦੀ ਥਾਂ ਨਿਰੋਲ ਕੋਰਾ ਦਰਸ਼ਨ ਹੀ ਆਖੀ ਜਾ ਸਕਦੀ ਹੈ। ਭਗਵਦ ਗੀਤਾ ਅਤੇ ਵੇਦਾਂਤ ਦੇ ਖੁਸ਼ਕ ਫ਼ਲਸਫ਼ੇ ਨੂੰ ਲੇਖਕ ਨੇ ਇਸ ਪੁਸਤਕ ਵਿੱਚ ਹੀ ਏਸੇ ਲਈ ਧਰਮ-ਗ੍ਰੰਥਾਂ ਦਾ ਰੁਤਬਾ ਹਾਸਲ ਕਰਨ ਵਾਲੇ ਨਹੀਂ ਮੰਨਿਆ। ਵਿਸ਼ਵ ਪ੍ਰਸਿੱਧ ਚਿੰਤਕ ਫਰਿਥ ਜਾਫ ਸ਼ੂਨ ਦਾ ਵਿਚਾਰ ਵੀ ਭਾਗਵਤ ਗੀਤਾ ਅਤੇ ਵੇਦਾਂਤ ਦੇ ਸਬੰਧ ਵਿੱਚ ਮਹਿਬੂਬ ਨਾਲ ਹੀ ਮੇਲ ਖਾਂਦਾ ਹੈ। ਗੁਰੂ ਅੰਗਦ ਸਾਹਿਬ ਦੇ ਗੁਰੂ ਬਣਨ ਤੋਂ ਪਹਿਲਾਂ ਉਹਨਾਂ ਨੂੰ ਭਾਰਤੀ ਧਰਮਾਂ ਦੇ ਸਬੰਧ ਵਿੱਚ ਗੁਰੂ ਨਾਨਕ ਸਾਹਿਬ ਦੀ ਰੂਹਾਨੀ ਵਿਲੱਖਣਤਾ ਕਿਸ ਅੰਦਾਜ਼ ਵਿੱਚ ਦਿੱਸੀ ਕਿ ਗੁਰੂ ਅੰਗਦ ਸਾਹਿਬ ਖ਼ੁਦ ਹੀ ਗੁਰੂ ਨਾਨਕ ਸਾਹਿਬ ਦੇ ਤੀਸਰੇ ਰਾਹ ਦਾ ਇੱਕ ਅਨਿੱਖੜ ਅੰਗ ਬਣ ਗਏ ।

ਸੋ ਇਸ ਵਿਸ਼ਾਲ ਅੰਤਰੀਵ ਇਤਿਹਾਸ ਦੀਆਂ ਅਨੇਕਾਂ ਸ਼ਾਖਾਂ, ਆਪਣਾ ਆਖਰੀ ਰੂਪ ਵੇਖਣ ਦੇ ਚਾਅ ਨਾਲ, ਆਪਣੇ-ਆਪ ਨੂੰ ਆਖਰੀ ਰਣ ਵੱਲ ਲਿਜਾਣ ਦੀ ਤੀਬਰ ਭਾਵਨਾ ਨਾਲ, ਆਵੇਸ਼ਾਂ ਦਾ ਪੰਧ ਮੁਕਾ ਲੈਣ ਦੀ ਤੇਜ਼ੀ ਨਾਲ ਅਤੇ ਸੰਪੂਰਨ ਤੌਰ 'ਤੇ ਨਮੂਦਾਰ ਹੋਣ ਦੀ ਹੁੱਬ ਨਾਲ ਗੁਰੂ ਨਾਨਕ ਸਾਹਿਬ ਦੀ ਹਸਤੀ ਵਿੱਚ ਇੰਞ ਇਕੱਠੀਆਂ ਹੁੱਲ ਪਈਆਂ, ਜਿਵੇਂ ਲੱਖਾਂ ਦਰਿਆ ਅਗਾਹ ਡੂੰਘਾਣਾਂ ਤੱਕ ਖੁੱਭੇ ਹੋਏ ਕਿਸੇ ਇੱਕ ਕੇਂਦਰ ਵਿੱਚ ਡੁੱਬ ਜਾਣ ਜਾਂ ਜਿਵੇਂ ਬ੍ਰਹਿਮੰਡ ਦੀਆਂ ਅਗੰਮ-ਅਸੰਖ ਰਿਸ਼ਮਾਂ ਲਹਿੰਦੀਆਂ-ਲਹਿੰਦੀਆਂ ਕਿਸੇ ਇਕਥਲੀ ਸੂਰਜ ਉੱਤੇ ਲਹਿ ਜਾਣ।

ਸੋ ਐਸੇ ਗੁਰੂ ਨਾਨਕ ਜੀ ਨੂੰ ਲਹਿਣਾ ਮਿਲੇ, ਉਹਨਾਂ ਦੇ ਤੀਸਰੇ ਰਾਹ ਨੂੰ ਪਛਾਣਿਆ, ਪਛਾਣਦੇ-ਪਛਾਣਦੇ ਆਪ ਹੀ ਤੀਸਰਾ ਰਾਹ ਬਣ ਗਏ, ਇਸ ਭਾਰੀ ਦਰਿਆ ਨੂੰ ਪਾਰ ਕੀਤਾ ਅਤੇ ਗੁਰੂ ਨਾਨਕ ਸਾਹਿਬ ਦੀ ਸੱਚੀ ਦਰਗਾਹ ਦਾ ਸੱਚਾ ਨਿਸ਼ਾਨ ਵੇਖਿਆ।(1103)

ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਅੰਗਦ ਸਾਹਿਬ ਦੇ ਪ੍ਰਸੰਗ ਵਿੱਚ ਇਹ ਵੀ ਦਰਸਾਇਆ ਕਿ ਉਹਨਾਂ ਰਾਹੀਂ ਧਾਰੇ ਗੁਰੂ-

ਮਾਰਗ ਦੇ ਨਾਲ ਉਹਨਾਂ ਰਾਹੀਂ ਰਚੀ ਬਾਣੀ, ਗੁਰਮੁਖੀ ਅੱਖਰ ਅਤੇ ਲੰਗਰ ਦੀ ਆਪਣੀ-ਆਪਣੀ ਥਾਂ ਕੀ ਕੀ ਰੂਹਾਨੀ ਮਹੱਤਤਾ ਹੈ। ਲੇਖਕ ਨੇ ਗੁਰੂ ਅੰਗਦ ਸਾਹਿਬ ਦੇ ਸਬੰਧ ਵਿੱਚ ਹਮਾਯੂੰ ਦੀ ਅੱਧ ਖਿੱਚੀ ਤਲਵਾਰ ਦੇ ਗ਼ਜ਼ਬ ਨੂੰ ਵੀ ਏਥੇ ਗੁਰੂ ਅਹਿੰਸਾ ਅੱਗੇ ਇਬਾਦਤ ਦਾ ਸਜਦਾ ਬਣ ਕੇ ਲੇਟਦਿਆਂ ਵਿਖਾਇਆ ਹੈ।

ਤੀਸਰੇ ਗੁਰੂ ਅਮਰਦਾਸ ਜੀ ਜਦੋਂ ਗੁਰੂ ਬਣੇ ਉਸ ਵੇਲੇ ਉਹਨਾਂ ਦੀ ਉਮਰ 73 ਸਾਲ ਦੇ ਲਗਭਗ ਸੀ। ਸੁਖਮਨੀ ਸਾਹਿਬ ਵਿੱਚ ਆਉਂਦਾ ਹੈ ਕਿ ''ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ'' ਭਾਵ ਗੁਰੂ-ਲਿਵ ਨਾਲ ਇੱਕਮਿੱਕ ਸਿਮਰਨ ਵਿੱਚ ਲੀਨ ਸਰੀਰ ਦਿਨ ਅਤੇ ਰਾਤ ਅਥਾਹ ਪ੍ਰੇਰਨਾ ਦਾ ਸੋਮਾ ਬਣ ਲਗਾਤਾਰ ਜਾਗਰਤ ਰਹਿੰਦਾ ਹੈ। ਅਜਿਹੇ ਪ੍ਰੇਰਤ ਅਤੇ ਜਾਗਰਤ ਸਰੀਰ ਉੱਪਰ ਉਮਰ ਦੀ ਸੀਮਾ ਲਾਗੂ ਨਹੀਂ ਹੁੰਦੀ। ਵਿਸ਼ਵ ਪ੍ਰਸਿੱਧ ਚਿੰਤਕਾਂ ਰੈਨੇਗੁਈਨਾਨ, ਫਰਿਥ ਜਾਫ ਸ਼ੂਨ ਅਤੇ ਮਾਰਟਨ ਲਿੰਗਜ਼ ਨੇ ਇਹ ਸਾਂਝਾ ਮੱਤ ਪੇਸ਼ ਕੀਤਾ ਹੈ ਕਿ ਆਧੁਨਿਕ ਦੌਰ ਦਾ ਮਨੁੱਖ ਪਤਨ ਦੇ ਸਭ ਤੋਂ ਨੀਵੇਂ ਮਿਆਰ 'ਤੇ ਪਹੁੰਚ ਚੁੱਕਿਆ ਹੈ। ਰੂਹਾਨੀਅਤ ਦੇ ਪੱਖ ਤੋਂ ਇਸ ਵੀਹਵੀਂ ਸਦੀ ਤੋਂ ਲੈ ਕੇ ਪਿਛਲੇ ਦੋ ਹਜ਼ਾਰ ਸਾਲ ਤੱਕ ਦੇ ਸਮੇਂ ਨੂੰ ਅਸੀਂ ਬੁਢਾਪੇ ਦਾ ਯੁੱਗ ਹੀ ਆਖ ਸਕਦੇ ਹਾਂ ਭਾਵੇਂ ਕਿ ਮਨੁੱਖ ਜੀਵਨ ਦੇ ਕਿਸੇ ਵੀ ਪੜਾਅ ਵਿੱਚੋਂ ਕਿਉਂ ਨਾ ਲੰਘ ਰਿਹਾ ਹੋਵੇ (ਬਚਪਨ, ਜਵਾਨੀ, ਬੁਢਾਪਾ)। ਗਰੂ ਅਮਰਦਾਸ ਜੀ ਦੇ ਵੱਡੀ ਉਮਰ ਵਿੱਚ ਗੁਰਗੱਦੀ ਸੰਭਾਲਣ ਵੇਲੇ ਉਹ ਰੂਹਾਨੀਅਤ ਦੇ ਪੱਖ ਤੋਂ ਭਰ ਜਵਾਨ ਸਨ। ਰੂਹਾਨੀਅਤ ਨੂੰ ਧਾਰਨ ਕਰਨ ਵਾਲੇ ਸਰੀਰ 'ਤੇ ਉਮਰ ਦੇ ਕਿਸੇ ਵੀ ਪੜਾਅ 'ਤੇ ਬੁਢਾਪਾ ਲਾਗੂ ਨਹੀਂ ਹੁੰਦਾ। ਇਸ ਦੀਆਂ ਅਨੇਕ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਪ੍ਰੰਤੂ ਏਥੇ ਮਾਰਟਿਨ ਲਿੰਗਜ਼ ਦਾ ਹਵਾਲਾ ਦੇਣਾ ਹੀ ਉਪਰੋਕਤ ਸਬੰਧੀ ਯੋਗ ਹੈ ਤਾਂ ਕਿ ਗੁਰੂ ਅਮਰਦਾਸ ਜੀ ਦੀ ''ਅਨਦਿਨੁ ਜਾਗੈ'' ਦੀ ਅਵਸਥਾ ਦਾ ਰਾਜ਼ ਬੇਨਕਾਬ ਹੋ ਸਕੇ ਕਿ ਗੁਰੂਆਂ, ਪੈਗੰਬਰਾਂ, ਸੰਤਾਂ, ਫਕੀਰਾਂ, ਯੋਗੀਆਂ, ਸੰਨਿਆਸੀਆਂ, ਜੋਧਿਆਂ ਅਤੇ ਆਸ਼ਕਾਂ ਆਦਿ ਉਪਰ ਉਮਰ ਦਾ ਬੰਧਨ ਲਾਗੂ ਨਹੀਂ ਹੁੰਦਾ:

*Christendom had been allowed a "fresh flowering", precariously set through it was within the old age of the great cycle. It could not last: all too quickly and easily it was drawn into the main cosmic current of degeneration, with the result that today there is nothing to modify. The greater cycle's old age which is, on the contrary, reinforced by the old age of all the lesser cycles which it contains. It can therefore be said, macrocosmically speaking, that all men alive to day, whatever their years, are 'old'; and the question arises, for each individual, which aspect of old age. The positive or the negative, will he or she represent in the macrocosm, that is in the human collectivity taken as a whole, and how active or passive will each be in this respect (62-63)*

ਹਰਿੰਦਰ ਸਿੰਘ ਮਹਿਬੂਬ ਨੇ ਕਲਯੁੱਗ ਦੇ ਲੰਮੇ ਦੌਰ ਦੇ ਪ੍ਰਸੰਗ ਵਿੱਚ ਗੁਰੂ ਅਮਰਦਾਸ ਜੀ ਦੇ 73 ਸਾਲਾਂ ਦੇ ਸਮੇਂ ਦੀ ਵੱਡੀ ਉਮਰ ਤੋਂ ਉਹਨਾਂ ਨੂੰ ਪਾਰਗਾਮੀ ਹੁੰਦਿਆਂ ਵਿਖਾਇਆ ਹੈ। ਜਿਵੇਂ ਰੂਹਾਨੀਅਤ ਅਤੇ ਸੱਚ ਕਦੀ ਕਾਲ ਦੇ ਜ਼ਰਜ਼ਰੇਪਣ ਨੂੰ ਕਬੂਲ ਨਹੀਂ ਕਰਦੇ, ਏਸੇ ਤਰ੍ਹਾਂ ਰੂਹਾਨੀਅਤ ਅਤੇ ਸੱਚ ਨਾਲ ਲਗਾਤਾਰ ਇਕਮਿਕ ਗੁਰੂ-ਜਿਸਮ ਲੌਕਿਕ ਸੰਸਾਰ ਦੀ ਉਮਰ ਦੀ ਗਤੀ ਦੇ ਬੰਧਨਾਂ ਤੋਂ ਸਦਾ ਹੀ ਸੁਤੰਤਰ ਹੁੰਦਾ ਹੈ। ਉਪਰੋਕਤ ਪੱਖ ਨੂੰ ਦ੍ਰਿੜ੍ਹ ਕਰਵਾਉਣ ਲਈ ਅਸੀਂ ਹਰਿੰਦਰ ਸਿੰਘ ਮਹਿਬੂਬ ਦੇ ਆਪਣੇ ਵਿਚਾਰ ਗੁਰੂ ਅਮਰਦਾਸ ਜੀ ਸਬੰਧੀ ਗੁਰੂ ਬਣਨ ਤੋਂ ਪਹਿਲਾਂ ਦੀ ਉਹਨਾਂ ਦੀ ਜਾਗਰਤ ਅਵਸਥਾ ਸਬੰਧੀ ਦੇਣੇ ਅਤਿ ਯੋਗ ਸਮਝਦੇ ਹਾਂ:

ਗੁਰੂ ਅੰਗਦ ਸਾਹਿਬ ਦੇ ਇਸ਼ਨਾਨ ਲਈ ਅੰਮ੍ਰਿਤ ਵੇਲੇ ਸਿਰ ਉੱਤੇ ਘੜਾ ਉਠਾ ਕੇ ਬਾਬਾ ਅਮਰਦਾਸ (ਫੇਰ ਗੁਰੂ ਅਮਰਦਾਸ) ਜੀ ਵਗਦੇ ਹੋਏ ਬਿਆਸ ਦਰਿਆ ਦੇ ਪੱਤਣਾਂ ਉੱਤੇ ਕਈ ਸਾਲ ਫੇਰੀ ਪਾਉਂਦੇ ਰਹੇ ਅਤੇ ਪਾਣੀ ਦਾ ਘੜਾ ਚਕ ਕੇ ਸੱਚੇ ਪਾਤਸ਼ਾਹ ਦੀ ਦਰਗਾਹ ਵੱਲ ਪਰਤ ਜਾਂਦੇ ਰਹੇ, ਇਹ ਕੋਈ ਸਾਧਾਰਨ ਜੇਹੀ ਸੇਵਾ ਨਹੀਂ; ਇਹ ਡੂੰਘੀ ਹਕੀਕਤ ਵਾਲੀ ਕਹਾਣੀ ਹੈ। ਦਰਿਆਵਾਂ ਨਾਲ ਸਾਡੇ ਗੁਰਾਂ ਦੇ ਅਨਿੱਖੜ ਰਿਸ਼ਤੇ ਹਨ, ਇਹਨਾਂ ਦੇ ਸੁਮੇਲ ਵਿੱਚੋਂ ਬਹੁਤ ਡੂੰਘੀਆਂ ਰਮਜ਼ਾਂ ਜਾਗਦੀਆਂ ਰਹੀਆਂ ਹਨ। ਦਰਿਆ ਸਿੱਖ ਗੁਰਾਂ ਦੇ ਐਨੇ ਨੇੜੇ ਹਨ ਜਿਵੇਂ ਛੇਵੇਂ ਪਾਤਸ਼ਾਹ ਦੇ ਆਲੇ ਦੁਆਲੇ ਮੀਰੀ-ਪੀਰੀ ਦੀਆਂ ਲਟਕਦੀਆਂ ਦੋ ਤਲਵਾਰਾਂ। ਬਿਆਸ ਦੇ ਪੱਤਣਾਂ ਉੱਤੇ ਪਾਣੀ ਦਾ ਘੜਾ ਭਰਦੇ ਹੋਏ ਬਾਬਾ ਅਮਰਦਾਸ ਜੀ ''ਸਾਚੀ ਲਿਵੈ'' ਨਾਲ ਗੁਰੂ ਅੰਗਦ ਸਾਹਿਬ ਵੇਖਦੇ ਸਨ, ਜਿਸ ਬਿਨਾ ਕਿ ''ਦੇਹ ਨਿਮਾਣੀ'' ਹੈ। ਉਹਨਾਂ ਅੰਦਰ ਕਿਰਤ ਅਤੇ ਨਾਮ ਦਾ ਸੰਗੀਤਕ ਮੇਲ ਹੋ ਰਿਹਾ ਸੀ। ਬਿਆਸ ਦੀ ਫ਼ਰਜ਼ੀ ਇਕਾਂਤ ਗੁਰੂ ਅੰਗਦ ਸਾਹਿਬ ਦੀ ਨਦਰ

ਨਾਲ ਭਰਪੂਰ ਸੀ। (114)

ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਅਮਰਦਾਸ ਜੀ ਦੇ ਗੁਰੂ-ਮਾਰਗ ਨੂੰ ਅਧਿਆਤਮਕ ਦ੍ਰਿਸ਼ਟੀ (Metaphysical vision) ਦੇ ਅਜਿਹੇ ਅਛੋਹ ਅਤੇ ਬੁਲੰਦ ਅੰਦਾਜ਼ ਰਾਹੀਂ ਪੇਸ਼ ਕੀਤਾ ਹੈ ਕਿ ਉਹਨਾਂ ਦੇ ਜੀਵਨ-ਮਾਰਗ ਦੇ ਗੁਰੂ ਬਣਨ ਤੋਂ ਪਹਿਲਾਂ ਤੇ ਗੁਰੂ ਬਣਨ ਉਪਰੰਤ ਆਦਿ ਦੇ ਪੜਾਵਾਂ ਵਿੱਚੋਂ ਉਹਨਾਂ ਰਾਹੀਂ ਪ੍ਰਕਾਸ਼ ਹੋਈ ਸਮੁੱਚੀ ਬਾਣੀ ਅਤੇ ਉਹਨਾਂ ਦੇ ਗੁਰੂ-ਗੱਦੀ ਪ੍ਰਾਪਤ ਕਰਨ ਦੇ ਸੂਖਮ ਰਹੱਸ ਦੀ ਵਿਸ਼ੇਸ਼ ਪਹਿਚਾਣ ਪਾਠਕ ਨੂੰ ਪਹਿਲੀ ਵਾਰ ਸੰਪੂਰਨ ਰੂਪ ਵਿੱਚ ਹੁੰਦੀ ਹੈ ਭਾਵੇਂ ਕਿ ਉਹਨਾਂ ਦੇ ਜੀਵਨ ਅਤੇ ਰਚੀ ਗੁਰਬਾਣੀ ਸਬੰਧੀ ਅਨੇਕਾਂ ਪੁਸਤਕਾਂ ਉਪਲਬਧ ਹਨ। ਪਾਠਕ ਨੂੰ ਗੁਰੂ ਅਮਰਦਾਸ ਜੀ ਦੀ ਬਾਣੀ ਦੇ ਅਸਲ ਅਧਿਆਤਮਕ ਰਹੱਸ ਦੀ ਪਹਿਚਾਣ ਤਾਂ ਇਸ ਪੁਸਤਕ ''ਅਕਾਲ ਫ਼ਤਹ'' ਦੇ ਪੂਰੇ ਅਧਿਐਨ ਰਾਹੀਂ ਹੋ ਸਕਦੀ ਹੈ। ਇਹ ਅਧਿਐਨ ਵੀ ਵਿਸ਼ੇਸ਼ ਅੰਤਰ-ਧਿਆਨ (Contemplation) ਦੀ ਮੰਗ ਪਾਠਕ ਕੋਲੋਂ ਕਰਦਾ ਹੈ। ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਆਖ਼ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਉਹਨਾਂ ਦੇ ਜੀਵਨ ਦੇ ਅਧਿਆਤਮਕ ਰਹੱਸ ਦੇ ਸਹੀ ਤਾਲ ਨੂੰ ਜ਼ਾਹਰ ਕਰਨ ਲਈ ਕੁੱਝ ਚੋਣਵੀਆਂ ਸਾਖੀਆਂ ਦਾ ਵੀ ਜ਼ਿਕਰ ਕੀਤਾ ਹੈ ਜੋ ਕਿ ਵੱਖ-ਵੱਖ ਗੁਰੂ ਸਾਹਿਬਾਨ ਦੀ ਰੂਹਾਨੀ ਪਹਿਚਾਣ ਕਰਵਾਉਣ ਸਬੰਧੀ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਇਹਨਾਂ ਸਾਖੀਆਂ ਰਾਹੀਂ ਗੁਰੂ-ਜੀਵਨ ਦੇ ਅਮਲ ਅਤੇ ਉਹਨਾਂ ਰਾਹੀਂ ਰਚੀ ਬਾਣੀ ਦੇ ਮੂਲ ਅਧਿਆਤਮਕ ਰਹੱਸ ਨੂੰ ਸਹੀ ਰੂਪ ਵਿੱਚ ਫੇਰ ਹੀ ਪਹਿਚਾਣਿਆ ਜਾ ਸਕਦਾ ਹੈ ਜੇਕਰ ਲੇਖਕ ਕੋਲ ਜਪੁਜੀ ਦੇ ਪੰਜ ਖੰਡ, ਸੋਦਰੁ, ਆਰਤੀ, ਬਾਰਾਮਾਹ ਤੁਖਾਰੀ, ਮਾਰੂ ਸੋਹਲੇ, ਸਮੇਂ ਤੇ ਸਥਾਨ (Time and space), ''ਸਿੱਧ ਗੋਸ਼ਟਿ'', ਵਿਸ਼ਵ ਧਰਮਾਂ ਦੀ ਸਮੂਹਕ ਜਾਣਕਾਰੀ, ਸੱਚੀ ਤੇ ਸੁੱਧ ਇਤਿਹਾਸਕ ਦ੍ਰਿਸ਼ਟੀ, ਧਰਮੀ ਧਰਮਸਾਲ ਦੀ ਸਮੂਹਿਕ ਜਾਣਕਾਰੀ, ਹੁਕਮ, ਵਿਗਾਸ, ਵਜਦ, ਵਿਸਮਾਦ, ਖ਼ਾਲਸ ਕੁਦਰਤ, ਅਕਾਲ ਫ਼ਤਹਿ, ਸ਼ਬਦ, ਨਾਮ, ਜਿਸਮ (ਕਾਇਆ) ਅਤੇ ਗੁਰਮੁਖ ਆਦਿ ਦੀਰਘ ਅਤੇ ਸਾਧਾਰਨ ਬੁੱਧੀ ਤੋਂ ਅਪਹੁੰਚ ਸੰਕਲਪਾਂ ਦੀ ਲੌਕਿਕ/ਪਰਾਲੌਕਿਕ ਸੰਪੂਰਨ ਜਾਣਕਾਰੀ ਹੋਵੇ। ਇਸਲਾਮ ਦੇ ਸੂਫ਼ੀ ਫ਼ਕੀਰ ਇਸ ਨਿਰਣੇ 'ਤੇ ਪਹੁੰਚੇ ਹਨ ਕਿ ਰਸੂਲ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਨੂੰ ਬਿਆਨ ਕਰਨ ਸਮੇਂ ਅਕਸਰ ਹੀ ਸੂਖਮ ਦ੍ਰਿਸ਼ਟੀ ਵਾਲੇ ਸੂਫ਼ੀ ਚਿੰਤਕ ਵੀ ਕਈ ਵਾਰ ਉਸਦੀ ਵਿਆਖਿਆ ਸਬੰਧੀ ਸਰੋਤਿਆਂ ਅਤੇ ਸ਼ਰਧਾਲੂਆਂ ਦੇ ਮਨਾਂ ਵਿੱਚ ਭੁਲੇਖੇ ਖੜ੍ਹੇ ਕਰਦੇ ਰਹੇ ਹਨ ਜਿਨ੍ਹਾਂ ਭੁਲੇਖਿਆਂ ਨੇ ਸ਼ਰਧਾਲੂਆਂ ਦੇ ਮਨਾਂ ਵਿੱਚ ਸ਼ੰਕੇ ਖੜ੍ਹੇ ਕਰਕੇ ਉਹਨਾਂ ਦੇ ਧਾਰਮਕ ਵਿਸ਼ਵਾਸ ਨੂੰ ਕੋਈ ਨਾ ਕੋਈ ਢਾਹ ਜ਼ਰੂਰ ਲਾਈ ਹੈ। ਹਰਿੰਦਰ ਸਿੰਘ ਮਹਿਬੂਬ ਦੀਆਂ ਗੁਰੂ ਅਮਰਦਾਸ ਜੀ ਦੇ ਸਬੰਧ ਵਿੱਚ ਬਿਆਨ ਕੀਤੀਆਂ ਸਾਖੀਆਂ ਤੋਂ ਸਾਡੇ ਉਪਰੋਕਤ ਪੱਖ ਦੀ ਪੁਸ਼ਟੀ ਹੋ ਜਾਂਦੀ ਹੈ। ਹਰਿੰਦਰ ਸਿੰਘ ਮਹਿਬੂਬ ਦੇ ਆਪਣੇ ਸ਼ਬਦਾਂ ਵਿੱਚ ਹੀ ਗੁਰੂ ਅਮਰਦਾਸ ਜੀ ਨਾਲ ਸਬੰਧਤ ਵਿਸ਼ੇਸ਼ ਸਾਖੀ ਦਾ ਅਧਿਆਤਮਕ ਰਹੱਸ ਪਹਿਚਾਣਨ ਪ੍ਰਤੀ ਪਾਠਕ ਦੇ ਧਿਆਨ ਵਿੱਚ ਲਿਆਉਣਾ ਏਥੇ ਅਤਿ ਯੋਗ ਸਮਝਦੇ ਹਾਂ:

ਜਦੋਂ ਮਾਘ ਦੀ ਤੇਜ਼ ਬਰਖਾ ਭਿੱਜੀ ਪੌਣ ਨੂੰ ਚੀਰਦੇ ਹੋਏ ''ਹਰਿ ਰਸਿ'' ਦੇ ਸੱਚੇ-ਸੱਚੇ ਵਣਜਾਰੇ ਬਾਬਾ ਅਮਰਦਾਸ ਜੀ ਅੰਮ੍ਰਿਤ ਵੇਲੇ ਇੱਕ ਦਿਨ ਗੁਰੂ ਅੰਗਦ ਸਾਹਿਬ ਵੱਲ ਪਾਣੀ ਦੇ ਘੜੇ ਨੂੰ ਚਾਈ ਆ ਰਹੇ ਸਨ ਤਾਂ ਤਾਣੀ ਦੀ ਕਿੱਲੀ ਨਾਲ ਅਟਕ ਕੇ ਜੁਲਾਹੇ ਦੇ ਦਰ ਅੱਗੇ ਡਿੱਗ ਪਏ। ਜੁਲਾਹੀ, ਜਿਹੜੀ ਕਿ ਉਸ ਅੰਮ੍ਰਿਤ ਨੂੰ ਵੇਖਣ ਦੀ ਨਜ਼ਰ ਨਹੀਂ ਸੀ ਰੱਖਦੀ ਜਿਹੜਾ ਕਿ ਅਨੰਦ ਸਾਹਿਬ ਅਨੁਸਾਰ ਵੈਸ਼ਨਵ ਰਿਸ਼ੀਆਂ, ਮੁਨੀਆਂ ਅਤੇ ਅਵਤਾਰਾਂ ਦੀ ਢੂੰਡ ਤੋਂ ਅਗੇਰੇ ਹੈ, ''ਹਰਿ ਰਸ'' ਦੇ ਉਸ ਸੱਚੇ ਵਣਜਾਰੇ ਤੋਂ ਨਾਵਾਕਫ਼ ਜੁਲਾਹੀ ਨੇ ਉਸ ਨੂੰ ''ਨਿਥਾਵੇ'' ਹੋਣ ਦਾ ਮਿਹਣਾ ਦਿੱਤਾ ਪਰ ਉਸੇ ਭਾਰੀ ਭੁੱਲ ਵਿੱਚ ਡੁੱਬੇ ਛਿਣ ਉੱਤੇ ਬਾਬਾ ਅਮਰਦਾਸ ਜੀ ਦੀ ਲਿਵ ਇਲਾਹੀ ਸਲਤਨਤ ਦਾ ਆਖ਼ਰੀ ਰੁਤਬਾ ਹਾਸਲ ਕਰ ਚੁੱਕੀ ਸੀ; ਯਾਅਨੀ ਗੁਰੂ ਦੀ ਨਦਰ ਗੁਰੂ ਬਣ ਗਈ ਸੀ। ਦੂਸਰੇ ਦਿਨ ਬਾਬਾ ਬੁੱਢਾ ਜੀ ਹੋਰਾਂ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿੱਚ ਉਹਨਾਂ ਦੇ ਮੱਥੇ ਉੱਤੇ ਗੁਰਿਆਈ ਦਾ ਨਿਸ਼ਾਨ ਲਾਇਆ। ਖ਼ਾਲਸਾ ਪੰਥ ਦੇ ਦੂਜੇ ਗੁਰਾਂ ਨੇ ਗੁਰੂ ਅਮਰਦਾਸ ਜੀ ਨੂੰ ''ਨਿਓਟਿਆਂ ਦੀ ਓਟ'' ਅਤੇ ''ਨਿਥਾਵਿਆਂ ਦਾ ਥਾਉ'' ਦੀ ਬਖ਼ਸ਼ਿਸ਼ ਦਿੱਤੀ। (115-116)

''ਅਕਾਲ ਫ਼ਤਹ'' ਦੀ ਦੂਸਰੀ ਕਿਤਾਬ ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਰਾਮਦਾਸ ਜੀ ਦੀ ਬਾਣੀ ਦੇ ਅਧਿਆਤਮਕ ਰਹੱਸ ਅਤੇ ਉਹਨਾਂ ਨਾਲ ਸਬੰਧਤ ਪੱਟੀ ਦੇ ਚੌਧਰੀ ਦੀ ਸੁਸ਼ੀਲ ਕੰਨਿਆ ਦੀ ਸਾਖੀ ਨੂੰ ਜਿਸ ਰੂਹਾਨੀ ਅੰਦਾਜ਼ ਵਿੱਚ ਪੇਸ਼ ਕੀਤਾ ਹੈ ਉਸ ਦੀ ਮਿਸਾਲ ਪੰਜਾਬੀ ਜਾਂ ਅੰਗਰੇਜ਼ੀ ਸਾਹਿਤ ਵਿੱਚ ਕਿਤੇ ਵੀ ਉਪਲਬਧ ਨਹੀਂ। ਅਸਲ ਵਿੱਚ ''ਅਕਾਲ ਫ਼ਤਹ'' ਵਿੱਚ ਦਿੱਤੀ ਹਰ ਗੁਰੂ ਦੀ ਬਾਣੀ ਦੀ ਅਧਿਆਤਮਕ ਵਿਲੱਖਣਤਾ ਨੂੰ ਲੇਖਕ ਨੇ ਅਤਿ ਸੰਜਮ ਭਰੇ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਭਾਵੇਂ ਇਸ ਸੰਜਮ ਵਿੱਚ ਰਚੀ

ਹਰ ਰਚਨਾਂ ਵਿੱਚ ਅਮੁੱਲ ਸੰਕੇਤ ਅਭੇਦ ਹਨ ਜਿਨ੍ਹਾਂ ਦੀਆਂ ਅਦ੍ਰਿਸ਼ਟ ਮੰਜ਼ਿਲਾਂ ਦੇ ਵਿਭਿੰਨ ਰਸਾਂ ਦੀ ਗਾਥਾ ਅਕੱਥ ਅਤੇ ਅਕਹਿ ਦੇ ਪ੍ਰਭਾਵ ਲਗਤਾਰ ਦੇ ਰਹੀ ਹੈ। ਇਸ ਦਾ ਮੂਲ ਕਾਰਣ ਇਹ ਹੈ ਕਿ ਹਰ ਗੁਰੂ ਦੀ ਬਾਣੀ ਦੀ ਸੰਖੇਪ ਜਾਣਕਾਰੀ ਪਿੱਛੇ ਇੱਕ ਮਹਾਨ ਮਹਾਂਕਾਵਿ ਦੇ ਅਮੁੱਕ ਸ੍ਰੋਤ ਦਾ ਹੜ੍ਹ ਲਗਾਤਾਰ ਵੇਗਸ਼ੀਲ ਹੈ। ਚੌਥੇ ਗੁਰੂ ਰਾਮ ਦਾਸ ਜੀ ਦੀ ਬਾਣੀ ਬਾਰੇ ਕਵੀ ਲੇਖਕ ਨੇ ਜੋ ਅਨੁਭਵੀ ਵਿਚਾਰ ਅਤਿ ਸੰਜਮ ਨਾਲ ਪੇਸ਼ ਕੀਤੇ ਹਨ, ਉਹਨਾਂ ਵਿਚਾਰਾਂ ਪਿੱਛੇ ਕਿਸੇ ਨੇ ਭਵਿੱਖ ਵਿੱਚ ਰਚੇ ਜਾਣ ਵਾਲੇ ਮਹਾਂਕਾਵਿ ਦੇ ਨਾਲ ਪ੍ਰਚੰਡ, ਅਨਭਉ, ਅੰਮ੍ਰਿਤ ਭਿੰਨੀ ਦੇਹੁਰੀ, ਅੰਮ੍ਰਿਤ ਭਿੰਨੇ ਲੋਇਣਾ, ਪੂਰਨ ਤਾਲ ਖਟਾਇਆ, ਕਿਰਤ ਦਾ ਦਿਹੁੰ, ਮਨ ਸਹਿਜ ਭਇਆ, ਗੁਰਮੁਖਿ ਮਿਲਿਆ, ਨਿਰਭਉ ਭੈ ਮਨੁ ਹੋਇ, ਦੇਹ ਵਿਚ ਬਿਦੇਹੀ, ਸੀਲ ਸੰਤੋਖ, ਦੁਖ ਭੰਜਨੀ ਆਦਿ ਦੈਵੀ ਸੰਕਲਪਾਂ ਦੇ ਅਧਿਆਤਮਕ ਰਹੱਸ ਆਪਣੀ ਬੇਮਿਸਾਲ ਖੂਬੀ ਸਹਿਤ ਪ੍ਰਕਾਸ਼ਮਾਨ ਹੋ ਰਹੇ ਹਨ।

ਗੁਰੂ ਰਾਮਦਾਸ ਜੀ ਦੀਆਂ ਰਚੀਆਂ ਚਾਰ ਲਾਵਾਂ ਨੂੰ ਲੇਖਕ ਨੇ ਆਪਣੇ ਕਾਵਿ-ਆਵੇਸ਼ ਦੇ ਪ੍ਰਚੰਡ ਵੇਗ ਵਿੱਚ ਜਿਵੇਂ ਪ੍ਰਕਾਸ਼ਮਾਨ ਕੀਤਾ ਹੈ ਉਸ ਦੀ ਵਿਆਖਿਆ ਬੇਮਿਸਾਲ ਅਤੇ ਹਾਲੀ ਤੱਕ ਅਛੋਹ ਹੀ ਆਖੀ ਆ ਸਕਦੀ ਹੈ ਜਿਸ ਵਿੱਚੋਂ ਗੁਰੂ ਰਾਮਦਾਸ ਜੀ ਦੇ ਬੀਬੀ ਭਾਨੀ ਨਾਲ ਇੱਕਮਿੱਕ ਹੋਏ ਗ੍ਰਹਿਸਤ ਵਿੱਚੋਂ ਇੱਕ ਸੰਪੂਰਨ ਦੈਵੀ ਜੀਵਨ ਦੀ ਭਰਪੂਰਤਾ ਦਾ ਅਹਿਸਾਸ ਹੁੰਦਾ ਹੈ; ਜਿਸ ਦਾ ਅਚੇਤ ਆਪ-ਮੁਹਾਰਾ ਜ਼ਬਤ ਜ਼ਿੰਦਗੀ ਦੇ ਹਰ ਪੜਾਅ ਲਈ ਇੱਕ ਅਤਿ ਲਾਜ਼ਮੀ ਅਤੇ ਅਨਿੱਖੜ ਉਪਦੇਸ਼ ਹੈ; ਜਿਸ ਦੀ ਨੇੜਤਾ ਅਤੇ ਪਰਤੀਤੀ ਦੇ ਅਹਿਸਾਸ ਤੋਂ ਸੱਖਣੇ ਜੀਵਨ ਦੀ ਹਰ ਅਦਾ ਅਧੂਰੀ ਹੈ। ਗੁਰੂ-ਨੇੜਤਾ ਤੋਂ ਸੱਖਣੇ ਜੀਵਨ ਦੀ ਪ੍ਰਤੀਤੀ ਏਸੇ ਪੜਾਅ 'ਤੇ ਵੇਦਾਂ ਅਤੇ ਸ਼ਾਸਤਰਾਂ ਤੋਂ ਲੈ ਕੇ ਗੁਰੂ ਤੋਂ ਪਹਿਲਾਂ ਦੇ ਹਰ ਸਮੇਂ 'ਚੋਂ ਦਿੱਸਦੀ ਹੈ। ਭਾਵੇਂ ਦ੍ਰਿਸ਼ਟਾਂਤ ਜੀਵ-ਇਸਤਰੀ ਅਤੇ ਗੁਰੂ ਦਾ ਹੈ ਅਤੇ ਤਫ਼ਸੀਲ ਨਿਰਾਕਾਰ ਰੂਹਾਨੀਅਤ ਵਾਲੀ ਹੈ ਪਰ ਲਾਵਾਂ ਕਿਉਂਕਿ ਮਨੁੱਖੀ ਵਿਆਹ ਨਾਲ ਸਬੰਧਤ ਹਨ, ਇਸ ਕਰਕੇ ਇਸਦੇ ਡੂੰਘੇ ਰੂਹਾਨੀ ਪੈਂਡਿਆਂ ਉੱਤੇ ਇਸਤਰੀ-ਪੁਰਖ ਦੇ ਇੱਕ-ਦੂਜੇ ਨੂੰ ਪਛਾਣਨ ਦੇ ਕੁਲ ਰਸੀਲੇ ਅੰਦਾਜ਼ ਇਕੱਤਰ ਹੋਏ ਦਿਸ ਰਹੇ ਹਨ। ਅੰਦਾਜ਼ ਅਕਹਿ ਹਨ, ਸਹੰਸਰ ਬਿਬੇਕ ਅਣੀਆਂ ਚੋਭਦੇ ਹਨ, ਕੰਚਨ-ਸੋਵਿੰਨੀ ਨਿਗਾਹ ਵਾਲੇ ਹਨ, ਪਰਤੱਖ-ਅਪਰਤੱਖ ਦੋਵੇਂ ਦਿਸ਼ਾਵਾਂ ਵਿੱਚ ਚੱਲਦੇ ਹਨ ਅਤੇ ਇੱਕ-ਦੂਜੇ ਨੂੰ ਢੂੰਡਦੇ ਹੋਏ ਸਾਬਤ ਇਸਤਰੀ-ਮਰਦ ਦੇ ਜਿਸਮ ਤੋਂ ਇੱਕ ਅਣੂ ਲਾਂਭੇ ਨਹੀਂ ਜਾਂਦੇ।

ਸਿੱਖ ਇਸਤਰੀ ਲਈ ਇਹ ਨਿਸਚਾ ਕਰਨਾ ਜ਼ਰੂਰੀ ਹੈ ਕਿ ਗੁਰੂ ਦੀ ''ਬਾਣੀ ਬ੍ਰਹਮਾ ਵੇਦੁ'' ਹੈ ਅਤੇ ਇਸ ਸੱਚ ਨੂੰ ਮੰਨ ਲੈਣਾ ਹੀ ਸਭ ਤੋਂ ਵੱਡਾ ਧਰਮ ਹੈ। ਇਸ ਸੱਚ ਨੂੰ ਮੰਨਣ ਵਿੱਚ ਹੀ ਉਸ ਦੇ ਪਾਪਾਂ ਦੀ ਨਵਿਰਤੀ ਹੈ। ਸੋ ਸਿੱਖ ਦੀ ਅਧਿਆਤਮਕ ਮੌਲਿਕਤਾ ਜਾਂ ਇਸ ਉੱਤੇ ਉਸਰੇ ਪਾਕ ਇਨਸਾਨੀ ਰਿਸ਼ਤੇ ਵਿੱਚ ਪ੍ਰਚੱਲਤ ਅਤੇ ਹਿੰਦੂ ਧਰਮ ਪ੍ਰੰਪਰਾ ਨਾਲ ਜੁੜੇ ਚਾਰੇ ਵੇਦ ਕੋਈ ਸਥਾਨ ਨਹੀਂ ਰੱਖਦੇ, ਕੇਵਲ ਗੁਰੂ-ਬਾਣੀ ਹੀ ਉਸ ਦਾ ਵੇਦੁ ਹੈ। ਇੰਞ ਸਿੱਖ ਇਸਤਰੀ ਪਹਿਲੀ ਲਾਂਵ ਦੇ ਨਾਲ ਹੀ ਤੀਸਰੇ ਰਾਹ ਦਾ ਦਾਮਨ ਛੂੰਹਦੀ ਹੈ, ਪੁਰਾਣੀਆਂ ਸੱਭਿਤਾਵਾਂ ਦੇ ਸੰਸਕਾਰਾਂ ਤੋਂ ਬਾਹਰ ਆਉਂਦੀ ਹੈ ਅਤੇ ਮਨੁੱਖੀ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਸਿਦਕ ਦੇ ਵਿਜੈਈ ਅੰਦਾਜ਼ ਨਾਲ ਸਵੀਕਾਰ ਕਰਦੀ ਹੈ ਅਤੇ ਮਨੁੱਖੀ ਰਿਸ਼ਤਿਆਂ ਵਿੱਚ ਸਾਬਤ ਇਸਤਰੀ-ਮਰਦ ਦਾ ਜਿਸਮ ਉੱਭਰਨਾ ਸ਼ੁਰੂ ਹੁੰਦਾ ਹੈ। (130)

ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਰਾਮਦਾਸ ਜੀ ਦੀ ਹਲੀਮੀ ਨੂੰ ਦ੍ਰਿਸ਼ਟਮਾਨ ਕਰਦਿਆਂ ਆਪਣੇ ਅਨੁਭਵੀ ਸ੍ਰੋਤ ਰਾਹੀਂ ਜਿਹੜੇ ਪਾਰਗਾਮੀ ਸੰਕਲਪਾਂ ਦੀ ਓਟ ਨਾਲ ਇਸ ਨੂੰ ਪ੍ਰਗਟ ਕੀਤਾ ਹੈ, ਉਸ ਲਿਖਣ-ਅੰਦਾਜ਼ ਵਿੱਚੋਂ ਗੁਰੂ ਰਾਮਦਾਸ ਦੀ ਹਲੀਮੀ ਹੀ ਇੱਕ ਉੱਚੀ ਸੁਰਤਿ ਅਥਵਾ ਪਾਰਗਾਮੀ ਵਿਵੇਕ ਦਾ ਯਕੀਨ ਕਰਵਾਉਣ ਵਾਲੀ ਹੈ। ਪੈਗੰਬਰਾਂ, ਗੁਰੂਆਂ, ਅਵਤਾਰਾਂ ਅਤੇ ਸੰਤਾਂ ਦੀ ਹਲੀਮੀ ਦੇ ਇਸ ਅਧਿਆਤਮਕ ਰਹੱਸ ਦੀ ਪਹਿਚਾਣ ਵਿਸ਼ਵ ਦੇ ਮਹਾਨ ਚਿੰਤਕ ਫਰਿਥ ਜਾਫ ਸ਼ੁਨ ਨੇ ਵੀ ਆਪਣੀ ਪੁਸਤਕ ''ਸੂਫ਼ਿਜ਼ਮ: ਵੇਲ ਐਂਡ ਕੁਈਟੈਂਸਨਸ'' ਵਿੱਚ ਉੱਚੀ ਸੁਰਤਿ ਅਥਵਾ ਉੱਚੇ ਵਿਵੇਕ ਦੀ ਦ੍ਰਿਸ਼ਟੀ ਤੋਂ ਹੀ ਕਰਵਾਈ ਹੈ :

*The Miracle of humility is precisely that it alone is able to transmute unintelligence into intelligence to the extent this is possible; the humble man is intelligent by his very humility (74)*

ਹਰਿੰਦਰ ਸਿੰਘ ਮਹਿਬੂਬ ਨੇ ਇਸ ਉਪਰੋਕਤ ਦ੍ਰਿਸ਼ਟੀਕੋਣ ਦੇ ਸੰਦਰਭ ਵਿੱਚ ਹੀ ਗੁਰੂ ਰਾਮਦਾਸ ਜੀ ਦੀ ਅਨੰਤ ਹਲੀਮੀ ਅਤੇ ਦੇਖ ਕੇ ਅਣਡਿੱਠ ਕਰਨ ਦੇ ਸਬਰ ਅਤੇ ਸਹਿਣਸ਼ੀਲਤਾ ਨੂੰ ਅਤਿ ਤਸੱਲੀਬਖ਼ਸ਼ ਢੰਗ ਨਾਲ ਪੇਸ਼ ਕੀਤਾ ਹੈ ਜਿਸ ਵਿੱਚੋਂ ਗੁਰੂ ਰਾਮਦਾਸ ਜੀ ਦੇ ਨਿਰਾਲੇ ਗੁਰੂਤਵ ਦੀ ਪਹਿਚਾਣ ਅਤਿ ਕੁਦਰਤੀ ਰੂਪ ਵਿੱਚ ਹੋ ਜਾਂਦੀ ਹੈ :

ਲੱਖਾਂ ਲਸ਼ਕਰਾਂ ਦੀ ਮਾਰ ਨਾਲੋਂ ਮਜ਼ਬੂਤ ਇਸ ਉੱਚੀ

ਆਤਮਕ ਅਵਸਥਾ ਦੇ ਸਿੱਕੇ ਨੂੰ ਗੁਰੂ ਨਾਨਕ ਸਾਹਿਬ ਦੇ ਵੱਡੇ ਫਰਜ਼ੰਦ ਸ੍ਰੀ ਚੰਦ ਹੋਰਾਂ ਵੀ ਮੰਨਿਆ ਜਦੋਂ ਕਿ ਗੁਰੂ ਰਾਮਦਾਸ ਸਾਹਿਬ ਨੇ ਆਪਣੀ ਲੰਮੀ ਦਾੜ੍ਹੀ ਨੂੰ ਉਹਨਾਂ ਦੇ ਚਰਨਾਂ ਦੀ ਧੂੜ ਸਾਫ਼ ਕਰਨ ਵਾਲੀ ਆਖਿਆ। ਇਸ ਨਿਮਰਤਾ ਵਿੱਚ ਗੁਰੂ ਨਾਨਕ ਸਾਹਿਬ ਨੂੰ ਮਿਲਣ ਦਾ ਇੱਕ ਤੀਬਰ ਵੈਰਾਗ ਵੀ ਸੀ। ਇਸ ਨਿਮਰਤਾ ਵਿੱਚ ਇੱਕ ਭਾਰਾ ਤਪ ਸੀ ਜਿਸ ਦਾ ਅਨੁਮਾਨ ਅਸੀਂ ਨਹੀਂ ਲਾ ਸਕਦੇ। ਉਂਞ ਇਹ ਗੱਲ ਯਕੀਨੀ ਹੈ ਕਿ ਗੁਰੂ ਜੀ ਦੀ ਇਹ ਹਲੀਮੀ ਉਹਨਾਂ ਦੇ ਹਜ਼ਾਰਾਂ ਮੁਰੀਦਾਂ ਦਾ ਵਗਦਾ ਹੋਇਆ ਇੱਕ ਦਰਿਆ ਸੀ। ਜਦ ਇਹ ਹਲੀਮੀ ਉਹਨਾਂ ਦੇ ਅੰਦਰ ਜਾਗੀ ਤਾਂ ਉਹਨਾਂ ਦੇ ਹਜ਼ਾਰਾਂ ਮੁਰੀਦ ਵੀ ਉਹਨਾਂ ਦੇ ਨਾਲ ਹੀ ਜਾਗ ਪਏ। ਜਦ ਗੁਰੂ ਜੀ ਨੇ ਆਪਣੇ ਮੁਰੀਦਾਂ ਦੀ ਹਲੀਮੀ ਨਾਲ ਆਪਣੇ ਸ਼ਹਿਨਸ਼ਾਹੀ ਜਲਾਲ ਨੂੰ ਦੇਖਿਆ, ਢੂੰਡਿਆ ਅਤੇ ਫੇਰ ਉਸ ਨੂੰ ਮੁਖਾਤਿਬ ਕੀਤਾ ਤਾਂ ਬਾਬਾ ਸ੍ਰੀ ਚੰਦ ਜੀ, ਇਸ ਦੀ ਤਾਬ ਨ ਲਿਆ ਸਕੇ। (133)

ਏਸੇ ਤਰ੍ਹਾਂ ਪੱਟੀ ਦੇ ਚੌਧਰੀ ਦੀ ਸੁਸ਼ੀਲ ਕੰਨਿਆ ਦੀ ਸਾਖੀ ਨੂੰ ਉਸਦੇ ਪਿੰਗਲੇ ਪਤੀ ਦੇ ਸਬੰਧ ਵਿੱਚ ਲੇਖਕ ਨੇ ਗੁਰੂ ਦੇ ਸ਼ੁੱਧ ਰੂਪ ਦੀ ਪਹਿਚਾਣ ਕਰਵਾਉਂਦਿਆਂ ਇਸ ਨੂੰ ਵੱਖ-ਵੱਖ ਚਾਰ ਭਾਗਾਂ ਵਿੱਚ ਵੰਡਦਿਆਂ, ਇਸ ਦੀ ਸੂਖਮ ਅਤੇ ਅਦ੍ਰਿਸ਼ਟ ਮਹੱਤਤਾ ਦੀ ਪਹਿਚਾਣ ਕਰਵਾਈ ਹੈ ਜਿਸ ਪਹਿਚਾਣ ਦੀ ਇੱਕਸੁਰਤਾ ਤੋਂ ਬਿਨਾ ਲੌਕਿਕ ਸੰਸਾਰ ਦੇ ਬਾਹਰਮੁਖੀ ਅਨੁਪਾਤਾਂ ਵਿੱਚ ਵੀ ਸ਼ੰਕੇ ਦੀਆਂ ਸੰਭਾਵਨਾਵਾਂ ਖੜ੍ਹੀਆਂ ਹੋਣੀਆਂ ਕੁਦਰਤੀ ਹੈ।

''ਅਕਾਲ ਫ਼ਤਹ'' ਵਿੱਚ ਦਰਸਾਏ ਬਾਕੀ ਗੁਰੂਆਂ ਵਾਂਗ ਹੀ ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਅਰਜਨ ਸਾਹਿਬ ਦੇ ਨਿਹਚਲ ਆਸਨ, ਅੱਵਲ ਬੀੜ ਦੀ ਸੰਪਾਦਨਾ, ਸਾਈਂ ਮੀਆਂ ਮੀਰ ਤੋਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਉਣੀ ਅਤੇ ਉਹਨਾਂ ਦੀ ਦੁਨੀਆਂ ਦੇ ਮਹਾਨ ਪੈਗੰਬਰਾਂ ਵਿੱਚ ਸਭ ਤੋਂ ਮਹਾਨ ਸ਼ਹਾਦਤ ਨੂੰ ਇੱਕ ਅਜਿਹੇ ਵਿਲੱਖਣ ਨਜ਼ਰੀਏ ਤੋਂ ਪੇਸ਼ ਕੀਤਾ ਹੈ ਕਿ ਉਹਨਾਂ ਦੇ ਜੀਵਨ ਦੇ ਸ਼ੁੱਧ ਅਮਲਾਂ ਵਿੱਚੋਂ ਹੀ ਉਹਨਾਂ ਰਾਹੀਂ ਰਚੀ ਬਾਣੀ ਦੇ ਪ੍ਰਕਾਸ਼ ਦੇ ਸੋਮੇ ਅਤੇ ਉਸ ਦੇ ਰਹੱਸ ਪਾਠਕ ਨੂੰ ਪ੍ਰਤੀਤ ਹੋਣੇ ਸ਼ੁਰੂ ਹੋ ਜਾਂਦੇ ਹਨ। ਹਰਿੰਦਰ ਸਿੰਘ ਮਹਿਬੂਬ ਨੇ ਪੰਜਵੇਂ ਗੁਰੂ ਅਰਜਨ ਸਾਹਿਬ ਦੇ ਸਬੰਧ ਵਿੱਚ ਉਹਨਾਂ ਦੇ ਅਧਿਆਤਮਕ ਰਹੱਸਾਂ ਦੀ ਪਹਿਚਾਣ ਸਬੰਧੀ ਸ਼ੁਰੂ ਵਿੱਚ ਹੀ ਅਜਿਹੇ ਸੰਕੇਤ ਅਤੇ ਸੁਆਲ ਪਾਠਕ ਦੇ ਮਨ ਵਿੱਚ ਖੜ੍ਹੇ ਕਰ ਦਿੱਤੇ ਹਨ ਜਿਸ ਤੋਂ ਉਹਨਾਂ ਦੇ ਗੁਰੂਤਵ ਦੀ ਵਿਲੱਖਣ ਸ਼ਾਨ ਦਾ ਅੰਦਾਜ਼ਾ ਪਾਠਕ ਦੇ ਮਨ ਵਿੱਚ ਕਾਫ਼ੀ ਹੱਦ ਤੱਕ ਸਹੀ ਰੂਪ ਵਿੱਚ ਲੱਗ ਜਾਂਦਾ ਹੈ:

ਫੇਰ ਸ਼ਹੀਦ ਪੈਗੰਬਰਾਂ ਦੇ ਬੇਨਜ਼ੀਰ ਸਰਦਾਰ ਆਏ, ਜਿਨ੍ਹਾਂ ਨੇ ਮਨੁੱਖ ਨੂੰ ਉਸ ਨਿਹਚਲ ਆਸਣ ਦਾ ਰਾਹ ਦੱਸਿਆ ਜੋ ਹਰ ਕਿਸਮ ਦੇ ਬੇਹਿਸ ਬੁੱਤਾਂ ਨੂੰ ਤੋੜ ਦਿੰਦਾ ਹੈ; ਜੋ ਕਦੇ-ਕਦੇ ਸੰਸਕਾਰਾਂ ਦੀ ਬੇਰੰਗ ਪਾਲ ਨੂੰ ਢਾਹ ਦਿੰਦਾ ਹੈ; ਜੋ ਮਹਾਂ ਭਇਆਨ ਦਾ ਧਰਵਾਸ ਬਣਦਾ ਹੈ, ਜੋ ਸ਼ਾਹਾਂ ਦੀ ਗਰਦਨ ਨੂੰ ਮਿੱਠੇ ਫਲ਼ਾਂ ਦੀ ਸ਼ਾਖ ਵਾਂਗ ਝੁਕਾ ਦਿੰਦਾ ਹੈ। ਪੀਰਾਂ ਨਾਲ ਤੁਰਦਾ ਹੈ ਅਤੇ ਦਰਸਾ ਦਿੰਦਾ ਹੈ ਕਿ ਭਾਵੇਂ ਸਭ ਚੀਜ਼ਾਂ ਮਿਥਿਆ ਹਨ ਪਰ ਫੇਰ ਵੀ ਸਭ ਚੀਜ਼ਾਂ ਮਿਥਿਆ ਨਹੀਂ। ਇਹ ਦੱਸਦਾ ਹੈ ਕਿ ਓਨਾ ਚਿਰ ਬ੍ਰਹਮ ਗਿਆਨੀ ਨੂੰ ਖੂਹਣੀਆਂ ਨੂੰ ਨਾਸ ਕਰ ਦੇਣ ਵਾਲੇ ਲਸ਼ਕਰ ਵੀ ਨਹੀਂ ਮਾਰ ਸਕਦੇ ਜਿੰਨਾਂ ਚਿਰ ਕਿ ਉਸ ਦਾ ਦੈਵੀ ਕੰਮ ਨਹੀਂ ਮੁੱਕਦਾ। ਇਸ ਨਿਹਚਲ ਆਸਣ ਦੇ ਜ਼ੋਰ ਨਾਲ ਉਹਨਾਂ ਨੇ ਪ੍ਰਗਟ ਕੀਤਾ ਕਿ ਜਦ ਬ੍ਰਹਮ ਗਿਆਨੀ ਉੱਤੇ ਸਰੀਰਕ ਜਬਰ ਹੋਵੇਗਾ, ਉਹ ਵਿਗਾਸ ਦੀ ਉਡਾਣ ਵਿੱਚ ਰਹੇਗਾ ਅਤੇ ਇਹ ਉਡਾਣ ਉਸਦਾ ਸਰੀਰ ਵੀ ਹੋਵੇਗੀ। (135)

ਲੇਖਕ ਨੇ ਗੁਰੂ ਅਰਜਨ ਸਾਹਿਬ ਰਾਹੀਂ ਪਾਵਨ ਬੀੜ ਦੀ ਸੰਪਾਦਨਾ ਸਮੇਂ ਇਸ ਵਿੱਚ ਭਗਤ ਬਾਣੀ ਨੂੰ ਸ਼ਾਮਲ ਕਰਨ ਦੇ ਵਿਲੱਖਣ ਰੂਹਾਨੀ ਅੰਦਾਜ਼ ਨੂੰ ਵੀ ਇੱਕ ਵੱਖਰੇ ਮੰਨਣਯੋਗ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਸਾਈਂ ਮੀਆਂ ਮੀਰ ਜੀ ਤੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਉਣ ਸਬੰਧੀ, ਇਸ ਪਿੱਛੇ ਵਿਆਪਕ ਦਾਰਸ਼ਨਕ ਦ੍ਰਿਸ਼ਟੀ ਨੂੰ ਲੇਖਕ ਨੇ ਇਸਲਾਮਕ ਤਸੱਵੁਫ ਅਤੇ ਸਿੱਖ ਅਧਿਆਤਮਕ ਪੱਖ ਤੋਂ ਪੇਸ਼ ਕੀਤਾ ਹੈ। ਭਗਤ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਨ ਦੇ ਗੁਰੂ ਦੇ ਮਨੋਰਥ ਨੂੰ ਲੇਖਕ ਨੇ ਵੱਖ-ਵੱਖ ਦੋ ਹਿੱਸਿਆਂ ਰਾਹੀਂ ਸਪਸ਼ਟ ਕੀਤਾ ਹੈ। ਲੇਖਕ ਦੇ ਪਹਿਲੇ ਹਿੱਸੇ ਵਿੱਚ ਭਗਤ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਨ ਦੇ ਸਪਸ਼ਟੀਕਰਨ ਨੂੰ ਏਥੇ ਪਾਠਕ ਦੀ ਤਸੱਲੀ ਲਈ ਪੇਸ਼ ਕਰਦੇ ਹਾਂ:

(੧) ਦੈਵੀ ਲਿਵ ਵਿੱਚ ਕਿਸੇ ਖਾਸ ਇਨਸਾਨ ਦੇ ਕੁੱਝ ਖ਼ਾਲਸ ਅਮਲ ਗੁਰੂ ਨਾਨਕ ਅਮਲ ਦੀ ਸੰਪੂਰਨਤਾ ਦਾ ਅੰਗ ਹਨ। ਜ਼ਰੂਰੀ ਨਹੀਂ ਭਗਤ ਦਾ ਸਮੁੱਚਾ ਜੀਵਨ ਹੀ ਗੁਰੂ-ਲਿਵ ਦੀ ਨਿਰੰਤਰਤਾ ਹੋਵੇ। ਉਸਦੀ ਇੱਕ ਖਾਸ ਦੈਵੀ ਰਮਜ਼ ਵੀ ਗੁਰੂ-ਲਿਵ ਨੂੰ ਮਨਜ਼ੂਰ ਹੈ। ਜੋ ਸ਼ਬਦ ਭਗਤ ਦੀ ਦੈਵੀ ਲਿਵ ਤੋਂ

ਬਾਹਰ ਹੈ, ਭਾਵੇਂ ਕਿ ਉਸਦਾ ਹੀ ਉਚਾਰਿਆ ਹੋਵੇ, ਉਹ ਗੁਰੂ ਨਾਨਕ ਸੱਚ ਦਾ ਹਿੱਸਾ ਨਹੀਂ। ਇਸ ਲਈ ਗੁਰੂ ਨਾਨਕ ਅਮਲ ਵਿੱਚ ਉਸ ਸ਼ਬਦ ਦਾ ਕੋਈ ਸਥਾਨ ਨਹੀਂ। ਸੋ ਜਦ ਸਿੱਖ ਪਾਵਨ ਬੀੜ ਅੱਗੇ ਸਿਰ ਝੁਕਾਉਂਦਾ ਹੈ ਤਾਂ ਭਗਤ ਦੀ ਸਮੁੱਚੀ ਲਿਵ ਅੱਗੇ ਸਿਰ ਨਹੀਂ ਝੁਕਾ ਰਿਹਾ ਹੁੰਦਾ। ਉਹ ਤਾਂ ਗੁਰੂ-ਲਿਵ ਅੱਗੇ ਸਿਰ ਝੁਕਾ ਰਿਹਾ ਹੁੰਦਾ ਹੈ, ਜਿਸ ਵਿੱਚ ਹੋਰਨਾਂ ਭਗਤਾਂ ਦੀ ਦੈਵੀ ਲਿਵ ਦੀਆਂ ਖਾਸ ਛੋਹਾਂ ਵੀ ਸੰਮਿਲਤ ਹਨ। ਸਿੱਖ ਪਾਵਨ ਬੀੜ ਅੱਗੇ ਸਿਰ ਝੁਕਾਉਂਦਿਆਂ ਭਗਤ ਦੇ ਉਸ ਸੁੱਚੇ ਅਮਲ ਨੂੰ ਪ੍ਰਣਾਮ ਕਰਦਾ ਹੈ, ਜਿਹੜਾ ਗੁਰੂ-ਲਿਵ ਨੂੰ ਮਨਜ਼ੂਰ ਹੈ। (144)

ਇਸ ਪਾਵਨ ਬੀੜ ਦੀ ਸੰਪਾਦਨਾ ਦੇ ਨਾਲ ਲੇਖਕ ਨੇ ਉਚੀ ਸੁਰਤਿ, ਵਿਜੈਈ ਤਰਕ, ਸਿਦਕ ਪ੍ਰਬਲਤਾ, ਸਾਦਗੀ ਦੀ ਬੇਮਿਸਾਲ ਘੜੀ, ਵਿਸਮਾਦ ਨਕਸ਼ ਅਤੇ ਉੱਚੇ ਮਨੁੱਖ ਭਾਵ ਗੁਰਮੁਖ ਦੇ ਸੰਕਲਪਾਂ ਰਾਹੀਂ ਇਹ ਵੀ ਸਪਸ਼ਟ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਇਸ ਧਰਤੀ ਦਾ ਆਖਰੀ ਧਰਮ-ਗ੍ਰੰਥ ਹੋਣ ਦੇ ਨਾਲ ਵਿਸ਼ਵ-ਧਰਮਾਂ ਵਿੱਚ ਸਿੱਧੇ ਇਲਹਾਮ ਰਾਹੀਂ ਆਉਣ ਵਾਲੇ ਧਰਮ-ਗ੍ਰੰਥ ਵਿੱਚ ਸਭ ਤੋਂ ਵੱਧ ਸੰਪੂਰਨ ਤੇ ਸੁਹਿਰਦ ਅਪਣੱਤ ਨਾਲ ਭਰਪੂਰ ਹੈ। ਇਸ ਦੀ ਸੰਪਾਦਨਾ ਦੀ ਉੱਚੀ ਸੁਰਤਿ ਨਾਲ ਅਭੇਦ ਇੱਕਮਿੱਕਤਾ ਦੇ ਅਚੇਤ ਪ੍ਰਵਾਹ ਵਿੱਚੋਂ ਹੀ ਇਸ ਧਰਮ-ਗ੍ਰੰਥ ਦੀ ਬੁਲੰਦ ਉਚਾਈ ਦਾ ਸਹੀ ਅੰਦਾਜ਼ਾ ਲੱਗ ਜਾਂਦਾ ਹੈ। ਸਾਈਂ ਮੀਆਂ ਮੀਰ ਜੀ ਦੇ ਇਸ ਧਰਮ-ਗ੍ਰੰਥ ਨੂੰ ਮੁੱਖ ਆਸਣ ਦੇਣ ਵਾਲੀ ਪਵਿੱਤਰ ਥਾਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਪਿੱਛੇ ਕਿਹੜੀ ਅਧਿਆਤਮਕ ਦ੍ਰਿਸ਼ਟੀ ਕਾਰਜਸ਼ੀਲ ਸੀ, ਇਸ ਦਾ ਨਿਰੀਖਣ ਆਪਣੇ-ਆਪ ਵਿੱਚ ਅਤਿ ਪ੍ਰਭਾਵਸ਼ਾਲੀ ਹੈ। ਇਸ ਪਿੱਛੇ ਇਸਲਾਮ ਅਤੇ ਸਾਮੀ ਧਰਮਾਂ ਦੀ ਇਸ ਵਿੱਚ ਸ਼ਮੂਲੀਅਤ ਦੇ ਦੈਵੀ ਰਹੱਸ ਕਿਵੇਂ ਕਾਰਜਸ਼ੀਲ ਹਨ? ਇਸ ਵਿਚਾਰ ਨੂੰ ਵੀ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਸਪਸ਼ਟ ਕੀਤਾ ਗਿਆ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦੇ ਜੀਵਨ ਅਤੇ ਉਹਨਾਂ ਨਾਲ ਸਬੰਧਤ ਵਿਸ਼ੇਸ਼ ਸਾਖੀਆਂ ਨੂੰ ਵੀ ਨਵੇਂ ਅਧਿਆਤਮਕ ਪ੍ਰਸੰਗ ਵਿੱਚ ਵਿਸਲੇਸ਼ਣ ਵਿੱਚ ਲਿਆਂਦਾ ਹੈ ਜਿਸ ਰਾਹੀਂ ਗੁਰੂ ਅਰਜਨ ਸਾਹਿਬ ਜੀ ਦਾ ਜੀਵਨ, ਉਹਨਾਂ ਦੇ ਜੀਵਨ ਵਿੱਚ ਵਾਪਰੀਆਂ ਸਾਖੀਆਂ (ਜਿਵੇਂ ਸੁਲਬੀ ਖਾਨ ਅਤੇ ਸੁਲਹੀ ਖਾਨ) ਅਤੇ ਉਹਨਾਂ ਰਾਹੀਂ ਰਚੀ ਬਾਣੀ ਅਤੇ ਪਾਵਨ ਬੀੜ ਦੀ ਸੰਪਾਦਨਾ ਦੇ ਅਸਲ ਅਧਿਆਤਮਕ ਰਹੱਸ ਅਤੇ ਮਨੋਰਥ ਦਾ ਪਾਠਕ ਨੂੰ ਇੱਕ ਵਿਲੱਖਣ ਦ੍ਰਿਸ਼ਟੀਕੋਣ ਰਾਹੀਂ ਗਿਆਨ ਹੁੰਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਜ਼ੀਨਤ ਦੇ ਨਵੇਂ ਤੋਂ ਨਵੇਂ ਰੂਪ ਸਾਹਮਣੇ ਆਉਂਦੇ ਹਨ।

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਦੋ ਤਲਵਾਰਾਂ, ਮੀਰੀ ਤੇ ਪੀਰੀ ਦੇ ਅਦ੍ਰਿਸ਼ਟ ਰੂਹਾਨੀ ਰਹੱਸ ਹਰਿੰਦਰ ਸਿੰਘ ਮਹਿਬੂਬ ਨੇ ਛੇਵੇਂ ਗੁਰੂ ਸਾਹਿਬ ਦੀਆਂ ਚਾਰ ਜੰਗਾਂ ਰਾਹੀਂ ਉਜਾਗਰ ਕੀਤੇ ਹਨ। ਸਿੱਖ ਇਤਿਹਾਸ ਅਤੇ ਸਿੱਖ ਸਾਹਿਤ ਵਿੱਚ ਪਹਿਲੀ ਵਾਰ ਗੁਰੂ ਹਰਗੋਬਿੰਦ ਸਾਹਿਬ ਦੀਆਂ ਜੰਗਾਂ ਦੇ ਰੂਹਾਨੀ ਗ਼ਜ਼ਬ ਨੂੰ ਸਹੀ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ। ਹਜ਼ਰਤ ਮੁਹੰਮਦ ਸਾਹਿਬ ਜੀ ਨੇ ਪਵਿੱਤਰ ਮਹਾਂ ਜੰਗ (The Greater Holy War) ਦਾ ਪਹਿਲੀ ਵਾਰ ਨਾਅਰਾ ਲਾਇਆ ਸੀ ਪ੍ਰੰਤੂ ਹਜ਼ਰਤ ਮੁਹੰਮਦ ਸਾਹਿਬ ਜੀ ਦੁਸ਼ਮਣ ਲਈ ਕਿਤੇ ਵੀ ਮਿਹਰਬਾਨ ਨਹੀਂ ਹਨ। ਹਰਿੰਦਰ ਸਿੰਘ ਮਹਿਬੂਬ ਨੇ ਛੇਵੇਂ ਗੁਰੂ ਸਾਹਿਬ ਦੀਆਂ ਜੰਗਾਂ ਦੀ ਰੂਹਾਨੀ ਉੱਚਤਾ ਨੂੰ ਜ਼ਾਹਰ ਕਰਦਿਆਂ ਫਿਰ ਦਰਸਾਇਆ ਹੈ ਕਿ ਇਹਨਾਂ ਜੰਗਾਂ ਵਿੱਚ ਵੈਰੀ ਲਈ ਗੁਰੂ ਮਿਹਰਬਾਨ ਹੋ ਕੇ, ਵੈਰ ਤੇ ਵਿਰੋਧ ਤੋਂ ਉੱਪਰ ਉੱਠ ਕੇ ਰੂਹਾਨੀ ਅਮਲ ਨੂੰ ਪਾਲ ਰਹੇ ਹਨ। ਗੁਰੂ ਸਾਹਿਬ ਦੁਸ਼ਮਨ ਨੂੰ ਵਾਰ ਕਰਨ ਦੇ ਕਈ-ਕਈ ਮੌਕੇ ਦਿੰਦੇ ਹਨ ਅਤੇ ਉਸ ਮੈਦਾਨੇ ਜੰਗ ਵਿੱਚ ਅਤਿ ਮਿਹਰਬਾਨ ਹੋ ਕੇ ਪੇਸ਼ ਆਉਂਦੇ ਹਨ।

ਛੇਵੇਂ ਗੁਰੂ ਸਾਹਿਬ ਦਾ ਜਹਾਂਗੀਰ ਰਾਹੀਂ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਹੋਣਾ ਅਤੇ ਨੂਰ ਜਹਾਂ ਦੀ ਮਾਨਸਿਕ ਅਵਸਥਾ 'ਤੇ ਇਸ ਦਾ ਅਸਰ ਅਤੇ ਜਹਾਂਗੀਰ ਵਿੱਚ ਬਾਬਰੀ ਜਲਾਲ ਇੱਕ ਸੁਸਤ ਰੂਪ ਵਿੱਚ ਕਿਵੇਂ ਪ੍ਰਗਟ ਹੁੰਦਾ ਹੈ ਅਤੇ ਵਕਤੀ ਤੌਰ 'ਤੇ ਉਹ ਬਾਬਰੀ ਜਲਾਲ ਦੀ ਸਹੀ ਨੁਹਾਰ ਵਿੱਚ ਆ ਕੇ ਗੁਰੂ ਹਰਗੋਬਿੰਦ ਜੀ ਨੂੰ ਬਵੰਜਾ ਕੈਦੀਆਂ ਨਾਲ ਕੈਦ ਵਿੱਚੋਂ ਸੁਤੰਤਰ ਕਰ ਦਿੰਦਾ ਹੈ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਜੰਗਾਂ ਦੇ ਪਿੱਛੇ ਜਿਹੜੇ ਅਧਿਆਤਮਕ ਰਹੱਸ ਅਭੇਦ ਸਨ, ਇਹਨਾਂ ਨੂੰ ਹਰਿੰਦਰ ਸਿੰਘ ਮਹਿਬੂਬ ਨੇ ਕ੍ਰਮਵਾਰ ਸੱਤ ਹਿੱਸਿਆਂ ਵਿੱਚ ਇੱਕ ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤਾ ਹੈ।

ਸਾਈਂ ਮੀਆਂ ਮੀਰ ਜੀ ਨਾਲ ਛੇਵੇਂ ਗੁਰੂ ਦੀ ਮਿਲਣੀ ਦੇ ਨਾਲ ਕਾਜ਼ੀ ਰੁਸਤਮ ਖਾਂ ਦੀ ਬੇਟੀ ਕੌਲਾਂ ਦਾ ਗੁਰੂ ਸਾਹਿਬ ਨਾਲ ਕੇਹੋ ਜੇਹਾ ਪਾਵਨ ਰਿਸ਼ਤਾ ਸੀ, ਇਸ ਰਿਸ਼ਤੇ ਦੀ ਮਹੱਤਤਾ ਨੂੰ ਵੀ ਲੇਖਕ ਨੇ ਅਤਿ ਨਿਰਲੇਪ ਤੇ ਸੰਜਮ ਵਾਲੀ ਦ੍ਰਿਸ਼ਟੀ ਰਾਹੀਂ ਪੇਸ਼ ਕੀਤਾ ਹੈ।

ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੇ ਸ਼ੁਭ ਅਮਲ ਨੂੰ ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਸਾਹਿਬ ਦੀ ਗੁਰੂ-ਉੱਚਤਾ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਜਦੋਂ ਸ਼ੁਭ ਅਮਲ ਮਨੁੱਖੀ ਦਿਲ ਨਾਲ ''ਅਭੇਦਤਾ ਪ੍ਰਾਪਤ'' ਕਰ ਲੈਣ ਤਾਂ ਉਸ ਮਨੁੱਖ ਨੂੰ ਪੈਗੰਬਰ ਅਥਵਾ ਗੁਰੂ ਆਖਦੇ ਹਨ। ਇਸ ਸ਼ੁਭ ਅਮਲ ਨੂੰ ਲੇਖਕ ਨੇ ਕ੍ਰਮਵਾਰ ਚਾਰ ਵਿਸ਼ੇਸ਼ ਹਿੱਸਿਆਂ ਵਿੱਚ ਵੰਡਿਆ ਹੈ:

1. ਮਨੁੱਖ ਦੀ ਸੁੱਚੀ ਕ੍ਰਿਤ
2. ਅੰਤਮ ਨਿਆਂ ਵੱਲ ਵਧ ਰਹੀ ਸੁੱਚੀ ਕ੍ਰਿਤ ਵਿੱਚੋਂ ਤੁਰ ਕੇ ਆਈ ਫਕੀਰੀ।
3. ਅੰਤਮ ਨਿਆਂ ਦੀ ਘੜੀ ਵਿੱਚ
4. ਅੰਤਮ ਨਿਆਂ ਦੇ ਆਪਣੇ ਆਪ ਵਿੱਚ।

ਗੁਰੂ ਹਰਿ ਰਾਇ ਦੇ ਸ਼ੁਭ ਅਮਲ ਦੇ ਪ੍ਰਸੰਗ ਵਿੱਚ ਅਗਲੀ ਵਿਸ਼ੇਸ਼ ਜਾਣਕਾਰੀ ਇਹ ਕਰਵਾਈ ਹੈ ਕਿ ਜਦੋਂ ਗੁਰੂ ਹਰਿ ਰਾਇ ਦਾ ਵੱਡਾ ਪੁੱਤਰ ਰਾਮ ਰਾਇ ਦਿੱਲੀ ਔਰੰਗਜ਼ੇਬ ਕੋਲ ਪਹੁੰਚਿਆ ਤਾਂ ਔਰੰਗਜ਼ੇਬ ਦੇ ਕਹਿਣ 'ਤੇ ਉਸਨੇ ਔਰੰਗਜ਼ੇਬ ਨੂੰ ਬਹੱਤਰ ਕਰਾਮਾਤਾਂ ਵਖਾਈਆਂ। ਬਾਦਸ਼ਾਹ ਨੇ ਰਾਮ ਰਾਇ ਨੂੰ ''ਉੱਚੀ ਅਜ਼ਮਤ'' ਵਾਲਾ ਪੀਰ ਮੰਨ ਲਿਆ। ਇਸ ਤੋਂ ਇਲਾਵਾ ਬਾਦਸ਼ਾਹ ਨੂੰ ਖੁਸ਼ ਕਰਨ ਲਈ ਰਾਮ ਰਾਇ ਨੇ ਬਾਣੀ ਦੇ ਸ਼ਬਦ ''ਮਿੱਟੀ ਮੁਸਲਮਾਨ ਕੀ'' ਨੂੰ ਬਾਦਸ਼ਾਹ ਦੀ ਖੁਸ਼ੀ ਲਈ ''ਮਿੱਟੀ ਬੇਈਮਾਨ ਕੀ'' ਵਿੱਚ ਬਦਲਣ 'ਤੇ ਗੁਰੂ ਸਾਹਿਬ ਨੇ ਇਸ ਕੁਕਰਮ ਲਈ ਆਪਣੇ ਪੁੱਤਰ ਨੂੰ ਤ੍ਰਿਸਕਾਰ ਕੇ ਸਦਾ ਲਈ ਆਪਣੇ ਰਹਿਮ ਤੋਂ ਵੱਖ ਕਰਕੇ ਕਿਸੇ ਸਰਾਪੀ ਇਕੱਲ ਵਿੱਚ ਧੱਕ ਦਿੱਤਾ। ਲੇਖਕ ਨੇ ਇਹ ਗੱਲ ਵੱਖ-ਵੱਖ, ਗੁਰੂ ਨਾਨਕ ਸੱਚ ਦੇ ਸਬੰਧ ਵਿੱਚ, ਤਿੰਨ ਵਿਸ਼ੇਸ਼ ਨੁਕਤਿਆਂ ਰਾਹੀਂ ਸਮਝਾਈ ਹੈ ਕਿ ਗੁਰੂ ਨਾਨਕ ਸੱਚ ਜੀਵਨ ਦੇ ਕਿਸੇ ਵੀ ਅਮਲ ਵਿੱਚ ਆਪਣੀ ਗੁਰੂ-ਆਭਾ ਨੂੰ ਕਿਵੇਂ ਸਥਾਪਤ ਰੱਖਦਾ ਹੈ। ਏਥੇ ਬਾਬਰੀ ਜਲਾਲ ਦੀਆਂ ਗੁਰੂ ਨਾਨਕ ਸੱਚ ਵਿੱਚ ਪੂਰੇ ਰੂਪ ਵਿੱਚ ਪ੍ਰਵਾਨ ਹੋਣ ਦੀਆਂ ਸੀਮਾਵਾਂ ਦੀ ਵੀ ਜਾਣਕਾਰੀ ਕਰਵਾਈ ਗਈ ਹੈ ਅਤੇ ਕਰਾਮਾਤ ਦੀ ਰੂਹਾਨੀ ਪ੍ਰਸੰਗ ਵਿੱਚ ਯੋਗ ਥਾਂ ਅਤੇ ਕੁਥਾਂ ਬਾਰੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਤਰੀਵ ਰਮਜ਼ ਦੇ ਸਬੰਧ ਵਿੱਚ ਪਹਿਚਾਣ ਕਰਵਾਈ ਗਈ ਹੈ। ਇਸ ਤਰ੍ਹਾਂ ਹਰਿੰਦਰ ਸਿੰਘ ਮਹਿਬੂਬ ਨੇ ਪਹਿਲੀ ਵਾਰ ਰੂਹਾਨੀ ਰੁਤਬੇ ਨੂੰ ਸਲਾਮਤ ਰੱਖਦਿਆਂ ਇਹ ਦ੍ਰਿੜ੍ਹ ਕਰਵਾਇਆ ਹੈ ਕਿ ਸੱਤਵੇਂ ਗੁਰੂ ਹਰਿ ਰਾਇ ਦਾ ਗੁਰੂ ਅਮਲ ਵਿੱਚ ਕੀ ਵਿਸ਼ੇਸ਼ ਅਤੇ ਅਨਿੱਖੜ ਸਥਾਨ ਸੀ ਅਤੇ ਗੁਰੂ-ਰੂਹਾਨੀਅਤ ਅਤੇ ਗੁਰੂ-ਅਮਲ ਦੇ ਕਿਹੜੇ ਵਿਸ਼ੇਸ਼ ਪੱਖ ਸਨ ਜੋ ਕਿ ਸਿੱਖ ਸ਼ੁਭ ਅਮਲਾਂ ਰਾਹੀਂ ਕੇਵਲ ਗੁਰੂ ਹਰਿ ਰਾਇ ਰਾਹੀਂ ਹੀ ਪ੍ਰਕਾਸ਼ ਹੋਏ ਹਨ।

ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਦੇਣ ਅਤੇ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਸਦਾ ਲਈ ਆਪਣੀ ਗੁਰੂ-ਬਖਸ਼ਿਸ਼ ਤੋਂ ਦੂਰ ਰੱਖਣ ਪਿੱਛੇ ਕਿਹੜਾ ਦੈਵੀ ਨਿਯਮ ਪ੍ਰਬੰਧ ਕਾਰਜਸ਼ੀਲ ਸੀ? ਇਸ ਦੇ ਤਸੱਲੀਬਖ਼ਸ਼ ਜੁਆਬ ਵਿੱਚ ਲੇਖਕ ਦੇ ਆਪਣੇ ਸ਼ਬਦ ਹੀ ਸੰਖੇਪ ਵਿੱਚ ਦੇਣੇ ਏਥੇ ਯੋਗ ਸਮਝਦੇ ਹਾਂ:

ਉੱਧਰ ਗੁਰੂ ਹਰਿ ਰਾਇ ਸਾਹਿਬ ਨੇ ਆਪਣਾ ਖੁਦਾਈ ਰੁਤਬਾ ਆਪਣੇ ਨਿੱਕੇ ਬੇਟੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸੌਂਪ ਕੇ ਅਗੰਮ ਜੋਤ ਵਿੱਚ ਜਾ ਟਿਕਾਣਾ ਕੀਤਾ। ਨਿੱਕੇ ਬੇਟੇ ਦੇ ਰੂਹ ਅਤੇ ਜਿਸਮ ਵਿੱਚ ਰੱਬਾਨੀਅਤ ਦੀਆਂ ਜ਼ਹੀਨ ਨਿਸ਼ਾਨੀਆਂ ਉੱਘੜ ਪਈਆਂ ਸਨ। ਇਹ ਸੁਣਕੇ ਰਾਮ ਰਾਇ ਉੱਤੇ ਪ੍ਰਚੰਡ ਕ੍ਰੋਧ ਦਾ ਕਟਕ ਚੜ੍ਹਿਆ, ਸ਼ਹਿਨਸ਼ਾਹ ਦੇ ਦਰਬਾਰ ਵਿੱਚ ਆਪਣੇ ਹੱਕ ਨੂੰ ਜਾ ਜਤਾਇਆ ਪਰ ਔਰੰਗਜ਼ੇਬ ਦਾ ਦਿਲ ਕੰਬਿਆ। ਸ਼ਾਇਦ ਕਰਾਮਾਤ ਦੇ ਬੁੱਤ ਤੋਂ ਉਸ ਦਾ ਧਿਆਨ ਕੁੱਝ ਛਿਣ ਪਾ ਕੇ ਹਟ ਗਿਆ, ਦੈਵੀ ਦਹਿਲ ਉਸ ਨੂੰ ਨਿਰਲੇਪ ਸੱਚ ਦੇ ਸਾਹਮਣੇ ਲੈ ਗਿਆ, ਵਕਤੀ ਤੌਰ ਉੱਤੇ ਉਸਨੇ ਰਾਮ ਰਾਇ ਨੂੰ ਵਰਜਿਆ ਕਿ ਉਹ ਫ਼ਕੀਰਾਂ ਨਾਲ ਆਢਾ ਨਾ ਲਵੇ। 192

ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸਿੱਖ ਅਰਦਾਸ ਵਿਚ ਵਿਸ਼ੇਸ਼ ਰੁਤਬਾ ਹਾਸਲ ਹੈ ਕਿ ''ਜਿਸ ਡਿਠਿਆ ਸਭ ਦੁਖ ਜਾਏ'' ਭਾਵ ਜਿਹਨਾਂ ਦੇ ਦੀਦਾਰ ਹੀ ਨਰਕ ਦੇ ਕਲੇਸ਼ਾਂ ਤੋਂ ਨਿਰਲੇਪ ਅਤੇ ਸੁਤੰਤਰ ਕਰਨ ਵਾਲੇ ਹਨ। ਲੇਖਕ ਨੇ ਅਰਦਾਸ ਦੇ ਇਹਨਾਂ ਸੰਜਮ ਮਈ ਸ਼ਬਦਾਂ ਦੇ ਅਰਥ ਬੇਨਕਾਬ ਕਰਦਿਆਂ ਇਹ ਦੱਸਿਆ ਹੈ ਕਿ ''ਇਹਨਾਂ ਸ਼ਬਦਾਂ ਦਾ ਪੂਰਾ ਅਰਥ ਤਾਂ ਉਹੀ ਸਮਝ ਸਕਦਾ ਹੈ, ਜਿਸ ਦੀ ਪ੍ਰਤੀਤੀ ਦੇ ਸਰਬ ਕਪਾਟ ਅਰਦਾਸ ਦੀਆਂ ਡੂੰਘਾਣਾਂ ਵਿਚ ਉਤਰਕੇ ਸਿੱਖ ਯਾਦ ਦੇ ਤ੍ਰੈਕਾਲੀ ਹੜ੍ਹ ਨੂੰ ਆਪਣੇ ਵਿਚ ਸਮਾ ਲੈਣ। ੧੯੩

ਲੇਖਕ ਨੇ ਇਸ ਉਪਰੋਕਤ ਕਥਨ ਪਿੱਛੇ ਦੁਖ ਹਰਨ ਦੇ ਨਾਲ ਹੋਰ ਕਿਹੜਾ ਇਲਾਹੀ ਨਿਯਮ ਪ੍ਰਬੰਧ ਕਾਰਜਸ਼ੀਲ ਹੈ, ਉਸ ਦੀ ਪਹਿਚਾਣ ਕਰਵਾਉਣ ਨਾਲ ਸਗੋਂ ਇਸ ਦੁਖ ਹਰਨ ਦੀ ਕ੍ਰਿਆ ਨੂੰ ਨਿਰੋਲ ਸੰਸਾਰਕ ਉਪਕਾਰ ਨਾਲ ਹੀ ਸਬੰਧਤ ਨਹੀਂ ਮੰਨਿਆਂ, ਸਗੋਂ ਇਸ ਰੋਗ ਨਵ੍ਰਿਤ ਕਰਨ ਦੀ ਵਿਧੀ ਨੂੰ

ਗੁਰੂ ਦੇ ਦੈਵੀ ਇਲਹਾਮ ਦੀ ਨੇੜਤਾ ਵਿਚੋਂ ਹੀ ਪ੍ਰਕਾਸ਼ਮਾਨ ਕੀਤਾ ਹੈ, ਕਿਉਂਕਿ "ਇਹ ਰੋਗ ਹਰਨ ਦੀ ਕ੍ਰਿਆ ਕਿਸੇ ਅਜੈ ਆਵੇਸ਼ ਦਾ ਲਘੂ ਰੂਪ ਹੈ, ਅਤੇ ਇਸ ਦੀ ਚਾਲ ਦੇ ਹੋਰ ਅਨੇਕਾਂ ਅਰਥ ਹਨ। ਇਹ ਅਜੈ ਆਵੇਸ਼ ਫਜ਼ਲ ਦਾ ਵਗਦਾ ਹੀ ਵਗਦਾ ਕੋਈ ਨਿਸਚਿੰਤ ਹੜ੍ਹ ਹੈ, ਜਿਸ ਦੀਆਂ ਕੁੱਝ ਆਵਾਜ਼ਾਂ ਨਾਲ ਹੀ ਸਾਡੇ ਕੰਨਾਂ ਦੀ ਇਕ ਸੁਰਤਾ ਹੈ। (੧੯੪-੯੫)

ਕੁਰੁਕਸ਼ੇਤਰ ਦੇ ਸਥਾਨ 'ਤੇ ਇੱਕ ਖੁਣਸੀ ਪੰਡਤ ਦੇ ਆਪ ਨੂੰ ਭਗਵਤ ਗੀਤਾ ਦੇ ਅਰਥ ਕਰਨ ਸਬੰਧੀ ਕੀਤੇ ਸੁਆਲ ਦੇ ਜੁਆਬ ਵਿੱਚ ਗੁਰੂ ਸਾਹਿਬ ਵੱਲੋਂ ਇੱਕ ਬੋਲੇ ਤੇ ਗੂੰਗੇ ਘਾਹੀ ਨੂੰ ਬੁਲਾ ਕੇ ਭਗਵਤ ਗੀਤਾ ਦੇ ਅਰਥ ਕਰਵਾਉਣ ਪਿੱਛੇ ਗੁਰੂ-ਸੁਰਤਿ ਦੇ ਕੀ ਰਾਜ਼ ਹਨ, ਇਹਨਾਂ ਦਾ ਸੂਖਮ ਨਿਖੇੜਾ ਲੇਖਕ ਦੇ ਆਪਣੇ ਸ਼ਬਦਾਂ ਵਿੱਚ ਹੀ ਅਤਿ ਯੋਗ ਭਾਸੇਗਾ ਕਿ ਗੁਰੂ, ਸ਼ਬਦ ਅਤੇ ਸੁਰਤਿ ਦੇ ਪ੍ਰਸੰਗ ਵਿੱਚ ਦਰਸ਼ਨ ਦੀ ਪੁਸਤਕ ਭਗਵਦ ਗੀਤਾ ਦਾ ਕੀ ਸਥਾਨ ਹੈ:

ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪੂਰਨ ਮਿਹਰ ਮਨੁੱਖ ਨੂੰ ਬੇ-ਨਿਸ਼ਾਨੀ ਵਿੱਚੋਂ ਚੁੱਕਦੀ ਹੈ ਅਤੇ ਉਸ ਨੂੰ ਉਸ ਸਿਦਕ ਨਿਸ਼ਾਨ ਉੱਤੇ ਖੜ੍ਹਾ ਕਰਦੀ ਹੈ ਜਿੱਥੇ ਅਰਥਾਂ ਪਿੱਛੇ ਲੁਕੀਆਂ ਦਰਸ਼ਨ-ਸੇਧਾਂ ਨੂੰ ਵੇਖਣਾ ਇੱਕ ਸਰਸਰੀ ਜੇਹੀ ਖੇਡ ਲੱਗਦੀ ਹੈ ਅਤੇ ਜਿੱਥੇ ਚੀਜ਼ ਦੇ ਗੁਪਤ ਰੂਪ ਨਾਲ ਅੰਤਰਯਾਤਮਤਾ ਦਾ ਰਿਸ਼ਤਾ ਜੁੜ ਜਾਂਦਾ ਹੈ, ਜਿਸ ਦਾ ਸਹਿਜ ਹਰ ਵਸਤੂ ਨੂੰ ਪੂਰਨ ਰੌਸ਼ਨੀ ਵਿੱਚ ਵੇਖਦਾ ਹੈ। ਭਗਵਦ ਗੀਤਾ ਦੀ ਕਰਮ ਵਿਧੀ ਭਲੀ ਹੈ, ਸਿਆਣੀ ਹੈ, ਨਿਰੰਕੁਸ਼ ਹੈ, ਪਰ ਫਿਰ ਵੀ ਕਰਮ-ਕਾਂਡੀ ਰਸਮ ਦੀ ਬੰਦਿਸ਼ ਵਿੱਚ ਹੈ। ਕਰਮ ਵਿਧੀ ਮਨੁੱਖ ਦੀ ਰੂਹਾਨੀ ਆਜ਼ਾਦੀ ਦਾ ਇਕਹਿਰਾ ਜਿਹਾ ਕੌਲ ਹੈ। ਇਹ ਗਿਆਨ, ਸ਼ਰਧਾ ਅਤੇ ਬਾਹਰਮੁਖੀ ਕੰਮਾਂ ਵਿੱਚ ਇੱਕ ਰਸਮੀ ਜੇਹੀ ਤਰਤੀਬ ਮੰਗਦੀ ਹੈ ਪਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਪੂਰਨ ਮਿਹਰ ਬਾਹਰਲੇ ਨੇਮਾਂ ਦੀ ਇਸ ਹੱਦ ਤੱਕ ਪਾਬੰਦ ਨਹੀਂ ਕਿ ਆਪਣਾ ਸਾਰਾ ਆਦਰਸ਼ ਹੀ ਉਹਨਾਂ ਦੇ ਸਪੁਰਦ ਕਰ ਦੇਵੇ ਜਾਂ ਉਹਨਾਂ ਦੇ ਖਿਆਲ ਵਿੱਚ ਹੀ ਅਭੇਦ ਹੋ ਜਾਵੇ। (197)

ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸਹਿਜ਼ਾਦਾ ਮੁਅਜ਼ਮ ਨਾਲ ਮੇਲ, ਉਸਨੂੰ ਗੁਰੂ-ਪਹਿਚਾਣ ਦੀ ਸ਼ੁੱਧ ਨਿਗਾਹ ਦਾ ਅਹਿਸਾਸ ਕਰਵਾਉਣਾ ਅਤੇ ਅੰਤ 'ਤੇ ਆਪਣੇ-ਆਪ ਨੂੰ ਮੌਤ ਦੇ ਸਪੁਰਦ ਕਰਦਿਆਂ ਬਾਬੇ ਬਕਾਲੇ ਗੁਰੂ ਤੇਗ ਬਹਾਦਰ ਦੇ ਪੂਰਨ ਕਪਾਟ ਵਿੱਚ ਜਾ ਸਮਾਉਣਾ ਆਦਿ ਕੁੱਝ ਅਜਿਹੇ ਵਿਸ਼ੇਸ਼ ਪੱਖ ਹਨ ਜੋ ਕਿ ਲੇਖਕ ਪ੍ਰਕਾਸ਼ਮਾਨ ਕਰਦਿਆਂ, ਗੁਰੂ ਹਰਿਕ੍ਰਿਸ਼ਨ ਜੀ ਦੀ ਮਾਸੂਮ ਅਵਸਥਾ ਵਿੱਚ ਗੁਰੂ-ਸ਼ਖ਼ਸੀਅਤ ਦੇ ਵਿਲੱਖਣ ਪੱਖ ਸਾਹਮਣੇ ਲਿਆਉਂਦਾ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ ਜੋਤ ਸਮਾਉਣ ਵੇਲੇ ਉਹਨਾਂ ਨੇ ਆਪ ਤੋਂ ਅਗਲੇ ਗੁਰੂ ਬਾਰੇ ਜੋ ਸ਼ਬਦ "ਬਾਬਾ ਬਕਾਲੇ" ਆਖੇ ਸਨ, ਉਹ ਕੋਈ ਸਾਧਾਰਨ ਵਾਕ ਨਹੀਂ ਸਨ। ਸਗੋਂ ਇਹਨਾਂ ਸੰਕੇਤਕ ਸ਼ਬਦਾਂ ਪਿੱਛੇ ਹੀ ਗੁਰਗੱਦੀ ਪ੍ਰਾਪਤ ਕਰਨ ਦੇ ਅਧਿਆਤਮਕ ਰਹੱਸ ਅਭੇਦ ਹਨ। ਅਣਜਾਣ ਇਤਿਹਾਸਕਾਰਾਂ ਦੇ ਇਹਨਾਂ ਸ਼ਬਦਾਂ ਬਾਰੇ ਗ਼ਲਤ ਅੰਦਾਜ਼ਿਆਂ ਨੂੰ ਨਕਾਰਨ ਪ੍ਰਤੀ ਲੇਖਕ ਨੇ ਗੁਰਗੱਦੀ ਪ੍ਰਾਪਤ ਕਰਨ ਦੇ ਜੋ ਅਧਿਆਤਮਕ ਪਹਿਲੂ ਦਰਸਾਏ ਹਨ ਉਹ ਗਿਣਤੀ ਵਿੱਚ ਚਾਰ ਹਨ, ਜਿਨ੍ਹਾਂ ਰਾਹੀਂ ਗੁਰਗੱਦੀ ਪ੍ਰਾਪਤ ਕਰਨ ਦੇ ਢੰਗ ਅਤੇ ਵਿਧੀ ਨੂੰ ਰੂਹਾਨੀ ਮੰਨਿਆ ਗਿਆ ਹੈ। ਇਸ ਦੇ ਨਾਲ ਹੀ ਮੱਖਣ ਸ਼ਾਹ ਨੇ ਜਦੋਂ ਆਪਣੇ ਜਹਾਜ਼ ਨੂੰ ਡੁੱਬਣ ਤੋਂ ਬਚਾਉਣ ਲਈ ਗੁਰੂ ਨੂੰ ਧਿਆਨ ਵਿਚ ਰੱਖਦੇ ਹੋਏ ਅਰਦਾਸ ਕੀਤੀ ਤਾਂ ਉਸਦਾ ਜਹਾਜ਼ ਡੁੱਬਣ ਤੋਂ ਬਚਿਆ ਅਤੇ ਇਸ ਕਰਾਮਾਤ ਦੇ ਰੂਹਾਨੀ ਅਰਥ ਕੀ ਹਨ? ਕਰਾਮਾਤ ਕਿੱਥੇ ਯੋਗ ਅਤੇ ਕਿੱਥੇ ਅਯੋਗ ਹੈ ਆਦਿ ਦਾ ਫਰਕ ਵੀ ਏਸ ਪ੍ਰਸੰਗ ਵਿੱਚ ਲੇਖਕ ਨੇ ਅਤਿ ਤਸੱਲੀਬਖਸ਼ ਢੰਗ ਨਾਲ ਦਰਸਾਇਆ ਹੈ। ਗੁਰੂ ਅਰਦਾਸ ਦੇ ਸ਼ੁੱਧ ਅਮਲ ਵਿੱਚ ਕਿਵੇਂ ਅਤੇ ਕਿਹੜੇ-ਕਿਹੜੇ ਪ੍ਰਸੰਗ ਵਿੱਚ ਮੌਜੂਦ ਹੁੰਦਾ ਹੈ ਅਤੇ ਚਹੁੰ ਕੁੰਟਾਂ ਹੀ ਕਦੋਂ ਗੁਰੂ ਦਾ ਜਿਸਮ ਬਣ ਜਾਂਦੀਆਂ ਹਨ; ਪਾਵਨ ਬੀੜ ਨੂੰ ਪਾਣੀਆਂ ਵਿੱਚ ਅਛੋਹ ਰੂਪ ਵਿੱਚ ਗੁਰੂ ਤੇਗ ਬਹਾਦਰ ਨੇ ਕਿਵੇਂ ਆਪਣੇ ਅੰਤਰ ਧਿਆਨੀ ਜਾਪ ਰਾਹੀਂ ਧਰਿ ਮੱਲ ਰਾਹੀਂ ਪ੍ਰਾਪਤ ਕੀਤਾ; ਬਿਆਸ ਦੇ ਵਗਦੇ ਪਾਣੀਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਕਿਉਂ ਸਲਾਮਤ ਰਹਿੰਦੀ ਹੈ? ਇਨ੍ਹਾਂ ਸੂਖਮ ਰਹੱਸਾਂ ਨੂੰ ਹਰਿੰਦਰ ਸਿੰਘ ਮਹਿਬੂਬ ਨੇ ਅਤਿ ਤਸੱਲੀ ਬਖਸ਼ ਢੰਗ ਨਾਲ ਦ੍ਰਿੜ੍ਹ ਕਰਵਾਇਆ ਹੈ।

ਇਸ ਦੇ ਨਾਲ ਹੀ ਗੁਰੂ ਤੇਗ਼ ਬਹਾਦਰ ਦੀ ਵੀਹ ਵਰ੍ਹੇ ਲੰਮੀ ਸਮਾਧੀ ਦਾ ਯੋਗ ਦੀ ਸਮਾਧੀ ਨਾਲੋਂ ਕੀ ਫਰਕ ਹੈ। ਇਸ ਮੱਤ ਨੂੰ ਲੇਖਕ ਨੇ ਅਤਿ ਵਿਆਖਿਆਤਮਕ ਢੰਗ ਨਾਲ ਬੇਨਕਾਬ ਕੀਤਾ ਹੈ। ਇਸ ਦੇ ਨਾਲ ਹੀ ਬੁੱਧ ਭਗਵਾਨ ਦੀ ਸਮਾਧੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਵੀਹ ਸਾਲ ਦੀ ਲੰਮੀ ਸਮਾਧੀ ਦਾ ਅੰਤਰ ਦੱਸਕੇ ਇਹੋ ਸਮਝਾਇਆ ਕਿ ਸ਼ੰਕਰਾਚਾਰੀਆ ਤੋਂ ਲੈ ਕੇ ਬੁੱਧ ਮੱਤ ਤੱਕ ਦੀਆਂ ਕੁੱਲ ਅੰਤਰ ਧਿਆਨ ਸਮਾਧੀਆਂ ਦੇ ਪ੍ਰਸੰਗ ਵਿੱਚ ਗੁਰੂ-ਸਮਾਧੀ ਦਾ ਕੀ

ਅੰਤਰ ਅਤੇ ਵਖਰੇਵਾਂ ਹੈ? ਉਹਨਾਂ ਦੀ ਅਜਿਹੀ ਵਿਲੱਖਣ ਸਮਾਧੀ ਦੇ ਅਧਿਆਤਮਕ ਰਹੱਸ ਦਾ ਕਿਸੇ ਹੱਦ ਤੱਕ ਜਾਇਜ਼ਾ ਲੈਣ ਲਈ ਲੇਖਕ ਹੋ ਆਪਣੇ ਸ਼ਬਦ ਹੀ ਵਧੇਰੇ ਯੋਗ ਸਮਝਦੇ ਹਾਂ:

ਸੋ ਉਹ ਗੁਰਸਿੱਖ ਵਾਂਗ ਪਾਠ ਕਰਦੇ ਰਹੇ, ਪਰ ਕਿਉਂਕਿ ਖਾਸ ਵੇਲੇ ਉਹਨਾਂ ਨੇ ਗੁਰੂ ਦੇ ਰੂਪ ਵਿੱਚ ਪ੍ਰਗਟ ਹੋਣਾ ਸੀ, ਇਸ ਕਰਕੇ ਉਹਨਾਂ ਦੀ ਲਿਵ ਉਸ ਧੁਰ ਦੇ ਸੋਮੇ ਨਾਲ ਵੀ ਜੁੜੀ ਰਹੀ ਜਿੱਥੋਂ ਕਿ ਬਾਣੀ ਆਉਂਦੀ ਹੈ, ਯਾਅਨੀ ਕਿ ਉਹਨਾਂ ਦੀ ਲਿਵ ਵਿੱਚ ਪਾਵਨ ਬੀੜ ਬਿਨਾ ਪਾਠ ਕਰਨ ਦੇ ਮੌਜੂਦ ਸੀ। ਉਹਨਾਂ ਦੀ ਸਮਾਧੀ ਨੂੰ ਲਘੂ ਸ਼ੰਕੇ, ਲਘੂ ਤਰਕ ਅਤੇ ਅਧੂਰੀਆਂ ਸੋਚਾਂ ਨਾਲ ਨਹੀਂ ਸੀ ਉਲਝਣਾ ਪੈਂਦਾ। ਇਹਨਾਂ ਰੁਕਾਵਟਾਂ ਨੂੰ ਤਾਂ ਉਹਨਾਂ ਨੇ ਨਿਸਚੇ ਦੀ ਪਹਿਲੀ ਉਡਾਰੀ ਨਾਲ ਹੀ ਸਰ ਕਰ ਲਿਆ ਸੀ; ਏਥੋਂ ਤੱਕ ਕਿ ਉਹਨਾਂ ਦੀ ਉਚੀ ਸੁਰਤਿ ਨੂੰ ਚੁੰਧਿਆ ਦੇਣ ਵਾਲੇ ਤੇਜ਼ ਫੁਰਨੇ ਵਿੱਚੋਂ ਦੀ ਵੀ ਨਹੀਂ ਲੰਘਣਾ ਪਿਆ। ਗੁਰੂ ਨਾਨਕ ਸੱਚ ਦੇ ਫ਼ਜ਼ਲ ਵਿੱਚ ਉਹਨਾਂ ਦਾ ਥਾਂ ਪਹਿਲਾਂ ਹੀ ਨਿਸ਼ਚਿਤ ਸੀ; ਮਿਹਰ ਦੇ ਆਲਮ (ਕਰਮ ਖੰਡ) ਦੀ ਸੱਚੀ ਪਹਿਚਾਣ ਉਹਨਾਂ ਤੱਕ ਰੁਮਕ ਰਹੀ ਸੀ ਅਤੇ ਉਹਨਾਂ ਦੇ ਬਾਰੀਕ ਅਹਿਸਾਸ ਵਿੱਚ ਇਹ ਸੱਚਾਈ ਆ ਚੁੱਕੀ ਸੀ। ਉਹਨਾਂ ਦੀ ਸਮਾਧੀ ਸੂਫ਼ੀ ਸੰਤਾਂ ਵਾਂਗ ਵਜਦ ਦੇ ਸ਼ਖ਼ਸੀ ਸੁਆਦਾਂ ਵਿੱਚ ਨਹੀਂ ਸੀ। ਵਜਦ, ਵਿਸਮਾਦ ਅਤੇ ਆਤਮਕ ਅਨੰਦ ਦੀ ਪ੍ਰਾਪਤੀ ਉਹਨਾਂ ਲਈ ਕਿਸੇ ਕਿਸਮ ਦਾ ਸਨਕ ਨਹੀਂ ਸੀ ਬਣੀ ਕਿਉਂਕਿ ਇਹ ਦਾਤਾਂ ਤਾਂ ਉਹਨਾਂ ਨੂੰ ਹਾਸਿਲ ਹੀ ਸਨ ਅਤੇ ਉਹਨਾਂ ਦੀ ਉੱਚੀ ਸੁਰਤਿ ਦੀਆਂ ਅਨੇਕਾਂ ਹੋਰ ਤਰੰਗਾਂ ਦੀ ਨਿਰਵਿਘਨ ਰਵਾਨੀ ਵਿੱਚ ਸ਼ਾਮਲ ਸਨ। (206)

ਲੇਖਕ ਨੇ ਏਥੇ ਇਹ ਵੀ ਸਪਸ਼ਟ ਕੀਤਾ ਹੈ ਕਿ ਪਾਵਨ ਬੀੜ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜ਼ਿਹਨ ਵਿੱਚ ਸੀ ਨਾ ਕਿ ਉਹਨਾਂ ਨੇ ਰਟ ਕੇ ਯਾਦ ਕੀਤੀ ਹੋਈ ਸੀ। ਲੇਖਕ ਨੇ ਇਸ ਪੱਖ ਨੂੰ ਯੋਗ ਹਵਾਲਿਆਂ ਦੇ ਨਾਲ ਅਨੁਭਵੀ ਦ੍ਰਿਸ਼ਟੀ ਰਾਹੀਂ ਵੀ ਦ੍ਰਿੜ੍ਹ ਕਰਵਾਇਆ ਹੈ। ਇਸ ਸਬੰਧ ਵਿੱਚ ਹਰਿੰਦਰ ਸਿੰਘ ਨੇ ਚਾਰ ਵਿਸ਼ੇਸ਼ ਤੇ ਵਿਲੱਖਣ ਸਬੂਤ ਮੰਨਣਯੋਗ ਹਵਾਲਿਆਂ ਰਾਹੀਂ ਪੇਸ਼ ਕੀਤੇ ਹਨ। ਆਪ ਇੱਕ ਦਿਨ ਅੰਮ੍ਰਿਤਸਰ ਰਹੇ ਅਤੇ ਫੇਰ ਕੀਰਤਪੁਰ ਦੇ ਸਥਾਨ 'ਤੇ ਪਹੁੰਚ ਕੇ ਅਨੰਦਪੁਰ ਸਾਹਿਬ ਦੀ ਉਸਾਰੀ ਕੀਤੀ, ਜੋ ਕਿ ਸਿੱਖਾਂ ਅਥਵਾ ਖ਼ਾਲਸਾ ਪੰਥ ਦਾ ਸ਼ਹਿਰ ਹੈ।

ਇਸ ਪਿੱਛੋਂ ਬਨਾਰਸ, ਬੁੱਧ ਗਯਾ ਤੇ ਪਟਨੇ ਪਹੁੰਚੇ। ਅਨੰਦਪੁਰ ਸਾਹਿਬ ਤੋਂ ਕਾਮਰੂਪ ਤੱਕ ਦਾ ਲੰਮਾ ਸਫ਼ਰ ਕੀਤਾ ਜਿਸ ਵਿੱਚੋਂ ਗੁਜ਼ਰਦਿਆਂ ਆਪਨੇ ਗੁਰਬਾਣੀ ਦੀ ਸੁਰਤਿ ਨੂੰ ਹਰ ਸਥਾਨ 'ਤੇ ਜਗਾਇਆ ਅਤੇ ਇਹਨਾਂ ਥਾਵਾਂ ਦੀ ਗੁਰਬਾਣੀ ਦੇ ਅੰਤਰੀਵ ਰਹੱਸ ਨਾਲ ਸਾਂਝ ਨੂੰ ਪ੍ਰੇਰਤ ਕੀਤਾ। ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਪਿੱਛੇ ਕੀ ਮਨੋਰਥ ਅਤੇ ਭਾਵ ਸੀ, ਇਸ ਦਾ ਜੁਆਬ ਪਹਿਲੀ ਵਾਰ ਹਰਿੰਦਰ ਸਿੰਘ ਮਹਿਬੂਬ ਨੇ ਹੀ ਤਸੱਲੀਬਖ਼ਸ਼ ਢੰਗ ਨਾਲ ਦਿੱਤਾ ਹੈ। ਉਹਨਾਂ ਨੇ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਨੂੰ ਹਿੰਦੂ ਧਰਮ ਨੂੰ ਬਚਾਉਣ ਦੇ ਮਨੋਰਥ ਤੋਂ ਬਿਲਕੁਲ ਵੱਖਰੀ ਅਤੇ ਸੁਤੰਤਰ ਮੰਨਿਆ ਹੈ। ਇਹ ਠੀਕ ਹੈ ਕਿ ਗੁਰੂ ਤੇਗ ਬਹਾਦਰ ਜੀ ਹਿੰਦੂ ਬ੍ਰਾਹਮਣਾਂ ਦੀ ਮਦਦ ਲਈ ਗਏ ਪ੍ਰੰਤੂ ਇਸ ਪਿੱਛੇ ਗੁਰੂ-ਮਨੋਰਥ ਕੀ ਸੀ ਅਤੇ ਇਸ ਦੇ ਸਿੱਖ ਧਰਮ ਦੇ ਸਬੰਧ ਵਿੱਚ ਅਧਿਆਤਮਕ ਪਹਿਲੂ ਕੀ ਸਨ? ਇਹਨਾਂ ਪ੍ਰਸ਼ਨਾਂ ਦਾ ਉੱਤਰ ਲੇਖਕ ਨੇ ਕਰਮਵਾਰ ਚਾਰ ਭਾਗਾਂ ਵਿੱਚ ਦਿੱਤਾ ਹੈ, ਭਾਵੇਂ ਕਿ ਉਹਨਾਂ ਦੀ ਸ਼ਹਾਦਤ ਦਾ ਲਾਜ਼ਮੀ ਹੋਣਾ ਉਹਨਾਂ ਦੇ ਸਮੁੱਚੇ ਗੁਰੂ-ਅਮਲ ਅਤੇ ਸ਼ਬਦ ਦੇ ਰਹੱਸ ਰਾਹੀਂ ਅਚੇਤ ਹੀ ਇਸ ਪੜਾਅ 'ਤੇ ਪਹੁੰਚਦਾ ਹੈ। ਇਸ ਸ਼ਹਾਦਤ ਨੂੰ ਕੇਵਲ ਹਿੰਦੂ ਧਰਮ ਦੀ ਰਾਖੀ ਨਾਲ ਜੋੜਕੇ ਸਿੱਖ ਧਰਮ ਦੇ ਅੰਤਰੀਵ ਦ੍ਰਿਸ਼ਟੀਕੋਣ ਨੂੰ ਸਮਝਣ ਤੋਂ ਬੇਮੁੱਖ ਹੋਣਾ ਹੈ। ਲੇਖਕ ਨੇ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਦੀ ਅਸਲੀਅਤ ਨੂੰ ਚਾਰ ਮੁੱਖ ਭਾਗਾਂ ਵਿੱਚ ਵੰਡ ਕੇ ਇਹ ਸਪਸ਼ਟ ਕੀਤਾ ਹੈ ਕਿ ਉਹਨਾਂ ਦੀ ਸ਼ਹਾਦਤ ਗੁਰੂ-ਲਿਵ ਦੇ ਸੰਪੂਰਨ ਹੋਣ ਵਿੱਚ ਇੱਥੇ ਆਵੱਸ਼ਕ ਕਾਰਜ ਸੀ ਅਤੇ ਖ਼ਾਲਸਾ ਪੰਥ ਦੀ ਦਸਵੇਂ ਜਾਮੇ ਵਿੱਚ ਉਸਾਰੀ ਦੀ ਇਹ ਇੱਕ ਆਖ਼ਰੀ ਰੂਹਾਨੀ ਮੰਜ਼ਿਲ ਦੀ ਆਖ਼ਰੀ ਪੌੜੀ ਹੀ ਆਖੀ ਜਾ ਸਕਦੀ ਹੈ। ਪਾਠਕ ਨੂੰ ਬੇਨਤੀ ਹੈ ਕਿ ਇਸ ਸ਼ਹਾਦਤ ਦਾ ਅਸਲ ਰੂਪ ਤਾਂ ਲੇਖਕ ਦੀ ਸਮੁੱਚੀ ਪੁਸਤਕ ''ਸਹਿਜੇ ਰਚਿਓ ਖ਼ਾਲਸਾ'' ਦੇ ਅਧਿਐਨ ਰਾਹੀਂ ਹੀ ਸਪਸ਼ਟ ਹੋ ਸਕਦਾ ਹੈ ਪ੍ਰੰਤੂ ਕੇਵਲ ਗੁਰੂ ਤੇਗ਼ ਬਹਾਦਰ ਜੀ ਸਬੰਧੀ ਦਿੱਤੇ ਲੇਖਕ ਦੇ ਸਮੁੱਚੇ ਵਿਚਾਰ ਵੀ ਸਾਡੇ ਉਪਰੋਕਤ ਪੱਖ ਦੀ ਪੂਰੀ ਤਸੱਲੀ ਕਰਵਾਉਣ ਦੇ ਯੋਗ ਹਨ। ਪ੍ਰੰਤੂ ਹੋਰ ਕਿਤੇ ਵੀ ਇਸ ਤਸੱਲੀ ਸਬੰਧੀ ਕਿਸੇ ਲਿਖਤ ਵਿੱਚ ਇਸ ਦਾ ਕੋਈ ਬਦਲ ਪ੍ਰਾਪਤ ਨਹੀਂ ਹੋ ਸਕਦਾ।

## ਸ਼ਬਦ ਅਸਗਾਹ

ਹਰਿੰਦਰ ਸਿੰਘ ਮਹਿਬੂਬ ਨੇ ਤੀਸਰੀ ਕਿਤਾਬ ''**ਸ਼ਬਦ**

**ਅਸਗਾਹ**'' ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਰਤੀ ਅਤੇ ਵਿਸ਼ਵ ਧਰਮਾਂ ਵਿੱਚ ਸਭ ਤੋਂ ਵਿਲੱਖਣ ਅਤੇ ਨਿਆਰੀ ਸ਼ਾਨ ਅਨੇਕ ਦ੍ਰਿਸ਼ਟ/ਅਦ੍ਰਿਸ਼ਟ ਪਹਿਲੂਆਂ ਰਾਹੀਂ ਦਰਸਾਈ ਹੈ, ਜਿਸ ਦਾ ਬਦਲ ਹੋਰ ਕਿਸੇ ਵੀ ਸਾਹਿਤਕਾਰ ਦੀ ਪੁਸਤਕ ਵਿੱਚ ਪ੍ਰਾਪਤ ਨਹੀਂ। ਇਸ ਪੁਸਤਕ ਦੇ ਸ਼ੁਰੂ ਵਿੱਚ ਦਿੱਤੇ ਲੇਖਕ ਦੇ ਸ਼ਬਦ ਮਿਸਾਲ ਵਜੋਂ ਦੇਣੇ ਏਥੇ ਇਸ ਲਈ ਯੋਗ ਸਮਝਦੇ ਹਾਂ ਤਾਂ ਕਿ ਪਾਠਕ ਦੇ ਮਨ ਵਿੱਚ ਵਿਸ਼ਵ ਦੇ ਇਸ ਰੱਬ ਵੱਲੋਂ ਸਿੱਧੇ ਇਲਹਾਮ (Direct Revelation) ਦਾ ਸਹੀ ਅੰਦਾਜ਼ਾ ਲਗਾਇਆ ਜਾ ਸਕੇ। ਇਸ ਪੁਸਤਕ ਦੇ ਸ਼ੁਰੂ ਵਿੱਚ ਲੇਖਕ ਨੇ ਵਿਸ਼ਵ ਦੇ ਚੋਣਵੇਂ ਵਿਦਵਾਨਾਂ ਦੇ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ-ਧਰਮਾਂ ਵਿੱਚ ਬੁਲੰਦ ਸ਼ਾਨ ਨੂੰ ਦਰਸਾਉਣ ਪ੍ਰਤੀ, ਫੁੱਟ-ਨੋਟ ਵਿਚ ਦਿੱਤੇ ਹਨ ਜਿਵੇਂ ਕਿ ਜਗਤ ਪ੍ਰਸਿੱਧ ਇਤਿਹਾਸਕਾਰ ਆਰਨਲਡ ਟਾਇਨਬੀ ਅਤੇ ਨਾਵਲਕਾਰਾ ਪਰਲਸ ਬੱਕ। ਇਸ ਪੁਸਤਕ ਸ਼ਬਦ ਅਸਗਾਹ ਦੇ ਆਰੰਭ ਵਿੱਚੋਂ ਕੁੱਝ ਸਤਰਾਂ ਏਥੇ ਦੇਣੀਆਂ ਵਧੇਰੇ ਉਚਿਤ ਹਨ ਤਾਂ ਕਿ ਪਾਠਕ ਵਿਸ਼ਵ-ਧਰਮ-ਗ੍ਰੰਥਾਂ ਦੇ ਸੰਦਰਭ ਵਿੱਚ ਇਸ ਆਖਰੀ ਧਰਮ-ਗ੍ਰੰਥ ਦੀ ਵਡੱਤਣ ਨੂੰ ਜਾਣਨ ਲਈ ਉਤਾਵਲਾ ਹੋ ਸਕੇ:

ਦਾਸ ਪਾਵਨ ਬੀੜ ਦੇ ਉਸ ਰੂਪ ਦਾ ਜ਼ਿਕਰ ਕਰੇਗਾ ਜਿਸ ਰੂਪ ਵਿੱਚ ਇਸ ਨੂੰ ਖ਼ਾਲਸਾ ਜੀ ਦੇ ਸਦੀਵੀ ਗੁਰੂ ਹੋਣ ਦੀ ਪਦਵੀ ਨੂਰੀ ਕਲਗੀਆਂ ਵਾਲੇ ਨੇ ਬਖ਼ਸ਼ੀ ਸੀ, ਜਦੋਂ ਇਸ ਦੇ ਸ਼ਬਦ ਅਸਗਾਹ ਵਿੱਚ ਦਸਾਂ ਪਾਤਸ਼ਾਹੀਆਂ ਦੀ ਜੋਤ ਸਮਾ ਗਈ ਅਤੇ ਜਦੋਂ ਇਸਨੇ ਤੀਸਰੇ ਰਾਹ ਨੂੰ ਆਪਣਾ ਰੱਬੀ ਨੂਰ ਦੇਣ ਦਾ ਇਕਰਾਰ ਕੀਤਾ। ਪਰ ਸ਼ੁਰੂ ਵਿੱਚ ਹੀ ਇਹ ਬੇਨਤੀ ਜ਼ਰੂਰ ਕਰਾਂਗਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਤਰੀਵ ਚੁੱਪ ਦਾ ਸਫ਼ਰ ਸਰਬ ਇਤਿਹਾਸ ਨਾਲੋਂ ਵੀ ਵੱਡਾ ਹੈ। ਇਸ ਦੀਆਂ ਗਹਿਰਾਈਆਂ "ਜੋ ਕਿਛੁ ਪਾਇਆ ਸੁ ਏਕਾ ਵਾਰ" ਦੀ ਬਲੀ ਤਪਸ਼ ਤੱਕ ਪਹੁੰਚਦੀਆਂ ਹਨ ਅਤੇ ਇਸ ਵਿੱਚ ਧਰਤੀ ਅਤੇ ਅਸਮਾਨ ਦੋਵਾਂ ਦੇ ਸਿਦਕ ਨੂੰ ਨਿਸਚਿਤ ਕਰ ਦੇਣ ਦੀ ਤਾਕਤ ਹੈ ਜਦੋਂ ਕਿ ਮੈਂ ਗੁਰੂ ਜੀ ਦਾ ਇੱਕ ਮਾਮੂਲੀ ਸਿੱਖ ਹਾਂ। (223-24)

ਇਸ ਪੁਸਤਕ ''ਸ਼ਬਦ ਅਸਗਾਹ'' ਦਾ ਆਰੰਭ ਜਪੁਜੀ ਸਾਹਿਬ ਜੀ ਦੀ ਰੂਹਾਨੀ ਪ੍ਰਵਾਜ਼ ਨੂੰ ਬੇਨਕਾਬ ਕਰਨ ਦੇ ਨਾਲ ਹੁੰਦਾ ਹੈ ਕਿ ਜਪੁਜੀ ਦੇ ਪ੍ਰਕਾਸ਼ ਹੋਣ ਦੀ ਘੜੀ ਕਿਹੋ ਜਿਹੀ ਸੀ! ਇਸ ਦਾ ਸਮੇਂ, ਸਥਾਨ, ਵਿਸ਼ਵ-ਧਰਮਾਂ, ਇਤਿਹਾਸ, ਮਿਥਿਹਾਸ, ਸਾਹਿਤ, ਦਰਸ਼ਨ, ਵਿਸ਼ਵ-ਮਨੁੱਖ ਅਤੇ ਵਿਸ਼ੇਸ਼ ਕਰਕੇ ਸਿੱਖ ਧਰਮ ਨਾਲ ਕਿਹੋ ਜੇਹਾ ਰਿਸ਼ਤਾ ਹੈ ਜਾਂ ਇਹਨਾਂ ਉਪਰੋਕਤ ਸੰਕਲਪਾਂ ਦੀ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਚਾਣ ਕਿਵੇਂ ਸਾਹਮਣੇ ਆਉਂਦੀ ਹੈ? ਇਸ ਪੁਸਤਕ ਦੇ ਮੁੱਢ ਵਿੱਚ ਹੀ ਜਪੁਜੀ ਸਾਹਿਬ ਨੂੰ ਲੇਖਕ ਨੇ ਕਰਮਵਾਰ ਤਿੰਨ ਵਿਸ਼ੇਸ਼ ਹਿੱਸਿਆਂ ਵਿੱਚ ਵੰਡ ਕੇ ਇਸ ਦੇ ਅਗੰਮੀ ਅਧਿਆਤਮਕ ਰਹੱਸ ਦੀ ਪਹਿਚਾਣ ਕਰਵਾਈ ਹੈ। ਲੇਖਕ ਦੀ ਅਨੁਭਵੀ ਦ੍ਰਿਸ਼ਟੀ ਅਨੁਸਾਰ ਇਹ ਤਿੰਨ ਪੱਖ ਨਿਮਨ ਅਨੁਸਾਰ ਹਨ:

**ਜਪੁਜੀ ਵਿੱਚ ਅਕਾਲ ਪੁਰਖ ਦਾ ਪ੍ਰਕਾਸ਼ ਹੋਇਆ, ਕੁਦਰਤ ਦਾ ਪ੍ਰਕਾਸ਼ ਹੋਇਆ ਅਤੇ ਉੱਚੇ ਮਨੁੱਖ (ਭਾਵ ਗੁਰਮੁਖ) ਦਾ ਪ੍ਰਕਾਸ਼ ਹੋਇਆ। (225)**

ਲੇਖਕ ਨੇ ਦੱਸਿਆ ਹੈ ਕਿ ਅਕਾਲ ਪੁਰਖ ਦਾ ਪ੍ਰਕਾਸ਼ ਗੁਰੂ ਸਾਹਿਬ ਨੂੰ ਸੱਤ ਤਰ੍ਹਾਂ ਦਿੱਸਿਆ, ਜਿਵੇਂ ਕਿ ੴ, ਹੁਕਮ, ਨਿਆਂ, ਕਰਮ ਅਰਥਾਤ ਫ਼ਜ਼ਲ, ਵਿਗਾਸ, ਦਰਗਾਹ ਅਤੇ ਸੱਚ ਰੂਪ। ਲੇਖਕ ਨੇ ਇਹਨਾਂ ਉਪਰੋਕਤ ਸੱਤੇ ਸੰਕਲਪਾਂ ਨੂੰ ਅਤਿ ਸੰਖੇਪ ਵਿੱਚ ਇੰਝ ਪ੍ਰਕਾਸ਼ਮਾਨ ਕੀਤਾ ਹੈ ਕਿ ਇੱਥੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਧਰਮਾਂ ਵਿੱਚ ਮਹਾਨਤਾ ਦਾ ਕੋਈ ਅੰਦਾਜ਼ਾ ਜ਼ਰੂਰ ਲੱਗਦਾ ਹੈ। ਇਸ ਤਰ੍ਹਾਂ ਹੁਕਮ ਦੇ ਸੰਦਰਭ ਨੂੰ ਬਿਆਨ ਕਰਦਿਆਂ ਅੱਗੋਂ ਲੇਖਕ ਨੇ ਇਸ ਨੂੰ ਕਰਮਵਾਰ ''ਚਾਰ ਨੁਕਤਿਆਂ'' ਵਿੱਚ ਵੰਡ ਕੇ ਪਹਿਲੀ ਵਾਰ ਹੁਕਮ ਦੇ ਅੰਤਰੀਵ ਸੋਮਿਆਂ ਦੀ ਜਾਣਕਾਰੀ ਦਿੱਤੀ ਹੈ। ਏਸੇ ਤਰ੍ਹਾਂ ''ਸੱਚ ਰੂਪ'' ਦੇ ਸੰਕਲਪ ਨੂੰ ਕਰਮਵਾਰ ਪੰਜ ਹਿੱਸਿਆਂ ਵਿੱਚ ਵੰਡ ਕੇ, ਸੱਚ ਦੇ ਮੌਲਿਕ ਅਰਥ ਸਮਝਾਏ ਹਨ ਕਿ ਇਲਹਾਮ ਰਾਹੀਂ ਉੱਤਰੀ ਬਾਣੀ ਦਾ ਸੱਚ ਕੀ ਹੈ ਅਤੇ ਇਸ ਦੀ ਪਹਿਚਾਣ ਕਿਵੇਂ ਹੋਵੇ ਆਦਿ।

''ਕੁਦਰਤ ਦੇ ਪ੍ਰਕਾਸ਼'' ਵਿੱਚ ਲੇਖਕ ਨੇ ਕੁਦਰਤ ਦੇ ਪ੍ਰਸੰਗ ਵਿੱਚ ਫ਼ੇਰ ਹੁਕਮ ਦੀ ਮਹੱਤਤਾ ਨੂੰ ਵੱਖਰੇ ਦ੍ਰਿਸ਼ਟੀਕੋਣ ਰਾਹੀਂ ਵਿਸਥਾਰ ਵਿੱਚ ਦਰਸਾਇਆ ਹੈ। ਇਹਨਾਂ ਦਾਰਸ਼ਨਕ ਸੰਕਲਪਾਂ ਦੀ ਅਨੁਭਵੀ ਵਿਆਖਿਆ ਵਿੱਚੋਂ ਹੀ ਬੁੱਤ ਦੀ ਹੋਂਦ ਦਾ ਸਹੀ ਜਾਇਜ਼ਾ ਲੱਗ ਜਾਂਦਾ ਹੈ ਕਿ ਧਰਮਾਂ ਵਿੱਚ ਬੁੱਤਪ੍ਰਸਤੀ ਦਾ ਢਾਹੂ ਦੌਰ ਕਿਵੇਂ ਪ੍ਰਵੇਸ਼ ਕਰਦਾ ਹੈ ਅਤੇ ਧਰਮ ਦੇ ਮੌਲਿਕ ਸੋਮਿਆਂ ਨਾਲੋਂ ਇਸ ਨੂੰ ਕਿਵੇਂ ਤੋੜਦਾ ਹੈ। ਜਪੁਜੀ ਵਿੱਚ ਕੁਦਰਤ ਦੇ ਪ੍ਰਕਾਸ਼ ਨੂੰ ਲੇਖਕ ਨੇ ਅੱਗੋਂ ਪੰਜ ਭਾਗਾਂ ਵਿੱਚ ਵੰਡ ਕੇ ਸਮਝਾਇਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਕੁਦਰਤ ਦੇ ਪ੍ਰਕਾਸ਼ ਤੋਂ ਕੀ ਭਾਵ ਹੈ।

ਜਪੁਜੀ ਵਿੱਚ ਉੱਚੀ ਮਨੁੱਖੀ ਗੁਰਮੁਖਤਾ ਦਾ ਪ੍ਰਕਾਸ਼ ਹੋਇਆ।

ਇਸ ਸੰਕਲਪ ਨੂੰ ਦ੍ਰਿੜ੍ਹ ਕਰਵਾਉਣ ਲਈ ਹਰਿੰਦਰ ਸਿੰਘ ਮਹਿਬੂਬ ਨੇ ਉੱਚੇ ਮਨੁੱਖ ਦੀ ਵਿਸ਼ਵ-ਧਰਮਾਂ ਦੇ ਸਬੰਧ ਵਿੱਚ ਵਿਆਖਿਆ ਕਰਨ ਉਪਰੰਤ ਅੱਗੇ ਇਸ ਨੂੰ ਕਰਮਵਾਰ ੳ,ਅ,ੲ ਭਾਗਾਂ ਵਿੱਚ ਵੰਡਕੇ ਇਸ ਨੂੰ ਮੰਨਣਯੋਗ ਬਣਾਇਆ ਹੈ। ਇਸ ਦੇ ਨਾਲ ਹੀ ਉੱਚੇ ਮਨੁੱਖ ਦੀ ਸੁਤੰਤਰ ਹੋਂਦ ਨੂੰ ਦੂਸਰੇ ਧਰਮਾਂ ਦੇ ਸਬੰਧ ਵਿੱਚ ਅੱਗੇ ਫੇਰ ਕਰਮਵਾਰ ੳ,ਅ,ੲ,ਸ ਅਤੇ ਹ ਭਾਗਾਂ ਵਿੱਚ ਜ਼ਾਹਰ ਕਰਨ ਦਾ ਯਤਨ ਕੀਤਾ ਹੈ।

'ਸ਼ਬਦ ਅਸਗਾਹ' ਦੇ ਪਹਿਲੇ ਹਿੱਸੇ ਵਿੱਚ ਜਪੁਜੀ ਦੀ ਅਨੁਭਵੀ ਵਿਆਖਿਆ ਕੀਤੀ ਗਈ ਹੈ ਅਤੇ ਦੂਸਰੇ ਭਾਗ ਨੰ. 2 ਵਿੱਚ ਇਹ ਦਰਸਾਇਆ ਹੈ ਕਿ ਗੁਰੂ ਨਾਨਕ ਕਾਲ ਤੋਂ ਪਹਿਲਾਂ ਭਾਰਤ ਦੇ ਹਿੰਦੂ ਧਰਮ ਜਾਂ ਵਿਸ਼ਵ ਦੇ ਹੋਰ ਧਰਮਾਂ ਵਿੱਚ ਧਰਮ ਆਪਣੀ ਮੌਲਿਕ ਤਾਜ਼ਗੀ ਦੇ ਸੋਮਿਆਂ ਤੋਂ ਬੇਮੁੱਖ ਹੋ ਕੇ ਬੁੱਤਪ੍ਰਸਤੀ ਵੱਲ ਕਿਵੇਂ ਵਧਦੇ ਹਨ। ਲੇਖਕ ਨੇ ਬੁੱਤ ਦੀ ਪ੍ਰੀਭਾਸ਼ਾ ਦੇਣ ਦੇ ਨਾਲ ਭਾਰਤੀ ਧਰਮਾਂ ਵਿੱਚ ਬੁੱਤ ਦੀ ਹੋਂਦ ਨੂੰ ਨਿਰਧਾਰਨ ਕਰਨ ਵਾਲੇ ਵੱਖ-ਵੱਖ ਛੇ ਹਿੱਸਿਆਂ ਦੀ ਜਾਣਕਾਰੀ ਦਿੱਤੀ ਹੈ, ਭਾਵ 1. ਸੰਸਾਰ ਬੁੱਤ 2. ਭਰਮ ਬੁੱਤ 3. ਜਾਦੂ ਬੁੱਤ 4. ਕਾਲ ਬੁੱਤ 5. ਭੈਅ ਬੁੱਤ ਅਤੇ 6. ਕਰਮਕਾਂਡ, ਮਿਥਿਹਾਸ ਅਤੇ ਚਿੰਤਨ ਦੀ ਤ੍ਰਿਮੂਰਤੀ ਵਿੱਚੋਂ ਉੱਭਰਦਾ ਗਿਆਨ ਬੁੱਤ। ਇਸੇ ਪੁਸਤਕ ਸ਼ਬਦ ਅਸਗਾਹ ਵਿੱਚ ਲੇਖਕ ਨੇ ਬੁੱਤ ਬਾਰੇ ਜੋ ਦਾਰਸ਼ਨਕ ਪਹਿਚਾਣ ਕਰਵਾਈ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬ ਦੀ ਦ੍ਰਿਸ਼ਟੀ ਰਾਹੀਂ ਉਸ ਉੱਭਰਦੇ ਬੁੱਤ ਦਾ ਜਾਇਜ਼ਾ ਅੱਗੇ ਲਿਖੇ ਸ਼ਬਦਾਂ ਰਾਹੀਂ ਸਹੀ ਭਾਂਤ ਹੋ ਜਾਂਦਾ ਹੈ:

ਹਨੇਰੇ ਵਿੱਚ ਆਉਣ, ਜਾਣ ਅਤੇ ਭਟਕਣ ਦਾ ਪ੍ਰਸੰਗ ਬਹੁਤ ਲੰਮਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਅਨੇਕਾਂ ਅਵਤਾਰ ਆਪਣੇ ਹੀ ਕਰਮਫ਼ਲ ਦੀਆਂ ਹਨੇਰੀਆਂ ਕੁੰਟਾਂ ਵਿੱਚ ਗੁਆਚ ਗਏ, ਕਿਉਂਕਿ ਉਹਨਾਂ ਨੇ ਸੰਸਾਰ ਬੁੱਤ, ਭਰਮ ਬੁੱਤ, ਜਾਦੂ ਬੁੱਤ, ਗਿਆਨ ਬੁੱਤ ਅਤੇ ਭੈਅ ਬੁੱਤ ਦੀ ਅਰਾਧਨਾ ਤੋਂ ਅਜ਼ਾਦ ਹੋ ਕੇ ਅਕਾਲ ਪੁਰਖ ਦੀ ਬਖ਼ਸ਼ਿਸ਼ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਆਪਣਾ ਅਮਲ ਸ਼ੁਰੂ ਨਹੀਂ ਸੀ ਕੀਤਾ। ਉਹਨਾਂ ਨੇ ਇਲਾਹੀ ਜਲਾਲ ਅਤੇ ਬਖ਼ਸ਼ਿਸ਼ ਨੂੰ ਆਪਦੇ ਅੰਦਰ ਦੀ ਸੁੰਞ ਵਿੱਚੋਂ ਪੈਦਾ ਕਰਨਾ ਚਾਹਿਆ, ਜਾਂ ਆਪਣੇ ਅੰਦਰ ਦੀ ਸੁੰਞ ਵਿੱਚੋਂ ਪੈਦਾ ਕੀਤੇ ਖਾਕਿਆਂ ਅੰਦਰ ਉੱਚੇ ਮੰਡਲਾਂ ਨੂੰ ਵੇਖਣ ਅਤੇ ਉਤਾਰਣ ਦੇ ਭਰਮ ਵਿੱਚ ਪੈ ਗਏ। ਸੋ ਇਲਾਹੀ ਪ੍ਰਸੰਗ ਵਿੱਚ ਉਹਨਾਂ ਦੀ ਇੱਕ, ਤਿੰਨ, ਦਸ, ਬਾਈ ਜਾਂ ਤੇਤੀ ਕਰੋੜ ਦੀ ਵਿਸ਼ੇਸ਼ ਗਿਣਤੀ ਨਾਮਨਜ਼ੂਰ ਹੋ ਗਈ, ਕਿਉਂਕਿ ਇਲਾਹੀ ਸਲਤਨਤ ਵਿੱਚ ਉਹ ਆਪਣੇ ਖਾਸ ਸੰਸਕਾਰਾਂ, ਹਉਮੈ ਦੀਆਂ ਝੂਠੀਆਂ ਵਲਗਣਾਂ, ਨਿਸ਼ੇਧ ਅੰਸ਼ਾਂ ਅਤੇ ਮਨਮੁੱਖਤਾ ਦੀਆਂ ਬੇਰਸ ਖਾਲੀ ਉਡਾਣਾਂ ਦੇ ਚੱਕਰਾਂ ਵਿੱਚ ਪਈਆਂ ਹੋਈਆਂ ਬਿਨਸਨਹਾਰ ਇਕਾਈਆਂ ਹਨ ਅਤੇ ਅੰਤਮ ਤੌਰ ਉੱਤੇ ਅਨੇਕਾਂ ਹੋਰ ਆਪਣੇ ਜੇਹੀਆਂ ਇਕਾਈਆਂ ਵਿੱਚ ਸ਼ਾਮਿਲ ਹੋ ਜਾਣਗੀਆਂ। (258)

ਲੇਖਕ ਨੇ ਹਿੰਦੂ ਦੇਵਤਿਆਂ ਦਾ ਗੁਰਬਾਣੀ ਦੇ ਪ੍ਰਸੰਗ ਵਿੱਚ ਹਉਮੈ, ਜਿਸ ਦੇ ਉਸਨੇ ਚਾਰ ਵਿਸ਼ੇਸ਼ ਪੱਖ ਦੱਸੇ ਹਨ, ਵਿੱਚ ਘਿਰਿਆ ਹੋਣਾ ਅਤੇ ਇਹਨਾਂ ਹਿੰਦੂ ਦੇਵਤਿਆਂ ਦੀਆਂ ਰੱਬੀ ਨੂਰ ਦੇ ਸਗਲ ਆਕਾਰ ਨੂੰ ਨਾ ਪਹੁੰਚ ਸਕਣ ਦੇ ਕਾਰਣਾਂ ਨੂੰ ਅੱਗੋਂ ਫੇਰ ਕਰਮਵਾਰ ਤਿੰਨ ਭਾਗਾਂ ਵਿੱਚ ਸਮਝਾਇਆ ਹੈ ਕਿ ਹਿੰਦੂ ਦੇਵਤੇ ਕਿਸ-ਕਿਸ ਪੱਖ ਤੋਂ ਊਣੇ ਅਤੇ ਸੰਸਾਰਕ ਬੰਦਸ਼ ਤੋਂ ਸੁਤੰਤਰ ਨਹੀਂ।

ਏਥੇ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਸਬੰਧ ਵਿੱਚ ਚਾਰੇ ਵੇਦ, ਉਪਨਿਸ਼ਦਾਂ, ਸ਼ਾਸਤਰਾਂ ਅਤੇ ਪੁਰਾਣਾਂ ਦੇ ਸਬੰਧ ਵਿੱਚ ਗੁਰਬਾਣੀ ਦੇ ਪ੍ਰਸੰਗ ਅਤੇ ਹਵਾਲਿਆਂ ਸਹਿਤ ਇਹ ਸਪਸ਼ਟ ਕੀਤਾ ਹੈ ਕਿ ਹਿੰਦੂ ਅਵਤਾਰ ਅਤੇ ਹਿੰਦੂ ਧਰਮ-ਗ੍ਰੰਥ ਕਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਤਿਹਾਸ ਦੇ ਪ੍ਰਕਾਸ਼ ਵਿੱਚ ਆਪਣੇ-ਆਪਣੇ ਖੇਤਰ ਵਿੱਚ ਲਘੂ ਘੇਰਿਆਂ ਅਤੇ ਤ੍ਰਿਸ਼ਨਾਵਾਂ ਦੇ ਕਾਇਲ ਹਨ।

'ਸ਼ਬਦ ਅਸਗਾਹ' ਵਿੱਚ ਸ਼ਬਦ, ਜਿਸਮ, ਨਾਮ ਅਤੇ ਗੁਰਮੁਖ ਦੀ ਪ੍ਰੀਭਾਸ਼ਾ ਵੀ ਪਹਿਲੀਵਾਰ ਤਸੱਲੀਬਖ਼ਸ਼ ਢੰਗ ਨਾਲ ਹੋਈ ਹੈ ਜਿਸ ਰਾਹੀਂ ਇਹਨਾਂ ਉਪਰੋਕਤ ਸੰਕਲਪਾਂ ਦੀ ਅਤਿ ਸੂਖਸ਼ਮ ਅਤੇ ਪਾਰਗਾਮੀ ਆਵੇਸ਼ ਰਾਹੀਂ ਵਿਆਖਿਆ ਕੀਤੀ ਗਈ ਹੈ। ਇੱਕ ਤਰ੍ਹਾਂ ਨਾਲ ਇਹ ਹਰਿੰਦਰ ਸਿੰਘ ਮਹਿਬੂਬ ਦੇ ਕਾਵਿ-ਆਵੇਸ਼ ਦਾ ਹੀ ਇੱਕ ਅਤਿ-ਅਨੁਭਵੀ ਪ੍ਰਗਟਾਵਾ ਹੈ ਜਿਸ ਦੀ ਕਿਤੇ ਹੋਰ ਕੋਈ ਉਦਾਹਰਣ ਪ੍ਰਾਪਤ ਨਹੀਂ ਹੈ। ਏਸੇ ਪੁਸਤਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਪ੍ਰਕਾਸ਼ ਹੋਇਆ ਇਸਤਰੀ ਪੱਖ ਵੀ ਵਿਸ਼ੇਸ਼ ਤੌਰ 'ਤੇ ਸਾਹਮਣੇ ਲਿਆਂਦਾ ਗਿਆ ਹੈ ਕਿ ਸ਼ਬਦ ਅਤੇ ਨਾਮ ਨਾਲ ਇੱਕਸੁਰ ਇਸਤਰੀ ਨੂੰ ਰੁੱਤਾਂ ਦੀ ਭਰਪੂਰਤਾ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਭਾਵ ਸਿੱਖ-ਇਸਤਰੀ ਰੁੱਤਾਂ ਵਾਂਗ ਹੀ ਭਰਪੂਰ ਤੇ ਸੰਪੂਰਣ ਹੈ। ਗੁਰੂ ਤੋਂ ਵਿੱਛੜੀ ਇਸਤਰੀ ਦੇ ਵਿਛੋੜੇ ਨੂੰ ਰੁੱਤਾਂ ਅਤੇ ਮਹੀਨਿਆਂ ਦੇ ਕੁਦਰਤੀ ਪਰਿਵਰਤਨ

ਵਿੱਚੋਂ ਹੀ ਅਸਲ ਰੂਪ ਵਿੱਚ ਪਹਿਚਾਨਿਆ ਜਾ ਸਕਦਾ ਹੈ।

ਤੀਸਰੀ ਪੁਸਤਕ 'ਸ਼ਬਦ ਅਸਗਾਹ' ਵਿੱਚ ਹੀ ਲੇਖਕ ਨੇ ਭਗਤ ਬਾਣੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕਰਨ ਦੇ ਅਧਿਆਤਮਕ ਰਹੱਸ ਨੂੰ ਵੀ ਵਿਸਥਾਰ ਵਿੱਚ ਪੇਸ਼ ਕੀਤਾ ਹੈ। ਏਥੇ ਸਿੱਧੇ/ਅਸਿੱਧੇ (Direct/Indirect) ਇਲਹਾਮ ਦਾ ਨਿਖੇੜਾ ਲੇਖਕ ਨੇ ਆਪਣੇ ਮੌਲਿਕ ਦ੍ਰਿਸ਼ਟੀਕੋਣ ਰਾਹੀਂ ਜ਼ਾਹਰ ਕਰਦਿਆਂ ਇਹ ਦੱਸਿਆ ਹੈ ਕਿ ਭਗਤਾਂ ਦੀ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਉਂ ਨਹੀਂ ਸ਼ਾਮਿਲ ਕੀਤੀ ਗਈ ਅਤੇ ਜੋ ਸ਼ਾਮਲ ਕੀਤੀ ਗਈ ਹੈ ਉਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰੂਹਾਨੀ ਉੱਚਤਾ ਦੇ ਪ੍ਰਸੰਗ ਵਿੱਚ ਕੀ ਸਥਾਨ ਬਣਦਾ ਹੈ। ਏਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਭਗਤ ਬਾਣੀ ਬਾਰੇ ਹਰਿੰਦਰ ਸਿੰਘ ਮਹਿਬੂਬ ਦੇ ਖਿਆਲ ਪ੍ਰੋ. ਪੂਰਨ ਸਿੰਘ ਅਤੇ ਪ੍ਰਸਿੱਧ ਵਿਸ਼ਵ ਚਿੰਤਕ ਫਰਿਥ ਜਾਫ ਸ਼ੂਨ ਨਾਲ ਮਿਲਦੇ ਹਨ ਕਿ ਭਗਤ ਬਾਣੀ ਅਸਿੱਧੇ ਇਲਹਾਮ (Indirect Revelation) ਰਾਹੀਂ ਪ੍ਰਕਾਸ਼ ਹੋਈ ਹੈ, ਜਦੋਂ ਕਿ ਗੁਰਬਾਣੀ ਸਿੱਧੇ ਇਲਹਾਮ (Direct Revelation) ਰਾਹੀਂ ਪ੍ਰਕਾਸ਼ ਹੋਈ ਹੈ। ਅਸੀਂ ਪਿੱਛੇ ਕੁਰਾਨ ਮਜੀਦ ਵਿੱਚੋਂ ਵੀ ਹਵਾਲਾ ਦੇ ਆਏ ਹਾਂ ਕਿ ਸਾਰੇ ਪੈਗੰਬਰਾਂ ਦੀ ਬਾਣੀ ਦਾ ਰੂਹਾਨੀ ਰੁਤਬਾ ਇੱਕੋ ਜੇਹਾ ਨਹੀਂ ਹੁੰਦਾ। ਕੁਝ ਨੂੰ ਇਲਹਾਮ ਅਤੇ ਕੁਝ ਨੂੰ ਪ੍ਰੇਰਨਾ ਰੱਬ ਵੱਲੋਂ ਪ੍ਰਾਪਤ ਹੁੰਦੀ ਹੈ। 'ਸ਼ਬਦ ਅਸਗਾਹ' ਪੁਸਤਕ ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਂਪਰਵਾਜ਼ ਨੂੰ ਦੋ ਵਾਰ ਵੱਖਰੇ-ਵੱਖਰੇ ਅਧਿਆਤਮਕ ਪ੍ਰਸੰਗ ਵਿੱਚ ਪੇਸ਼ ਕੀਤਾ ਹੈ ਜਿੱਥੋਂ ਪਾਠਕ ਨੂੰ ਇਹ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਸੂਖਮ ਰਹੱਸ ਦੀਆਂ ਰੂਹਾਨੀ ਮੰਜ਼ਲਾਂ, ਗਹਿਰਾਈਆਂ ਅਤੇ ਪਰਤਾਂ ਦੀ ਵਿਸ਼ਵ-ਧਰਮਾਂ ਵਿੱਚ ਕੀ ਵਿਲੱਖਣਤਾ ਅਤੇ ਪਹਿਚਾਣ ਹੈ। ਪਹਿਲੀ ਮਹਾਂਪਰਵਾਜ਼ ਵਿੱਚ ਹਿੰਦੂ-ਗੁਰੂ ਤੇ ਸਿੱਖ-ਗੁਰੂ ਦੀ ਪਹਿਚਾਣ ਦੇ ਨਾਲ ਸ਼ਬਦ, ਨਾਮ ਦਾ ਵਿਸ਼ਲੇਸ਼ਣ ਹੈ ਜਦੋਂ ਕਿ ਦੂਸਰੀ ਮਹਾਂਪਰਵਾਜ਼ ਵਿੱਚ ਅਰਦਾਸ ਦੇ ਕਰਮਵਾਰ ਤਿੰਨ ਮੰਡਲਾਂ ਦੀ ਵਿਸ਼ਵ ਧਰਮਾਂ ਦੀ ਅਰਦਾਸ ਦੇ ਸਬੰਧ ਵਿੱਚ ਜਾਣਕਾਰੀ ਕਰਵਾਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰੱਬੀ ਗ਼ਜ਼ਬ ਵਾਲਾ ਇਲਹਾਮ ਸੰਮਿਲਤ ਕਰਨ ਪਿੱਛੇ ਲੇਖਕ ਨੇ ਚਾਰ ਵਿਸ਼ੇਸ਼ ਪੱਖ ਦੱਸੇ ਹਨ, ਜਿਨ੍ਹਾਂ ਰਾਹੀਂ ਗੁਰੂ ਸ਼ਖ਼ਸੀਅਤ ਦੇ ਸਾਬਤ ਸਰੂਪ ਇਲਹਾਮ ਦੇ ਪ੍ਰਕਾਸ਼ ਵਿੱਚੋਂ ਹਰ ਧਰਮ ਅਤੇ ਕੌਮ ਦੀਆਂ ਸਿਫ਼ਤਾਂ ਦੇ ਨਾਲ ਅਭੇਦ ਛਿਦਰ ਅਤੇ ਧੋਖੇ ਆਦਿ ਦਾ ਵਰਨਣ ਹੈ।

ਇਸ ਮਹਾਂ-ਪਰਵਾਜ਼ ਦੇ ਅੱਗੋਂ ਵੱਖ-ਵੱਖ ਹਿੱਸੇ ਹਨ ਜਿਵੇਂ ਕਿ:

1. ਮਹਾਂਪਰਵਾਜ਼ ਦਾ ਸੱਚ ਰੂਪ ਗੈਬੀ ਸੰਕਲਪ ਵਿੱਚ;
2. ਮਹਾਂ ਪਰਵਾਜ਼ ''ਸਚੁ ਆਚਾਰ'' ਵਿੱਚ
3. ਮਹਾਂ ਪਰਵਾਜ਼ ਦਾ ਸੱਚ ਰੂਪ ਬਾਹਰਮੁਖੀ ਇਤਿਹਾਸ ਵਿੱਚ

ਅੱਗੋਂ ਨਵੇਂ ਪੰਥ ਦੀ ਵਡੱਤਣ ਸਬੰਧੀ ਗੁਰੂ ਨਾਨਕ ਨੇ ਬਾਹਰਮੁਖੀ ਇਤਿਹਾਸ ਵਿੱਚ ਇਸ ਦੇ ਆਗਮਨ ਨੂੰ ਤਿੰਨ ਰੂਪਾਂ ਵਿੱਚ ਵੇਖਿਆ:

ੳ ਗੁਰਬਾਣੀ ਦਾ ਆਗਮਨ
ਅ ਚਹੁ ਜੁਗਾਂ ਕਾ ਨਿਬੇੜਾ
ੲ ਚਹੁੰ ਵਰਨਾਂ ਤੋਂ ਉਚੇਰਾ ਉਪਦੇਸ਼
ਸ. ਮਹਾਂ ਪਰਵਾਜ਼ ਦਾ ਸੱਚ ਰੂਪ ਗੁਰਮੁਖ ਵਿੱਚ

ਅੱਗੋਂ ਗੁਰਮੁਖ ਦੀਆਂ ਉਹਨਾਂ ਵਿਸ਼ੇਸ਼ ਸਿਫ਼ਤਾਂ ਦਾ ਵਰਣਨ ਹੈ ਜਿਸ ਰਾਹੀਂ ਉਸਨੂੰ ਸਰਬ-ਕਾਲ ਦੇ ਮਨੁੱਖ ਦੀ ਸਰਬੋਤਮ ਆਭਾ ਮੰਨ ਲਈਏ:

ਇੱਕੋ ਨਾਲ ਦੋਸਤੀ, ਸੰਸਾਰ ਤੋਂ ਅਗੇਰੇ, ਸੰਸਾਰ ਦਾ ਜ਼ਾਮਨ ਅਤੇ ਵਿਗਾਸ ਦਾ ਸ਼ਹੀਦ। 'ਸ਼ਬਦ ਅਸਗਾਹ' ਪੁਸਤਕ ਇੱਕ ਤਰ੍ਹਾਂ ਨਾਲ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਸ਼ ਧਰਮਾਂ ਵਿੱਚ ਬੁਲੰਦ ਸਥਾਨ ਨੂੰ ਸਥਾਪਤ ਕਰਦੀ ਹੈ, ਉੱਥੇ ਹਰਿੰਦਰ ਸਿੰਘ ਮਹਿਬੂਬ ਦੀ ਵਿਸ਼ਵ ਸਾਹਿਤ ਵਿੱਚ ਮਹਾਂਕਾਵਿ ਦੇ ਪ੍ਰਸੰਗ ਵਿੱਚ ਹਰ ਪੁਸਤਕ ਇੱਕ ਸੰਪੂਰਨ ਤੇ ਮੁਕੰਮਲ ਮਹਾਂਕਾਵਿ ਹੈ। ਹਰਿੰਦਰ ਸਿੰਘ ਮਹਿਬੂਬ ਨੇ ਆਪਣੀ ਚੌਥੀ ਪੁਸਤਕ ''ਪੰਥ ਦਾ ਵਾਲੀ : ਕਲਗੀਆਂ ਵਾਲਾ, ਨੀਲੇ ਵਾਲਾ'' ਜੋ ਕਿ ''ਸਹਿਜੇ ਰਚਿਓ ਖ਼ਾਲਸਾ'' ਦੀਆਂ ਕਰਮਵਾਰ ਅੱਠ ਪੁਸਤਕਾਂ ਵਿੱਚੋਂ ਸਭ ਤੋਂ ਸਰਲ ਅਤੇ ਗੁਰੂ ਦੇ ਜੀਵਨ ਅਤੇ ਉਹਨਾਂ ਦੇ ਅਗੰਮੀ ਰਹੱਸ ਪ੍ਰਤੀ ਸਭ ਤੋਂ ਸਾਰਥਕ ਪੁਸਤਕ ਹੈ, ਨੂੰ ਪਾਠਕਾਂ ਨੇ ਸਭ ਤੋਂ ਵੱਧ ਗਿਣਤੀ ਵਿੱਚ ਪੜ੍ਹਿਆ ਹੈ। ਲੇਖਕ ਨੇ ਆਪਣੇ ਲਗਾਤਾਰ 25-30 ਸਾਲ ਦੇ ਗਹਿਰੇ ਅਧਿਐਨ ਰਾਹੀਂ ਇਹ ਦੱਸਣਾ ਚਾਹਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਅਸਲ ਸ਼ਕਲ ਕਿਹੋ ਜੇਹੀ ਸੀ, ਉਹਨਾਂ ਨੂੰ ਲੋਕ ਕਿਸ ਤਰ੍ਹਾਂ ਮਿਲਦੇ ਸਨ, ਉਹ ਕਿੰਨੇ ਕੁ ਲੰਮੇ ਅਤੇ ਦਿੱਖ ਵਿੱਚ ਕਿਵੇਂ ਲੱਗਦੇ ਸਨ; ਉਹਨਾਂ ਦਾ ਲੋਕਾਂ, ਕਵੀਆਂ, ਯੋਧਿਆਂ ਅਤੇ ਮੈਦਾਨੇ ਜੰਗ ਵਿੱਚ ਲੜਨ ਦਾ ਅੰਦਾਜ਼ ਕਿਹੋ ਜੇਹਾ ਅਤੇ ਵਿਲੱਖਣ ਤੇ ਅਜ਼ੀਮ ਸੀ। ਰਾਜਸਥਾਨ ਤੋਂ ਇੱਕ ਐਮ.ਬੀ.ਬੀ.ਐਸ. ਡਾਕਟਰ ਉੱਥੋਂ ਪਰਿਵਾਰ ਸਮੇਤ ਹਰਿੰਦਰ

ਸਿੰਘ ਮਹਿਬੂਬ ਨੂੰ ਗੜ੍ਹਦੀਵਾਲ ਮਿਲਣ ਆਇਆ, ਜੋ ਕਿ ਦੋ/ਢਾਈ ਸੌ ਮੀਲ ਦਾ ਰਸਤਾ ਹੈ। ਉਸਨੇ ਆਉਂਦਿਆਂ ਹੀ ਮਹਿਬੂਬ ਸਾਹਿਬ ਦਾ ਘਰ ਵੇਖਿਆ ਅਤੇ ਮਹਿਬੂਬ ਨੂੰ ਮਿਲਕੇ ਆਖਿਆ ਕਿ ਮੈਂ ਜਿਵੇਂ ਸੋਚਦਾ ਸਾਂ, ਤੁਸੀਂ ਉਸੇ ਤਰ੍ਹਾਂ ਹੀ ਮੈਨੂੰ ਦਿੱਸੇ। ਉਹਨਾਂ ਇਹ ਵੀ ਪੁੱਛਿਆ ਕਿ ਆਪਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਵੇਂ ਦੇਖਿਆ ਹੈ? ਕਿਉਂਕਿ ਦੇਖੇ ਬਿਨਾਂ ਉਹਨਾਂ ਦਾ ਜੀਵਨ ਇੰਨੇ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਲਿਖਿਆ ਜਾ ਸਕਦਾ। ਉਹਨਾਂ ਨੇ ‘‘ਸਹਿਜੇ ਰਚਿਓ ਖ਼ਾਲਸਾ’’ ਪੁਸਤਕ, ਜੋ ਕਿ 1230 ਸਫਿਆਂ ਵਿੱਚ ਹੈ, ਦੋ ਵਾਰ ਪੜ੍ਹੀ ਹੋਈ ਸੀ। ਉਹ ਲੇਖਕ ਨੂੰ ਭੇਟਾ ਵਜੋਂ ਇੱਕ ਲੱਖ ਰੁਪਿਆ ਵੀ ਦਿੰਦਾ ਸੀ ਜੋ ਕਿ ਲੇਖਕ ਨੇ ਨਿਮਰਤਾ ਸਹਿਤ ਨਾਮਨਜ਼ੂਰ ਕਰ ਦਿੱਤਾ ਸੀ।

ਇਸ ਪੁਸਤਕ ਵਿੱਚ ਗੁਰੂ ਸਾਹਿਬ ਦੇ ਜਨਮ, ਬਚਪਨ, ਆਂਢ-ਗੁਆਂਢ ਵਿੱਚ ਉਹਨਾਂ ਦਾ ਇੱਕ ਗੁਰੂ ਦੇ ਤੌਰ ’ਤੇ ਬਾਲ ਮਾਸੂਮੀ ਵਿੱਚ ਵਿਚਰਨਾ, ਤੀਰ ਅੰਦਾਜ਼ੀ ਦਾ ਬਚਪਨ ਤੋਂ ਸ਼ੌਕ ਅਤੇ ਬਚਪਨ ਵਿੱਚ ਹੀ ਅਕਸਰ ਇਕਾਂਤਵਾਸ ਹੋਣਾ ਆਦਿ ਨੂੰ ਲੇਖਕ ਨੇ ਇੰਝ ਪੇਸ਼ ਕੀਤਾ ਹੈ ਕਿ ਗੁਰੂ ਸਾਹਿਬ ਇਹਨਾਂ ਸਭ ਵਿਚਾਰਾਂ ਵਿੱਚ ਅਤਿ ਅਪਣੱਤ ਅਤੇ ਪਿਆਰ ਭਰੇ ਵਰਤਾਓ ਦੇ ਨਾਲ ਗੁਰੂ ਦੀ ਉੱਚੀ ਸ਼ਾਨ ਨੂੰ ਵੀ ਇਸ ਦੇ ਨਾਲ ਹੀ ਅਮਲ ਵਿੱਚ ਪਾਲ ਰਹੇ ਹਨ। ਪੰਡਤ ਸ਼ਿਵ ਦੱਤ ਦਾ ਉਹਨਾਂ ਦੀ ਬਾਲ ਮਾਸੂਮੀ ਵਿੱਚੋਂ ਹੀ ਗੁਰੂ ਨੂੰ ਪਹਿਚਾਣਨਾ, ਭੀਖਣ ਸ਼ਾਹ ਦਾ ਘੁੜਾਮ ਦੇ ਸਥਾਨ ਤੋਂ ਚੱਲਕੇ ਪਟਨੇ ਬਾਲ ਗੁਰੂ ਦੇ ਦਰਸ਼ਨ ਕਰਨੇ ਅਤੇ ਪੀਰ ਆਰਿਫਦੀਨ ਨੇ ਗੁਰੂ ਵਿੱਚੋਂ ਪੈਗੰਬਰਾਂ ਦਾ ਸ਼ਹਿਨਸ਼ਾਹ ਪਹਿਚਾਨਣਾ ਆਦਿ ਅਜਿਹੇ ਪੱਖ ਹਨ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਮਹਾਨ ਪੈਗੰਬਰ ਸਾਬਤ ਕਰਵਾਉਂਦੇ ਹਨ। ਨਵਾਬ ਰਹੀਮ ਬਖ਼ਸ਼ ਅਤੇ ਕਰਮ ਬਖ਼ਸ਼ ਦੇ ਬਾਗ਼ ਵਿੱਚ ਖੇਡਦਿਆਂ ਗੁਰੂ ਸਾਹਿਬ ਉਹਨਾਂ ਨੂੰ ਇੰਝ ਜਾਪਦੇ ਸਨ ਜਿਵੇਂ ‘‘ਬਾਗ਼ ਦੀ ਪੱਤੀ-ਪੱਤੀ ਉੱਤੇ ਕੁਰਾਨ ਦੇ ਹਰਫ਼ ਵਿਛ ਗਏ ਹੋਣ।’’ ਭੀਖਣ ਸ਼ਾਹ ਅਤੇ ਪੀਰ ਆਰਿਫਦੀਨ ਨੂੰ ਮਿਅਰਾਜ਼ ਦੇ ਇਲਹਾਮ ਦੀ ਨੇੜਤਾ ਦੇ ਪ੍ਰਕਾਸ਼ ਵਿੱਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਬਾਲ ਮਾਸੂਮੀ ਵਿੱਚ ਹੀ ਇਸ ਧਰਤੀ ਦਾ ਆਖਰੀ ਤੇ ਸੰਪੂਰਨ ਪੈਗੰਬਰ ਹੋਣਾ ਨਜ਼ਰ ਆਇਆ। ਏਸੇ ਲਈ ਉਹਨਾਂ ਨੇ ਉੱਚੀ ਫ਼ਕੀਰੀ ਦੇ ਵੇਸ ਵਿੱਚ ਵੀ ਗੁਰੂ ਸਾਹਿਬ ਦੇ ਬਾਲ ਰੂਪ ਅੱਗੇ ਝੁਕ ਕੇ ਅਦਬ ਨਾਲ ਸੱਜਦਾ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਤੇਗ਼ ਬਹਾਦਰ ਜੀ ਦੇ ਕਹਿਣ ’ਤੇ ਆਨੰਦਪੁਰ ਵੱਲ ਆਉਣਾ ਅਤੇ ਇਸ ਲੰਮੇ ਮਾਰਗ ਵਿੱਚ ਗੁਰੂ ਸਾਹਿਬ ਕਿਹੜੀਆਂ-ਕਿਹੜੀਆਂ ਥਾਵਾਂ ਵਿੱਚੋਂ ਲੰਘੇ ਅਤੇ ਕਿਹੜੇ-ਕਿਹੜੇ ਲੋਕਾਂ ਨੂੰ ਮਿਲੇ ਆਦਿ ਵੇਰਵਿਆਂ ਨੂੰ ਲੇਖਕ ਨੇ ਅਤਿ ਮੌਲਿਕ ਤੇ ਸ਼ੁੱਧ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਅਨੰਦਪੁਰ ਪਹੁੰਚਣ ਤੋਂ ਪਹਿਲਾਂ ਆਪ ਆਪਣੇ ਨਾਨਕੇ ਪਿੰਡ ਲਖਨੌਰ ਠਹਿਰੇ, ਜਿੱਥੇ ਗੁਰੂ ਤੇਗ਼ ਬਹਾਦਰ ਨੇ ਇੱਕ ਘੋੜਾ ਅਤੇ ਇੱਕ ਸੁਨਹਿਰੀ ਬਾਜ਼ ਆਪ ਨੂੰ ਭੇਜਿਆ। ਏਥੇ ਹੀ ਇੱਕ ਛੇਵੇਂ ਗੁਰੂ ਦੇ ਸ਼ਰਧਾਲੂ ਇੱਕ ਰੰਗੜ ਨੇ ਆਪ ਨੂੰ ਇੱਕ ਘੋੜਾ ਅਤੇ ਇੱਕ ਬਾਜ਼ ਭੇਟ ਕੀਤਾ। ਇਸ ਪਿੱਛੋਂ ਆਪ ਨੂੰ ਬਾਜ਼ਾਂ ਵਾਲਾ ਆਖਿਆ ਜਾਣ ਲੱਗਾ। ਆਪ ਲਖਨੌਰ ਤੋਂ ਦੋ ਮਹੀਨਿਆਂ ਪਿੱਛੋਂ ਕੀਰਤਪੁਰ ਪਹੁੰਚੇ ਜਿੱਥੇ ਛੇਵੇਂ, ਸੱਤਵੇਂ ਗੁਰੂ ਸਾਹਿਬਾਨ ਪੂਰੇ ਹੋਏ ਹਨ ਅਤੇ ਅੱਠਵੇਂ ਗੁਰੂ ਸਾਹਿਬ ਦੀ ਵੈਰਾਗਵਾਨ ਮਾਤਾ ਵੀ ਆਪ ਨੂੰ ਏਥੇ ਹੀ ਉਡੀਕ ਰਹੇ ਸਨ। ਏਥੇ ਹੀ ਗੁਰੂ ਤੇਗ ਬਹਾਦਰ ਜੀ ਆਪ ਨੂੰ ਆਨੰਦਪੁਰ ਸਾਹਿਬ ਉਡੀਕ ਰਹੇ ਸਨ। ਇਸ ਰੂਹਾਨੀ ਤੇ ਇਤਿਹਾਸਕ ਪਿਤਾ-ਪੁੱਤਰ ਦੀ ਮਿਲਣੀ ਨੂੰ ਲੇਖਕ ਦੇ ਆਪਣੇ ਸ਼ਬਦਾਂ ਵਿੱਚ ਹੀ ਏਥੇ ਦੇਣਾ ਯੋਗ ਸਮਝਦੇ ਹਾਂ ਤਾਂ ਕਿ ਇਸ ਮਿਲਣੀ ਪਿੱਛੇ ਕਿਹੜੇ ਰੂਹਾਨੀ ਸੰਕੇਤ ਅਤੇ ਅੰਦਾਜ਼ ਲੁਪਤ ਸਨ, ਦਾ ਪਾਠਕ ਨੂੰ ਕੋਈ ਸਹੀ ਅਨੁਮਾਨ ਲੱਗ ਸਕੇ:

ਉੱਡਦੇ ਬਾਜ਼ਾਂ ਹੇਠ ਘੋੜੇ ਉੱਤੇ ਅਸਵਾਰ, ਸਿਰ ਉੱਤੇ ਨਿੱਕੀ ਜੇਹੀ ਕਲਗੀ ਸਜਾਈ; ਜਪੁਜੀ ਦੇ ਉਸ ਧਿਆਨ ਵਿੱਚ ਜੋ ਕੇਵਲ ਉਹਨਾਂ ਨੂੰ ਹੀ ਪਤਾ ਸੀ, ਦੋਵੇਂ ਮਾਵਾਂ ਅਤੇ ਕੁੱਝ ਸਿੱਖਾਂ ਸਮੇਤ ਕਲਗ਼ੀਧਰ ਨੇ ਫਜਰ ਵੇਲੇ ਕੀਰਤਪੁਰ ਦੀ ਹਰੀ ਭਰੀ ਜੂਹ ਨੂੰ ਪਾਰ ਕੀਤਾ ਅਤੇ ਥੋੜ੍ਹੇ ਚਿਰ ਵਿੱਚ ਹੀ ਆਨੰਦਪੁਰ ਪਹੁੰਚ ਗਏ। ਪਿਤਾ-ਪੁੱਤਰ ਦਾ ਮਿਲਾਪ ਹੋਇਆ। ਮਾਂ ਗੁਜਰੀ ਗੁਰੂ ਪਤੀ ਦੇ ਸਾਹਮਣੇ ਐਨੇ ਨਿਰਮਲ ਰੰਗ ਵਿੱਚ ਖੜ੍ਹੀ ਸੀ ਜਿਵੇਂ ਰੱਬ ਨੇ ਉਸ ਲਮਹੇ ਅੰਦਰ ਹੀ ਇਸਤਰੀ ਦਾ ਸਭ ਤੋਂ ਪਾਕ ਤਸੱਵੁਰ ਕੀਤਾ ਹੋਵੇ। ਏਸ ਵੇਲੇ ਨਾਨਕੀ ਜੀ ਸਾਹਮਣੇ ਆਪਣੇ ਪੁੱਤਰ ਦਾ ਸ਼ਹੀਦ ਰੂਪ ਹੀ ਵਾਰ ਵਾਰ ਆ ਰਿਹਾ ਸੀ। (365)

ਏਥੇ ਆਪ ਜੀ ਨੂੰ ਗੁਰੂ ਤੇਗ ਬਹਾਦਰ ਜੀ ਨੇ ਫ਼ਾਰਸੀ ਤੇ ਸੰਸਕ੍ਰਿਤ ਭਾਸ਼ਾਵਾਂ ਸਿਖਾਉਣ ਲਈ ਉਸਤਾਦ ਨੀਯਤ ਕੀਤੇ।
ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਾ ਸਮਾਂ ਆ ਗਿਆ ਜਦੋਂ ਆਪ ਦੀ ਉਮਰ ਮਸਾਂ ਨੌਂ ਸਾਲਾਂ ਦੀ ਸੀ। ਗੁਰੂ ਤੇਗ਼ ਬਹਾਦਰ ਜੀ ਦੇ ਬੰਦੀਖਾਨੇ ਦਾ ਦਰੋਗਾ ਖ਼੍ਵਾਜ਼ਾ ਅਬਦੁੱਲਾ, ਗੁਰੂ ਤੇਗ਼ ਬਹਾਦਰ ਜੀ ਨੂੰ ਜਿੱਥੇ ਸ਼ਹੀਦੀ ਤੋਂ ਪਹਿਲਾਂ ਰੱਖਿਆ ਗਿਆ ਸੀ, ਮੰਜ਼ਲਾਂ ਮਾਰਦਾ ਗੁਰੂ ਗੋਬਿੰਦ ਸਿੰਘ ਜੀ

ਕੋਲ ਆ ਪਹੁੰਚਿਆ ਅਤੇ ਬਾਕੀ ਦੀ ਉਮਰ ਕਲਗੀਧਰ ਦੇ ਚਰਨਾਂ ਵਿੱਚ ਹੀ ਗੁਜ਼ਾਰ ਦਿੱਤੀ। ਬਾਬੇ ਗੁਰਦਿੱਤੇ ਦੇ ਤਿੰਨ ਸਾਲਾਂ ਦੇ ਪੁੱਤਰ ਨੇ ਸ਼ਹੀਦੀ ਦੇ ਸਾਲ ਹੀ ਫੱਗਣ ਦੇ ਮਹੀਨੇ ਗੁਰੂ ਗੋਬਿੰਦ ਸਿੰਘ ਜੀ ਨੂੰ ''ਗੁਰਿਆਈ ਦਾ ਤਿਲਕ ਲਾਇਆ ਅਤੇ ਖ਼ਾਲਸਾ ਪੰਥ ਦੀ ਦਸਵੀਂ ਸੱਚੀ ਸਰਕਾਰ ਅਨੰਦਪੁਰ ਵਿੱਚ ਪ੍ਰਕਾਸ਼ ਕਰਨ ਲੱਗੀ। ਦੁਨੀਆਂ ਦੇ ਪੈਗੰਬਰਾਂ ਦੀ ਆਖਰੀ ਇਨਸਾਨੀ ਸੂਰਤ!''

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਧਾਰਨ ਪਿੱਛੋਂ ਦੂਸਰੇ ਦਿਨ ਆਨੰਦਪੁਰ ਇੱਕ ਭਾਰੀ ਦਰਬਾਰ ਲਗਾਇਆ, ਜਦੋਂ ਕਿ ਆਪ ਦੇ ਪਿਤਾ ਜੀ ਨੂੰ ਸ਼ਹੀਦ ਹੋਇਆਂ ਥੋੜ੍ਹੇ ਮਹੀਨੇ ਹੀ ਗੁਜ਼ਰੇ ਸਨ। ਲੇਖਕ ਦੇ ਆਪਣੇ ਸ਼ਬਦ ਹੀ ਗੁਰੂ ਸਾਹਿਬ ਵੱਲੋਂ ਸੰਗਤਾਂ ਨੂੰ ਦਿੱਤੇ ਅਗੰਮੀ ਧਰਵਾਸ ਦਾ ਸਹੀ ਪ੍ਰਮਾਣ ਪੇਸ਼ ਕਰਨ ਦੇ ਯੋਗ ਹਨ:

ਗੁਰਿਆਈ ਧਾਰਨ ਕਰਨ ਪਿੱਛੋਂ ਦੂਸਰੇ ਦਿਨ ਆਨੰਦਪੁਰ ਵਿੱਚ ਇੱਕ ਭਾਰੀ ਦਰਬਾਰ ਲੱਗਿਆ ਜਿਸ ਵਿੱਚ ਕਲਗੀਧਰ ਨੇ ਓਦਰੀਆਂ ਸੰਗਤਾਂ ਨੂੰ ਡੂੰਘਾ ਧਰਵਾਸ ਦਿੱਤਾ ਅਤੇ ਸੰਕੇਤ ਕੀਤਾ ਕਿ ਜਿਸ ਮਨੁੱਖ ਦੀ ਸਦੀਆਂ ਨੂੰ ਇੰਤਜ਼ਾਰ ਸੀ, ਉਹ ਮਨੁੱਖ ਤੁਹਾਡੇ ਅੰਦਰ ਹੀ ਹੈ ਅਤੇ ਇੰਞ ਕੁਝ ਚਿਰ ਨੂੰ ਨਵੇਂ ਮਨੁੱਖ ਦੇ ਆਉਣ ਦੀ ਕੰਨਸੋਅ ਦਿੱਤੀ। ਆਪ ਨੇ ਜੋ ਕੁਝ ਕਿਹਾ ਸਾਦਗੀ ਨਾਲ ਕਿਹਾ ਪਰ ਆਪ ਦੀ ਆਵਾਜ਼ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਅਸੰਖਾਂ ਰਮਜ਼ਾਂ ਦੀ ਤਾਕਤ ਨੂੰ ਉਠਾਇਆ ਹੋਇਆ ਸੀ; ਹਰ ਲਫ਼ਜ਼ ਅੰਦਰ ਇੱਕ ਸਾਬਤ ਇਕਰਾਰ, ਸਾਬਤ ਸੂਰਤ ਅਤੇ ਸਾਬਤ ਫ਼ਤਹ ਖਲੋਤੀ ਸੀ। ਸੰਗਤਾਂ ਨੂੰ ਪ੍ਰਤੀਤ ਹੋਇਆ ਜਿਵੇਂ ਉਹ ਦਸਾਂ ਪਾਤਸ਼ਾਹੀਆਂ ਦੀ ਹਜ਼ੂਰੀ ਵਿੱਚ ਬੈਠੀਆਂ ਹੋਣ। ਉਹ ਜਿੱਥੇ ਹਨ ਉੱਥੇ ਹੀ ਲਾਸਾਨੀ ਹਨ ਪਰ ਫੇਰ ਵੀ ਉਹਨਾਂ ਦੀ ਜਿੱਤ ਕਿਸੇ ਪਰਦੇ ਪਿੱਛੇ ਹੈ, ਪਰ ਪਰਦਾ ਵੀ ਅਦ੍ਰਿਸ਼ਟ ਹੈ। ਉਹ ਜਿੱਥੇ ਹਨ ਉੱਥੇ ਮਿਹਰ ਹੈ, ਪਰ ਇਸ ਮਿਹਰ ਦਾ ਵਸਲ ਪਾਉਣ ਲਈ ਉਹਨਾਂ ਨੂੰ ਇੱਕ ਗ਼ਜ਼ਬ, ਇੱਕ ਸੂਰਜ ਅਤੇ ਇੱਕ ਪੂਰਨ ਸੱਚ ਦੇ ਨਾਲ ਤੁਰਨਾ ਪਵੇਗਾ। ਹਜ਼ੂਰ ਦੇ ਲਫ਼ਜ਼ ਸੰਗਤਾਂ ਨੇ ਸਮਝ ਲਏ ਪਰ ਇਹਨਾਂ ਲਫ਼ਜ਼ਾਂ ਪਿੱਛੇ ਜੋ ਇਕਰਾਰ ਸੀ ਉਸ ਦੀ ਅਰੂਪ ਖਿੱਚ ਉਹਨਾਂ ਦੀ ਸਮਝ ਦੇ ਘੇਰੇ ਵਿੱਚ ਨਾਂਹ ਆਈ। ਸੰਗਤਾਂ ਨੂੰ ਜਾਪਿਆ ਜਿਵੇਂ ਇਸ ਇਕਰਾਰ ਦੀ ਪੂਰਨ ਪਹਿਚਾਣ ਕਰਨ ਲਈ ਉਹਨਾਂ ਦੇ ਕਦਮ ਅੱਗੇ ਸਾਰੀ ਕਾਇਨਾਤ ਦਾ ਸਫ਼ਰ ਵਿਛਿਆ ਹੋਇਆ ਹੈ। (366-367)

ਇਸ ਪਿੱਛੋਂ ਹਾੜ੍ਹ ਦੀ ਰੁੱਤੇ ਆਪਦੀ ਪਹਿਲੀ ਸ਼ਾਦੀ ਮਾਤਾ ਜੀਤੋ ਨਾਲ ਹੋਈ। ਨਵਾਂ ਲਾਹੌਰ ਪਹੁੰਚ ਕੇ ਕਲਗ਼ੀਆਂ ਵਾਲੇ ਨੇ ਨੇਜੇ ਨਾਲ ਪਰਬਤ ਵਿੱਚੋਂ ਪਾਣੀ ਦੀ ਠੰਢੀ ਧਾਰ ਨੂੰ ਉਛਾਲਿਆ। ਸੋਲਾਂ ਸਾਲ ਦੀ ਉਮਰ ਵਿੱਚ ਰਣਜੀਤ ਨਗਾਰਾ ਤਿਆਰ ਹੋਇਆ; ਅਤੇ ਏਸੇ ਸਮੇਂ ਆਪ ਦੀ ਦੂਸਰੀ ਸ਼ਾਦੀ ਹੋਈ। ਨਾਹਰ ਦੇ ਰਾਜੇ ਮੇਦਨੀ ਪ੍ਰਕਾਸ਼ ਨੂੰ ਮਿਲਣ ਪਿੱਛੋਂ ਆਪਨੇ ਪਾਉਂਟਾ ਸਾਹਿਬ ਨਾਂ ਦਾ ਇੱਕ ਛੋਟਾ ਕਿਲ੍ਹਾ ਉਸਾਰਿਆ। ਏਥੇ ਹੀ ਆਪ ਜੀ ਨੂੰ ਆਪ ਦੇ ਮੁਰੀਦ ਪੀਰ ਬੁੱਧੂ ਸ਼ਾਹ ਦਾ ਮੇਲ ਪ੍ਰਾਪਤ ਹੋਇਆ। ਏਥੇ ਹੀ ਭੰਗਾਣੀ ਦਾ ਯੁੱਧ ਹੋਇਆ ਜਿੱਥੇ ਪਹਾੜੀ ਰਾਜਾ ਹਰੀ ਚੰਦ ਮਾਰਿਆ ਗਿਆ। ਸੰਗੋ ਨੇ ਨਜਾਬਤ ਖਾਨ ਨੂੰ ਮਾਰਿਆ ਅਤੇ ਆਪ ਵੀ ਸ਼ਹੀਦ ਹੋ ਗਿਆ। ਕਿਰਪਾਲ ਦਾਸ ਉਦਾਸੀ ਨੇ ਹਯਾਤ ਖਾਂ ਪਠਾਣ ਦਾ ਅੰਤ ਕੀਤਾ। ਏਥੇ ਗੁਰੂ ਸਾਹਿਬ ਦੇ ਕਵੀਆਂ ਸੰਗ ਵੀ ਦਰਬਾਰ ਲੱਗਦੇ ਰਹੇ। 1787 ਈ: ਵਿੱਚ ਫੇਰ ਆਪ ਆਨੰਦਪੁਰ ਵਾਪਸ ਆ ਗਏ। ਏਸ ਵੇਲੇ ਆਪ ਜੀ ਨੂੰ ਭਾਈ ਨੰਦ ਲਾਲ ਗੋਯਾ ਜੀ ਵੀ ਆ ਮਿਲੇ। 1699 ਈ: ਵਿੱਚ ਜਦੋਂ ਆਪਨੇ ਖਾਲਸਾ ਸਾਜਿਆ, ਇਸ ਪਿੱਛੇ ਅੰਮ੍ਰਿਤ ਦੇ ਵੀ ਅਧਿਆਤਮਕ ਮਨੋਰਥ ਸਨ ਅਤੇ ਖ਼ਾਲਸਾ ਸਾਜਣ ਪਿੱਛੇ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸ ਤਰ੍ਹਾਂ ਖ਼ਾਲਸੇ ਦੇ ਅਮਲ ਦੇ ਪ੍ਰਕਾਸ਼ ਵਿੱਚ ਅਭੇਦ ਹੋਏ, ਇਸ ਸੂਖਮ ਦ੍ਰਿਸ਼ਟੀ ਦਾ ਲੇਖਕ ਨੇ ਰੂਹਾਨੀ ਮਿਆਰ ਸਥਾਪਤ ਰੱਖਕੇ ਜ਼ਿਕਰ ਕੀਤਾ ਹੈ। ਪਹਾੜੀ ਰਾਜਿਆਂ ਵਿੱਚ ਬੁੱਤਪ੍ਰਸਤੀ ਵਿੱਚੋਂ ਪੈਦਾ ਹੋਈ ਈਰਖਾ ਅਤੇ ਉਹਨਾਂ ਦਾ ਗੁਰੂ ਸਾਹਿਬ ਨਾਲ ਵਾਰ-ਵਾਰ ਜੰਗਾਂ ਛੇੜਨਾ ਆਦਿ ਪਿੱਛੇ ਕਿਹੜੀ ਇਬਲੀਸੀ ਫ਼ਿਤਰਤ ਕੰਮ ਕਰਦੀ ਸੀ, ਇਸ ਦਾ ਦਾਰਸ਼ਨਿਕ ਵਿਸ਼ਲੇਸ਼ਣ ਪਹਿਲੀ ਵਾਰ ਹਰਿੰਦਰ ਸਿੰਘ ਮਹਿਬੂਬ ਨੇ ਭਾਰਤੀ ਧਰਮ-ਗ੍ਰੰਥਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਵਿੱਚ ਕਰਵਾਇਆ ਹੈ। ਤਾਰਾਗੜ੍ਹ, ਨਿਮੋਹਗੜ੍ਹ, ਬਸਾਲੀ ਆਦਿ ਦੀਆਂ ਸਾਹਿਬਜ਼ਾਦਾ ਅਜੀਤ ਸਿੰਘ ਰਾਹੀਂ ਲੜੀਆਂ ਜੰਗਾਂ ਦਾ ਜ਼ਿਕਰ ਵੀ ਮਹਾਨ ਪਵਿੱਤਰ ਜੰਗ (The Greater Holy War) ਦੇ ਸਬੰਧ ਵਿੱਚ ਪ੍ਰਕਾਸ਼ਮਾਨ ਕੀਤਾ ਹੈ। ਏਥੇ ਹੀ ਚਾਰੇ ਸਾਹਿਬਜ਼ਾਦਿਆਂ ਸੰਗ, ਮਾਤਾਵਾਂ ਨਾਲ ਵਿਚਰਦਿਆਂ ਖ਼ਾਲਸੇ ਨੂੰ ਅਨੇਕ ਜੰਗਾਂ ਦਾ ਸਾਹਮਣਾ ਕਰਨਾ ਪਿਆ ਅਤੇ ਗੁਰੂ ਗੋਬਿੰਦ ਸਿੰਘ ਨੇ ਇਸ ਘਮਸਾਨ ਦੀਆਂ ਲੜਾਈਆਂ ਦੇ ਦੌਰ ਵਿੱਚ ਵੀ ਸੰਗਤਾਂ ਨੂੰ ਪਿਤਾ ਧਰਵਾਸ ਨਾਲ ਸਦਾ ਨਿਵਾਜਿਆ। ਅਖ਼ੀਰ 'ਤੇ ਆਪ ਨੂੰ ਚਾਲੀ ਸਿੰਘ ਜਦੋਂ ਬੇਦਾਵਾ ਦੇ ਕੇ ਗਏ ਤਾਂ ਇਸ ਘੜੀ ਨੂੰ ਹਰਿੰਦਰ ਸਿੰਘ ਮਹਿਬੂਬ ਨੇ ਅਤਿ ਪ੍ਰਭਾਵਸ਼ਵਾਲੀ ਅੰਦਾਜ਼ ਵਿੱਚ ਪੇਸ਼ ਕੀਤਾ

ਹੈ। ਅਨੰਦਪੁਰ ਛੱਡਣ ਵੇਲੇ ਤੋਂ ਲੈ ਕੇ ਸਰਸਾ ਨਦੀ ਨੂੰ ਪਾਰ ਕਰਦਿਆਂ ਚਮਕੌਰ ਦੀ ਗੜ੍ਹੀ ਦੀ ਜੰਗ ਦਾ ਦ੍ਰਿਸ਼ ਲੇਖਕ ਨੇ ਜਿਵੇਂ ਪੇਸ਼ ਕੀਤਾ ਹੈ, ਉਹ ਇਸਲਾਮ ਦੀਆਂ ਬਦਰ, ਓਹਦ ਅਤੇ ਖੰਦਕ ਦੀਆਂ ਜੰਗਾਂ ਨਾਲੋਂ ਕਿਵੇਂ ਵਿਲੱਖਣ ਅਤੇ ਮਹਾਨ ਹੈ, ਇਸ ਦਾ ਅੰਦਾਜ਼ਾ ਪਾਠਕ ਇਸ ਪੁਸਤਕ ਦੇ ਅਧਿਐਨ ਰਾਹੀਂ ਹੀ ਸਹੀ ਰੂਪ ਵਿੱਚ ਲਗਾ ਸਕਦਾ ਹੈ ਭਾਵੇਂ ਕਿ ਅੰਮ੍ਰਿਤ, ਖ਼ਾਲਸਾ ਅਤੇ ਜੰਗਾਂ ਦਾ ਅਸਲ ਦ੍ਰਿਸ਼ ਤਾਂ ਇਲਾਹੀ ਨਦਰ ਦੇ ਪੈਂਡੇ (ਜਿਲਦ ਚੌਥੀ) ਵਿੱਚ ਹੀ ਪੂਰੀ ਤਰ੍ਹਾਂ ਰੂਪਮਾਨ ਹੁੰਦਾ ਹੈ। ਅਨੰਦਪੁਰ ਛੱਡਣ ਤੋਂ ਲੈ ਕੇ ਹਜ਼ੂਰ ਸਾਹਿਬ ਤੱਕ ਦੇ ਅੰਤਮ ਪੜਾਅ ਤੱਕ ਦਾ ਜੋ ਸਫ਼ਰ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਹੈ, ਹਰਿੰਦਰ ਸਿੰਘ ਮਹਿਬੂਬ ਨੇ ਹਵਾਲਿਆਂ ਸਹਿਤ ਇਹ ਸਪਸ਼ਟ ਕੀਤਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਮੱਕੇ ਤੋਂ ਮਦੀਨੇ ਤੱਕ ਦੇ ਸਫ਼ਰ ਨਾਲੋਂ ਰੂਹਾਨੀ ਕੀਮਤਾਂ ਨੂੰ ਸਥਾਪਤ ਰੱਖਦਿਆਂ ਇਹ ਸਫ਼ਰ ਕਿਵੇਂ ਸਭ ਪੈਗੰਬਰਾਂ ਤੋਂ ਮਹਾਨ ਅਤੇ ਵਿਲੱਖਣ ਹੈ। ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਅਤੇ ਚਮਕੌਰ ਦੀ ਗੜ੍ਹੀ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੀਆਂ ਸ਼ਹੀਦੀਆਂ ਦੇ ਨਾਲ ਚਾਲੀ ਸਿੰਘਾਂ ਦੀ ਸ਼ਹਾਦਤ ਨੂੰ ਪੇਸ਼ ਕਰਨ ਦਾ ਲੇਖਕ ਦਾ ਅੰਦਾਜ਼ ਸਾਨੂੰ ਉਸ ਸਮੇਂ ਦੇ ਹੂ-ਬ-ਹੂ ਸਾਹਮਣੇ ਲੈ ਆਉਂਦਾ ਹੈ ਜਦੋਂ ਇਹ ਹਾਦਸੇ ਵਾਪਰੇ ਸਨ। ਮੁਤਕਸਰ ਦੀ ਲੜਾਈ ਤੋਂ ਲੈ ਕੇ ਦਮਦਮਾ ਸਾਹਿਬ ਤਕ ਦਾ ਸਫ਼ਰ ਅਤੇ ਉੱਥੇ ਡੱਲੇ ਨੂੰ ਮਿਲਣਾ ਆਦਿ ਤੱਥਾਂ ਦੀ ਲੇਖਕ ਨੇ ਜੋ ਵਿਆਖਿਆ ਕੀਤੀ ਹੈ ਉਹ ਸਿੱਖ ਕੌਮ ਦੇ ਮਨਾਂ ਵਿੱਚ ਉਹਨਾਂ ਥਾਵਾਂ, ਘਟਨਾਵਾਂ ਅਤੇ ਯਾਦਗਾਰਾਂ ਨੂੰ ਸਦੀਵੀ ਰੂਪ ਵਿੱਚ ਸਥਾਪਤ ਕਰਨ ਦਾ ਇੱਕ ਸਫ਼ਲ ਯਤਨ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਅਨੇਕ ਯਾਦਗਾਰਾਂ ਅਤੇ ਨਿਸ਼ਾਨੀਆਂ ਮਿਟਾ ਦਿੱਤੀਆਂ ਗਈਆਂ ਹਨ ਪ੍ਰੰਤੂ ਇਸ ਪੁਸਤਕ ਦੇ ਪਾਠ ਨਾਲ ਉਹ ਖ਼ਾਲਸੇ ਦੇ ਮਨ ਵਿੱਚ ਸਦਾ ਤਾਜ਼ਾ ਰਹਿਣਗੀਆਂ। ਜ਼ਫਰਨਾਮੇ ਦੀ ਰਚਨਾ ਬਾਰੇ ਇਸ ਤੋਂ ਅਗਲੀ ਪੁਸਤਕ ਵਿੱਚ ਜ਼ਿਕਰ ਕੀਤਾ ਜਾਵੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨੰਦੇੜ ਪਹੁੰਚਣਾ, ਗੋਦਾਵਰੀ ਨਦੀ 'ਤੇ ਬੰਦੇ ਨੂੰ ਮਿਲਣਾ ਤੇ ਉਸ ਵਿੱਚ ਸਿੱਖ ਧਰਮ ਪ੍ਰਤੀ ਪ੍ਰੇਰਨਾ ਅਤੇ ਉਮਾਹ ਪੈਦਾ ਕਰਨ ਦੇ ਪ੍ਰਸੰਗ ਨੂੰ ਲੇਖਕ ਨੇ ਅਜਿਹੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ ਜਿਸ ਰਾਹੀਂ ਬੰਦੇ ਬਹਾਦਰ ਦਾ ਅਸਲ ਚਰਿੱਤਰ ਪਹਿਲੀ ਵਾਰ ਪਾਠਕ ਦੇ ਸਾਹਮਦੇ ਆਉਂਦਾ ਹੈ, ਭਾਵੇਂ ਕਿ ਇਸ ਦਾ ਪੂਰਾ ਵਿਸਥਾਰ ਅੱਠਵੀਂ ਕਿਤਾਬ ''ਸ਼ਮਸ਼ੀਰਾਂ ਦਾ ਵਜਦ'' ਵਿੱਚੋਂ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਦਾ ਹਜ਼ੂਰ ਸਾਹਿਬ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤਿਆਰ ਕਰਕੇ ਕਰਮਵਾਰ ਹਜ਼ੂਰ ਸਾਹਿਬ, ਦਮਦਮਾ ਸਾਹਿਬ ਅਤੇ ਅੰਮ੍ਰਿਤਸਰ ਪਹੁੰਚਾਉਣ ਸਬੰਧੀ ਦੀਪ ਸਿੰਘ ਜੀ ਤੇ ਹੋਰ ਸਿੰਘਾਂ ਨੂੰ ਇਹ ਜ਼ਿੰਮੇਵਾਰੀ ਸੌਂਪਣੀ ਅਤੇ ਆਖਰੀ ਸਮੇਂ ਤੋਂ ਪਹਿਲਾਂ ਮਾਤਾ ਸਾਹਿਬ ਦੇਵਾ ਜੀ ਨੂੰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਭੇਜਣਾ ਆਦਿ ਜੋ ਘਟਨਾਵਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਵਾਪਰੀਆਂ, ਉਹਨਾਂ ਨੂੰ ਅਤਿ ਮੌਲਿਕ ਰੂਪ ਵਿੱਚ ਪੇਸ਼ ਕਰਨ ਪਿੱਛੇ ਲੇਖਕ ਦੀ ਪ੍ਰਤਿਭਾ ਦਾ ਵਿਲੱਖਣ ਸਬੂਤ ਹੈ। ਇਸ ਜੀਵਨੀ ਵਿੱਚ ਲੇਖਕ ਨੇ ਗੁਰੂ-ਜੀਵਨ ਨਾਲ ਸਬੰਧਤ ਮੁਗ਼ਲ ਬਾਦਸ਼ਾਹਾਂ ਦੇ ਰੂਹਾਨੀ ਉਤਰਾਅ-ਚੜ੍ਹਾਵਾਂ ਨੂੰ ਵੀ ਇੱਕ ਵੱਖਰੇ ਦਾਰਸ਼ਨਕ ਦ੍ਰਿਸ਼ਟੀਕੋਣ ਤੋਂ ਮੰਨਣਯੋਗ ਢੰਗ ਨਾਲ ਪੇਸ਼ ਕੀਤਾ ਹੈ।

## ਜ਼ਫਰਨਾਮਾ

''**ਸਹਿਜੇ ਰਚਿਓ ਖ਼ਾਲਸਾ**'' ਦੀ ਪੰਜਵੀਂ ਕਿਤਾਬ 'ਜ਼ਫਰਨਾਮਾ' ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਔਰੰਗਜ਼ੇਬ ਨੂੰ ਲਿਖੇ ਇਸ ਇਲਾਹੀ ਜਿੱਤ (ਜ਼ਫਰਨਾਮਾ) ਦੇ ਖ਼ਤ ਦੇ ਅਧਿਆਤਮਕ ਅਰਥਾਂ ਨੂੰ ਵੱਖ-ਵੱਖ ਗੁਰੂ ਸਾਹਿਬਾਨ ਦੇ ਸਬੰਧ ਵਿੱਚ ਆਉਣ ਵਾਲੇ ਮੁਗ਼ਲ ਬਾਦਸ਼ਾਹਾਂ ਕਰਮਵਾਰ ਬਾਬਰ, ਹੁਮਾਯੂੰ, ਅਕਬਰ, ਜਹਾਂਗੀਰ, ਸ਼ਾਹ ਜਹਾਨ ਅਤੇ ਔਰੰਗਜ਼ੇਬ ਆਦਿ ਰਾਹੀਂ ਇਤਿਹਾਸਕ, ਸਮਾਜਕ ਅਤੇ ਧਾਰਮਕ ਪੱਖ ਤੋਂ ਬਿਲਕੁਲ ਵਿਲੱਖਣ ਅਤੇ ਅਤਿ ਦਿਲਚਸਪ ਅਤੇ ਮੰਨਣਯੋਗ ਢੰਗ ਰਾਹੀਂ ਦਰਸਾਇਆ ਹੈ। ਲੇਖਕ ਨੇ ਮੁੱਢ ਵਿੱਚ ਹੀ ਇਸ ਕਿਤਾਬ ਵਿੱਚ ਆਉਣ ਵਾਲੇ ਗੰਭੀਰ ਅਤੇ ਅਛੋਹ ਵਿਚਾਰਾਂ ਦਾ ਜਿਵੇਂ ਸੰਕੇਤ ਕੀਤਾ ਹੈ, ਉਸ ਰਾਹੀਂ ਪਾਠਕ ਨੂੰ ਸ਼ੁਰੂ ਵਿੱਚ ਹੀ ਇਸ ਪੁਸਤਕ ਵਿੱਚ ਲੁਪਤ ਗੰਭੀਰ ਅਰਥਾਂ ਨੂੰ ਜਾਣਨ ਦੀ ਉਤਸੁਕਤਾ (Inspiration) ਪੈਦਾ ਹੋ ਜਾਂਦੀ ਹੈ :

'ਜ਼ਫਰਨਾਮਾ' ਜਿਸ ਦਾ ਵਰਣਨ ਚੌਥੀ ਕਿਤਾਬ ਵਿੱਚ ਕਈ ਵਾਰ ਆਇਆ ਹੈ, ਸ਼ਹਿਨਸ਼ਾਹ ਔਰੰਗਜ਼ੇਬ ਵੱਲ ਫ਼ਾਰਸੀ ਕਵਿਤਾ ਵਿੱਚ ਲਿਖਿਆ ਇੱਕ ਇਤਿਹਾਸਕ ਖ਼ਤ ਹੈ। ਓਪਰੇ ਅਧਿਐਨ ਤੋਂ ਇਸ ਖ਼ਤ ਦਾ ਵਿਸ਼ਾ ਅਤੇ ਸ਼ੈਲੀ ਦੋਵੇਂ ਹੀ ਬਹੁਤ ਸਾਧਾਰਨ ਲੱਗਣਗੇ ਪਰ ਅਸਲੀਤ ਇਸਦੇ ਬਿਲਕੁਲ ਉਲਟ ਹੈ। ਖ਼ਤ ਦਾ ਡੂੰਘਾ ਅਧਿਐਨ ਦੱਸੇਗਾ ਕਿ 'ਜ਼ਫਰਨਾਮਾ' ਅਥਾਹ ਗੰਭੀਰਤਾ ਵਾਲੀ ਰਚਨਾ ਹੈ। ਖ਼ਤ ਗੁਰੂ ਨਾਨਕ ਸੱਚ ਦੇ ਗੰਭੀਰ ਇਸ਼ਾਰਿਆਂ ਨਾਲ ਭਰਪੂਰ ਹੈ। ਸਮਕਾਲੀ ਇਤਿਹਾਸ ਦੀਆਂ ਯਥਾਰਥਕ ਘਟਨਾਵਾਂ

ਅਧਿਆਤਮਕ ਖ਼ੂਬਸੂਰਤੀ ਦੇ ਅਸਗਾਹ ਨਾਲ ਜੁੜੀਆਂ ਹੋਈਆਂ ਹਨ ਅਤੇ ਇਸ ਦੀ ਅਸਚਰਜਜਨਕ ਸਾਦਗੀ ਓਹਲੇ ਅਨੇਕ ਦੈਵੀ ਭੇਤ ਹਨ। ''ਜ਼ਫਰਨਾਮਾ'' ਗੁਰੂ ਨਾਨਕ ਅਮਲ ਦੇ ਮੁਕੰਮਲ ਹੋਣ ਦੀ ਆਖਰੀ ਛੋਹ ਹੈ ਅਤੇ ਇਹ ਵਕਤੀ ਲੋੜ ਨੂੰ ਸਾਹਮਣੇ ਰੱਖਕੇ ਲਿਖੀ ਗਈ ਚੀਜ਼ ਨਹੀਂ। (519)

ਦਸ ਗੁਰੂ ਸਾਹਿਬਾਨ ਦੇ ਦੈਵੀ ਸ੍ਰੋਤ ਦੇ ਸਬੰਧ ਵਿੱਚ ਜਿੱਥੇ ''ਜ਼ਫ਼ਰਨਾਮਾ'' ਵਾਲੀ ਕਿਤਾਬ ਵੱਖ-ਵੱਖ ਮੁਗ਼ਲ ਬਾਦਸ਼ਾਹਾਂ ਦੇ ਲੌਕਿਕ ਅਤੇ ਪਰਾਲੌਕਿਕ ਜਗਤ ਨਾਲ ਤਾਲਮੇਲ ਅਤੇ ਅਸੰਤੁਲਨ ਦੀ ਸੂਖਮ ਵਿਆਖਿਆ ਹੈ ਉੱਥੇ ਦਸ ਗੁਰੂ ਸਾਹਿਬਾਨ ਦੀ ਇਹਨਾਂ ਬਾਦਸ਼ਾਹਾਂ ਦੇ ਸਬੰਧ ਵਿੱਚ ਸੁਹਿਰਦ ਪੈਗੰਬਰੀ ਸ਼ਖ਼ਸੀਅਤ ਦਾ ਵੀ ਬਹੁਤ ਹੱਦ ਤੱਕ ਸਹੀ ਅੰਦਾਜ਼ਾ ਪਾਠਕ ਨੂੰ ਲੱਗ ਜਾਂਦਾ ਹੈ। ਗੁਰੂ ਸਾਹਿਬਾਨ ਦੇ ਇਹਨਾਂ ਬਾਦਸ਼ਾਹਾਂ ਨਾਲ ਵੱਖਰੇ-ਵੱਖਰੇ ਪ੍ਰਸੰਗ ਵਿੱਚ ਰੋਹ, ਪਿਆਰ ਅਤੇ ਮਿਹਰਬਾਨ ਰੂਪ ਦਾ ਅਧਿਆਤਮਕ ਦ੍ਰਿਸ਼ਟੀ ਤੋਂ ਸਹੀ ਰੂਪ ਸਾਹਮਣੇ ਆ ਜਾਂਦਾ ਹੈ। ਗੁਰੂ ਸਾਹਿਬਾਨ ਦੇ ਸਬੰਧ ਵਿੱਚ ਜਿੱਥੇ ਇਹਨਾਂ ਵੱਖ-ਵੱਖ ਬਾਦਸ਼ਾਹਾਂ ਦੇ ਚਰਿੱਤਰ ਦੇ ਵਿਭਿੰਨ ਪੱਖ ਸਾਹਮਣੇ ਆਉਂਦੇ ਹਨ, ਉੱਥੇ ਅਤਿ ਦਿਲਚਸਪ ਗੱਲ ਇਹ ਹੈ ਕਿ ਇਹਨਾਂ ਬਾਦਸ਼ਾਹਾਂ ਦੀ ਸ਼ਖ਼ਸੀਅਤ ਦੇ ਵਿਸ਼ੇਸ਼ ਪਹਿਲੂ ਵਿਸ਼ਵ ਦੇ ਮਹਾਨ ਨਾਟਕਕਾਰ ਸ਼ੈਕਸਪੀਅਰ ਦੇ ਨਾਟਕਾਂ ਦੇ ਵੱਖਰੇ-ਵੱਖਰੇ ਬਾਦਸ਼ਾਹਾਂ ਦੇ ਬਾਹਰੀ ਅਤੇ ਅੰਦਰੂਨੀ ਹਾਲਾਤ ਨੂੰ ਸਮਝਣ ਵਿੱਚ ਵੀ ਵਿਸ਼ੇਸ਼ ਸਹਾਇਕ ਹੁੰਦੇ ਹਨ।

'ਜ਼ਫਰਨਾਮਾ' ਦੇ ਅਦ੍ਰਿਸ਼ਟ ਪ੍ਰਸੰਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ, ਦਸ ਗੁਰੂ ਸਾਹਿਬਾਨ ਅਤੇ ਸਮਕਾਲੀ ਇਤਿਹਾਸ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਬਾਬਰ, ਹੁਮਾਯੂੰ, ਅਕਬਰ, ਜਹਾਂਗੀਰ, ਸ਼ਾਹਜਹਾਨ ਅਤੇ ਔਰੰਗਜ਼ੇਬ ਆਦਿ ਮੁਗ਼ਲ ਬਾਦਸ਼ਾਹ ਭਾਵੇਂ ਕਿੰਨਾ ਵੀ ਜ਼ੁਲਮ ਪਰਜਾ ਅਤੇ ਗੁਰੂਆਂ ਨਾਲ ਕਮਾ ਚੁੱਕੇ ਹਨ ਪ੍ਰੰਤੂ ਫੇਰ ਵੀ ਹਰ ਗੁਰੂ ਇਸ ਉਡੀਕ ਵਿੱਚ ਹੈ ਕਿ ਜੇਕਰ ਇਹਨਾਂ ਵਿੱਚੋਂ ਕੋਈ ਵੀ ਬਾਦਸ਼ਾਹ ਇਸਲਾਮ ਦੀਆਂ ਇਲਾਹੀ ਹਦਾਇਤਾਂ ਅਨੁਸਾਰ ਪ੍ਰਵਾਨ ਹੋਣ ਦਾ ਸ਼ੁੱਧ ਅਮਲ ਪਾਲ ਰਿਹਾ ਹੈ ਤਾਂ ਗੁਰੂ ਉਸਨੂੰ ਹਰ ਪੜਾਅ 'ਤੇ ਮੁਆਫ਼ ਕਰਕੇ ਪ੍ਰਵਾਨ ਕਰਨ ਲਈ ਤਿਆਰ ਹੈ। ਹਰਿੰਦਰ ਸਿੰਘ ਮਹਿਬੂਬ ਨੇ ਭਾਵੇਂ ਇਹ ਗੱਲ ਹਰ ਬਾਦਸ਼ਾਹ ਦੇ ਪ੍ਰਸੰਗ ਵਿੱਚ ਵਿਲੱਖਣ ਤਰ੍ਹਾਂ ਨਾਲ ਸਮਝਾਈ ਹੈ ਪ੍ਰੰਤੂ ਔਰੰਗਜ਼ੇਬ ਦੇ ਸਬੰਧ ਵਿੱਚ ਇਹ ਵਧੇਰੇ ਸਪਸ਼ਟ ਹੋ ਜਾਂਦੀ ਹੈ :

'ਜ਼ਫਰਨਾਮਾ' ਵਿੱਚ ਬਾਦਸ਼ਾਹ ਦੀਆਂ ਕੁਝ ਉਚੀਆਂ ਸਿਫ਼ਤਾਂ ਦਾ ਵਰਣਨ ਹੈ। ਹਜ਼ੂਰ ਸ਼ਹਿਨਸ਼ਾਹ ਵਿੱਚ ਜਵਾਂ ਮਰਦੀ (ਦਰ ਜੰਗ ਕੌਰ), ਫਰਿਸ਼ਤਾ ਸੀਫਰ (ਮਲਾਇਕ ਸਿਫਤ), ਬਾਰੀਕ ਅਕਲ (ਰੌਸ਼ਨ ਜ਼ਮੀਰ) ਅਤੇ ਹੁਸਨ ਪਹਿਚਾਣਨ ਵਾਲੀ ਨਿਗਾਹ (ਹੁਸਨੁਮ ਜਮਾਲ) ਦੇ ਗੁਣਾਂ ਦੀ ਹੋਂਦ ਦੀ ਸੰਭਾਵਨਾ ਮੰਨਦੇ ਹਨ, ਭਾਵੇਂ ਇਹਨਾਂ ਗੁਣਾਂ ਨੂੰ ਉਸਦੇ ਹਨੇਰੇ ਅਮਲ ਨੇ ਬੁਰੀ ਤਰ੍ਹਾਂ ਦਬਾ ਰੱਖਿਆ ਹੈ। (''ਕਿ ਦਰਾਇ ਦੌਰ ਅਸਤੋ ਦੂਰ ਅਸਤ ਦੀ''- ਦੁਨੀਆ ਦਾ ਬਾਦਸ਼ਾਹ ਹੈ ਪਰ ਦੀਨ ਤੋਂ ਦੂਰ ਹੈ।) ਔਰੰਗਜ਼ੇਬ ਕੋਲ ''ਅਸਲ'' ਹੈ ਪਰ 'ਨਕਲ' ਨੇ ਉਸ ਦੇ ''ਆਪੇ'' ਉੱਤੇ ਮੁਕੰਮਲ ਕਬਜ਼ਾ ਕੀਤਾ ਹੋਇਆ ਹੈ। ''ਅਸਲ'' ਨੇ ''ਨਕਲ'' ਨੂੰ ਆਪਣੀ ਥਾਂ ਦਿੱਤੀ ਹੈ ਪਰ ''ਅਸਲ'' ਬਿਨਸਨਹਾਰ ਨਹੀਂ। ਜੇ ਔਰੰਗਜ਼ੇਬ ਦੀ ਆਤਮਕ ਤ੍ਰਿਖਾ ਵਿੱਚ ਲੋੜੀਂਦੀ ਤੀਬਰਤਾ ਹੋਵੇ ਤਾਂ ਗੁਆਚੀ ਹੋਈ ਦੌਲਤ ਮੁੜ ਲੱਭ ਸਕਦੀ ਹੈ। (632)

ਲੇਖਕ ਨੇ ਇਸ ਪੁਸਤਕ ਵਿੱਚ ਬਾਬਰੀ ਜਲਾਲ ਅਤੇ ਵਲੀ ਹਉਮੈ ਦੇ ਸੰਕਲਪਾਂ ਨੂੰ ਵਧੇਰੇ ਵਿਸਥਾਰ ਵਿੱਚ ਸਮਝਾਉਣ ਦੇ ਨਾਲ ਕਰਮਵਾਰ ਮੁਗ਼ਲ ਬਾਦਸ਼ਾਹਾਂ ਅਤੇ ਸ਼ਹਿਜ਼ਾਦਾ ਮੁਅਜ਼ਮ ਦੇ ਪ੍ਰਸੰਗ ਵਿੱਚ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਉਪਰੋਕਤ ਮੁਗ਼ਲ ਬਾਦਸ਼ਾਹ ਕਦੋਂ ਆਪਣੇ ਦੈਵੀ ਜਲਾਲ ਦੇ ਨੇੜੇ ਆਉਂਦੇ ਸਨ ਅਤੇ ਕਦੋਂ ਇਸ ਤੋਂ ਵਧਦੇ ਘਟਦੇ ਅਨੁਪਾਤ ਅਨੁਸਾਰ ਦੂਰ ਹੋ ਕੇ ਨਿਰੋਲ ਲੌਕਿਕ ਸੰਸਾਰ ਦੀ ਪਕੜ ਵਿੱਚ ਆ ਜਾਂਦੇ ਸਨ। ਵਲੀ ਹਉਮੈ ਦੀ ਪਤਨ ਦੀ ਇੱਕ ਅਜਿਹੀ ਅਵਸਥਾ ਪੀਰਾਂ, ਫਕੀਰਾਂ ਅਤੇ ਬਾਦਸ਼ਾਹਾਂ ਉੱਪਰ ਆਉਂਦੀ ਹੈ ਜਦੋਂ ਇਸ ਦੇ ਮੁੜ ਜਾਗਣ ਦੀ ਘੜੀ ਆ ਨਸੀਬ ਹੁੰਦੀ ਹੈ। ਵਲੀ ਹਉਮੈ ਮਨੁੱਖੀ ਚੇਤਨਾ ਦੀ ਉਹ ਫਕੀਰੀ ਅਵਸਥਾ ਹੈ, ਜਦੋਂ ਇਸ ਦਾ ਪਾਕ ਜਲਵਾ ਲਘੂ ਚੇਤਨਾ ਹੇਠ ਆ ਜਾਂਦਾ ਹੈ। ਉਦੋਂ ਰੂਹ ਦੀ ਪੈਗੰਬਰੀ ਬਜ਼ੁਰਗੀ ਨੂੰ ਸੰਸਾਰੀ ਜਿੱਤਾਂ ਨਾਲ ਤੋਲਿਆ ਜਾਂਦਾ ਹੈ, ਅਸਗਾਹ ਦ੍ਰਿਸ਼ ਛੋਟੀ ਅਕਲ ਦੇ ਪ੍ਰਮਾਣ ਦਾ ਮੁਥਾਜ ਹੋ ਜਾਂਦਾ ਹੈ, ਗੱਲ ਕੀ ਮਨੁੱਖ ਪੈਗੰਬਰੀ ਬਜ਼ੁਰਗੀ ਦਾ ਅਸਲ ਰੂਪ ਗੁਆ ਕੇ ਉਸ ਦੀ ਬੇਜਾਨ ਸੂਰਤ ਨੂੰ ਆਪਣੀ ਸੰਸਾਰੀ ਹੋਂਦ ਦੇ ਕੇਂਦਰ ਵਿੱਚ ਟਿਕਾ ਲੈਂਦਾ ਹੈ ਅਤੇ ਉਸਦੇ ਫੈਲਾਉ ਦੀ ਰੋਗੀ ਲਗਾਤਾਰਤਾ ਵਿੱਚੋਂ ਸੁਆਦ ਲੈਣਾ ਸ਼ੁਰੂ ਕਰ ਦਿੰਦਾ ਹੈ। ਆਖ਼ਰ ਮੁੜ ਇੱਕ ਸਮਾਂ ਐਸਾ ਆਉਂਦਾ ਹੈ ਜਦੋਂ ਵਲੀ ਹਉਮੈ ਦੀ ਪਾਸ਼ਵੀ ਬਜਰਤਾ ਕਿਸੇ ਬਾਹਰਲੇ ਪਰ ਵਡੇਰੇ ਪੈਗੰਬਰੀ ਸਬਰ ਨਾਲ ਟਕਰਾਉਂਦੀ ਹੈ ਅਤੇ ਉਸਦੀ ਸ਼ਕਤੀ ਇਸ ਦੇ ਕੁੱਲ ਸੰਸਾਰੀ ਅੰਸ਼ਾਂ ਨੂੰ ਖੰਡ-ਖੰਡ ਕਰ ਦਿੰਦੀ ਹੈ।

ਤਦੋਂ ਵਡੇਰਾ ਪੈਗੰਬਰੀ ਸਬਰ ਆਪਣੇ ਇਸ ਗਜ਼ਬਨਾਕ ਅਮਲ ਨੂੰ ਪੂਰਾ ਕਰਨ ਪਿੱਛੋਂ ਇਲਾਹੀ ਕਰਮ ਵਿੱਚ ਤਬਦੀਲ ਹੋ ਜਾਂਦਾ ਹੈ; ਸਬਰ, ਗਜ਼ਬ ਅਤੇ ਕਰਮ ਇੱਕ ਸੂਰਤ ਬਣ ਜਾਂਦੇ ਹਨ ਅਤੇ ਵਲੀ ਹਉਮੈ ਨੂੰ ਮੁਰਸ਼ਦ ਪਨਾਹ ਵਿੱਚ ਲੈਂਦੇ ਹੋਏ ਉਸਦੀ ਅਸਲ ਮੰਜ਼ਲ ਦਰਸਾਉਂਦੇ ਹਨ (531-32)।

ਬਾਬਰੀ ਜਲਾਲ, ਵਲੀ ਹਉਮੈ ਅਤੇ ਖਾਲਸ ਕੁਦਰਤ ਦੇ ਸੰਕਲਪਾਂ ਨੂੰ ਉਪਰੋਕਤ ਦੇ ਸਬੰਧ ਵਿੱਚ ਜਾਚਣ ਉਪਰੰਤ ਏਹੋ ਵਿਚਾਰ ਸਾਹਮਣੇ ਆਉਂਦਾ ਹੈ ਕਿ ਕੋਈ ਵੀ ਗੁਰੂ ਆਪਣੇ ਰੂਹਾਨੀ ਸਫ਼ਰ ਦੇ ਅਮਲ ਅਨੁਸਾਰ ਕਿਸੇ ਮੁਗਲ ਬਾਦਸ਼ਾਹ ਦੇ ਵਿਰੁੱਧ ਨਹੀਂ ਸਗੋਂ ਹਰ ਗੁਰੂ ਇਹਨਾਂ ਮੁਗ਼ਲ ਬਾਦਸ਼ਾਹਾਂ ਨੂੰ ਇਹਨਾਂ ਦੀ ਵਲੀ ਹਉਮੈ ਦੇ ਸ਼ੁੱਧ ਰੂਪ ਦੇ ਵਧਦੇ ਘਟਦੇ ਅਨੁਪਾਤ ਅਨੁਸਾਰ ਹੀ ਇਹਨਾਂ ਨੂੰ ਸਹੀ ਹੁੰਗਾਰਾ ਦਿੰਦਾ ਹੈ। ਇਹ ਸਹੀ ਹੁੰਗਾਰਾ ਭਾਵੇਂ ਜੀਵਨ ਦੇ ਕਿਸੇ ਪ੍ਰਚੱਲਤ ਪ੍ਰਸੰਗ ਵਿੱਚ ਹੋਵੇ ਜਾਂ ਮੈਦਾਨੇ ਜੰਗ ਵਿੱਚ ਹੀ ਕਿਉਂ ਨਾ ਹੋਵੇ, ਪ੍ਰੰਤੂ ਹਰ ਗੁਰੂ ਇਹਨਾਂ ਵੱਖ-ਵੱਖ ਬਾਦਸ਼ਾਹਾਂ ਨਾਲ ਆਪਣੇ ਮਿਹਰਬਾਨ ਰੂਪ ਨੂੰ ਲਗਾਤਾਰ ਪਾਲ ਰਿਹਾ ਹੁੰਦਾ ਹੈ। ਗੁਰੂ ਦਾ ਮੁਗ਼ਲ ਬਾਦਸ਼ਾਹਾਂ ਪ੍ਰਤੀ ਮਿਹਰਬਾਨ ਰੂਪ ਹੀ ਉਹਨਾਂ ਦੀ ਗੁਰੂ ਵਡੱਤਣ ਨੂੰ ਮੂਲ ਰੂਪ ਵਿੱਚ ਜ਼ਾਹਰ ਕਰਦਾ ਹੈ। ਹਰਿੰਦਰ ਸਿੰਘ ਮਹਿਬੂਬ ਨੇ ਆਪਣੀ ਇਸ ਪੁਸਤਕ ''ਜ਼ਫ਼ਰਨਾਮਾ'' ਵਿੱਚ ਗੁਰੂ ਦੇ ਇਸ ਮਿਹਰਬਾਨ ਰੂਪ ਨੂੰ ਵਿਸ਼ੇਸ਼ ਤੌਰ 'ਤੇ ਦ੍ਰਿੜ੍ਹ ਕਰਵਾਇਆ ਹੈ, ਜਿਸ ਰਾਹੀਂ ਸਿੱਖ ਕੌਮ ਦੇ ਕਿਸੇ ਵੀ ਕੌਮ ਨਾਲ ਮੈਦਾਨੇ ਜੰਗ ਵਿੱਚ ਰੂ-ਬ-ਰੂ ਹੋਣ ਨਾਲ, ਉਸਦੇ ਦੁਸ਼ਮਣ ਪ੍ਰਤੀ ਸਹੀ ਰਵੱਈਏ ਨੂੰ ਧਾਰਨ ਕਰਨ ਪ੍ਰਤੀ ਚੇਤੰਨ ਕਰਵਾਉਂਦਾ ਹੈ। ਹਰਿੰਦਰ ਸਿੰਘ ਮਹਿਬੂਬ ਨੇ ਇਸ ਪੁਸਤਕ ''ਜ਼ਫਰਨਾਮਾ'' ਵਿੱਚ ਇਹਨਾਂ ਮੁਗਲ ਬਾਦਸ਼ਾਹਾਂ ਨੂੰ ਗੁਰੂ ਸਾਹਿਬਾਨ ਦੇ ਪ੍ਰਸੰਗ ਵਿੱਚ ਪੇਸ਼ ਕਰਦਿਆਂ ਜਿੱਥੇ ਹਰ ਬਾਦਸ਼ਾਹ ਦੀ ਸ਼ਖ਼ਸੀਅਤ ਨੂੰ ਲੌਕਿਕ/ਪਰਾਲੌਕਿਕ ਦ੍ਰਿਸ਼ਟੀਕੋਣ ਤੋਂ ਰੂਪਮਾਨ ਕੀਤਾ ਹੈ ਅਤੇ ਜਿੱਥੋਂ ਹਰ ਬਾਦਸ਼ਾਹ ਦੀ ਸਹੀ ਤੇ ਸ਼ੁੱਧ ਸ਼ਖ਼ਸੀਅਤ ਸਾਹਮਣੇ ਆ ਜਾਂਦੀ ਹੈ। ਇਸੇ ਸਬੰਧ ਵਿੱਚ ਹਰ ਗੁਰੂ ਦੀ ਵੱਖਰੀ ਪੈਗੰਬਰੀ ਸ਼ਖ਼ਸੀਅਤ ਦਾ ਵੀ ਸਹੀ ਅੰਦਾਜ਼ਾ ਲੱਗ ਜਾਂਦਾ ਹੈ ਭਾਵੇਂ ਕਿ ਹਰ ਗੁਰੂ ਦੇ ਵਿਲੱਖਣ ਪੈਗੰਬਰੀ ਰੂਪ ਨੂੰ ਗੁਰੂ ਨਾਨਕ ਸਾਹਿਬ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਸਿੱਖ ਕੌਮ ਦੀ ਸ਼ਖ਼ਸੀਅਤ ਦੇ ਸੁਹਿਰਦ ਅਤੇ ਮਿਹਰਬਾਨ ਰੂਪ ਇਸ ਪੁਸਤਕ ਦੇ ਅਧਿਐਨ ਨਾਲ ਪਹਿਲੀ ਵਾਰ ਸਾਹਮਣੇ ਆਉਂਦੇ ਹਨ ਜੋ ਕਿ ਹਾਲੀ ਤੱਕ ਸਿੱਖ ਖੇਤਰ ਵਿੱਚ ਅਛੋਹ ਹੀ ਰਹੇ ਹਨ। ਸੋ ਇਸ ਵਡਮੁੱਲੀ ਰਚਨਾ ਦਾ ਅਧਿਐਨ ਹਰ ਸਿੱਖ ਲਈ ਜ਼ਰੂਰੀ ਹੈ।

## ਬਿਪਰ-ਸੰਸਕਾਰ

## ਸਿੱਖ ਕੌਮ ਨੂੰ ਢਾਹ ਲਾਉਣ ਵਾਲੀਆਂ ਲੁਕਵੀਆਂ ਅਤੇ ਪਰਤੱਖ ਸਾਜ਼ਿਸ਼ੀ ਤਾਕਤਾਂ ਦੇ ਰੂਪ ਅਤੇ ਚਾਲਾਂ ਦਾ ਇਤਿਹਾਸਕ ਵੇਰਵਾ

''ਸਹਿਜੇ ਰਚਿਓ ਖ਼ਾਲਸਾ'' ਦੀ ਛੇਵੀਂ ਕਿਤਾਬ ''ਬਿਪਰ ਸੰਸਕਾਰ'' ਹਰਿੰਦਰ ਸਿੰਘ ਮਹਿਬੂਬ ਦੀ ਵਿਸ਼ਵ ਧਰਮਾਂ ਅਤੇ ਚਿੰਤਕਾਂ ਦੇ ਪ੍ਰਸੰਗ ਵਿੱਚ ਇੱਕ ਬਿਲਕੁਲ ਵਿਲੱਖਣ ਦ੍ਰਿਸ਼ਟੀਕੋਣ ਤੋਂ ਸਿਰਜੀ ਗਈ ਹੈ। ''ਸਹਿਜੇ ਰਚਿਓ ਖ਼ਾਲਸਾ'' 1988 ਈ: ਵਿੱਚ ਪ੍ਰਕਾਸ਼ਤ ਹੋਈ। ਇਸ ਪੁਸਤਕ ਦੀ ''ਬਿਪਰ ਸੰਸਕਾਰ'' ਵਾਲੀ ਛੇਵੀਂ ਕਿਤਾਬ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੇਵਲ ਪੰਜ ਬਾਣੀਆਂ :

ਜਾਪੁ ਸਾਹਿਬ<br>
ਅਕਾਲ ਉਸਤਤਿ (ਚੰਡੀ ਵਾਲੇ ਕਬਿੱਤਾਂ ਨੂੰ ਛੱਡ ਕੇ)<br>
ਸਵੈਯੇ ੩੩<br>
ਸ਼ਬਦ ਹਜ਼ਾਰੇ ਅਤੇ<br>
ਜ਼ਫਰਨਾਮਾ ਨੂੰ ਛੱਡ ਕੇ ਬਾਕੀ ਰਚਨਾਵਾਂ ਆਮ ਜਹੇ ਕਵੀਆਂ ਦੀਆਂ ਲਿਖਤਾਂ ਹਨ।

ਲੇਖਕ ਦੇ ਆਪਣੇ ਸ਼ਬਦਾਂ ਵਿੱਚ ਅਸੀਂ ਉਪਰੋਕਤ ਬਾਣੀਆਂ ਛੱਡਕੇ ਉਸਦੇ ਦ੍ਰਿਸ਼ਟੀਕੋਣ ਨੂੰ ਬਾਕੀ ਬਾਣੀਆਂ ਪ੍ਰਤੀ ਏਥੇ ਦੇਣਾ ਯੋਗ ਸਮਝਦੇ ਹਾਂ:

**ਹੁਕਮਨਾਮੇ, ਜਿਹਨਾਂ ਨੂੰ ਡਾ: ਗੰਡਾ ਸਿੰਘ ਨੇ ਅਤੇ ਸਮਸ਼ੇਰ ਸਿੰਘ ਅਸ਼ੋਕ ਨੇ ਇੱਕ ਕਿਤਾਬ ਵਿੱਚ ਇਕੱਠੇ ਕੀਤਾ ਹੈ, ਸਰਾਸਰ ਜਾਅਲੀ ਹਨ ਅਤੇ ਗੁਰੂ ਸਾਹਿਬਾਨ ਨਾਲ ਉਹਨਾਂ ਦਾ ਦੂਰ-ਨੇੜੇ ਦਾ ਵੀ ਰਿਸ਼ਤਾ ਨਹੀਂ। ਅਸੀਂ ''ਗਿਆਨ ਰਤਨਾਵਲੀ'' ਅਤੇ ''ਭਗਤ ਰਤਨਾਵਲੀ'' ਨੂੰ ਵੀ ਭਾਈ ਮਨੀ ਸਿੰਘ ਦੀਆਂ ਲਿਖਤਾਂ ਸਹੀ ਨਹੀਂ ਕਰਦੇ। (697)**

ਪ੍ਰੋ: ਪੂਰਨ ਸਿੰਘ ਨੇ ਵੀ ਹਰਿੰਦਰ ਸਿੰਘ ਮਹਿਬੂਬ ਤੋਂ ਪਹਿਲਾਂ ਵੀਹਵੀਂ ਸਦੀ ਦੇ ਮੁੱਢ ਵਿੱਚ ''ਦਸਮ ਗ੍ਰੰਥ'' ਦੀ ਰਚਨਾ ਨੂੰ ਸੰਸਕ੍ਰਿਤ ਤਰਜਮੇ ਆਖਿਆ ਹੈ ਜਿਸਨੂੰ ਕਿ ਉਹਨਾਂ ਅਨੁਸਾਰ ਸਿੱਖ ''ਦਸਮ ਗ੍ਰੰਥ'' ਆਖਦੇ ਹਨ। ਉਹਨਾਂ ਦੀ ਅੰਗਰੇਜ਼ੀ ਵਿੱਚ ਰਚੀ ਪੁਸਤਕ ''ਦੀ ਟੈੱਨ ਮਾਸਟਰਜ਼'' ਵਿੱਚ

ਸ੍ਰੀ ਗੁਰੂ ਗੋਬਿੰਦ ਸਿੰਘ ਵਾਲੇ ਅਧਿਆਇ ਵਿੱਚੋਂ ਇਸ ਦੀ ਪੁਸ਼ਟੀ ਕੀਤੀ ਜਾ ਸਕਦੀ ਹੈ। ਹਰਿੰਦਰ ਸਿੰਘ ਮਹਿਬੂਬ ਨੇ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਸਾਲਾ ਜਨਮ ਦਿਨ ਵੇਲੇ ਅੰਮ੍ਰਿਤ ਛਕਣ ਤੋਂ ਪਹਿਲਾਂ ਮੇਰੇ ਨਾਲ ਇਹ ਖਿਆਲ ਅਕਸਰ ਹੀ ਸਾਂਝੇ ਕੀਤੇ ਸਨ ਕਿ ''ਦਸਮ ਗ੍ਰੰਥ'' ਦੀ ਬਾਣੀ ਜੇਕਰ ਉਪਰੋਕਤ ਪੰਜ ਬਾਣੀਆਂ ਨੂੰ ਛੱਡ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ, ਤਾਂ ਇਸ ਅਤਿ ਅਸ਼ਲੀਲ ਅਤੇ ਸਾਧਾਰਨ ਅਨੁਭਵ ਰੱਖਣ ਵਾਲੀ ਕਵਿਤਾ ਨੂੰ ਮੈਂ ਮੁੱਢੋਂ ਨਕਾਰ ਕੇ ਹੀ ਅੰਮ੍ਰਿਤ ਛਕਣ ਦੀ ਸ਼ੁਭ ਰਸਮ ਨੂੰ ਧਾਰਨ ਕਰ ਸਕਦਾ ਹਾਂ। **ਜੇਕਰ ਇਹ ਕੱਚੀ ਬਾਣੀ ਮੁੱਢੋਂ ਹੀ ਗੁਰੂ ਜੀ ਦੀ ਹੀ ਹੋਵੇ, ਤਾਂ ਮੈਂ ਅੰਮ੍ਰਿਤ ਛਕ ਹੀ ਨਹੀਂ ਸਕਦਾ।** ਕਿਉਂਕਿ ਕੱਚੀ ਬਾਣੀ ਦੇ ਰਚਣ ਪਿੱਛੇ ਕੋਈ ਸਾਧਾਰਨ ਕਵੀ ਹਨ, ਨਾ ਕਿ ਗੁਰੂ ਗੋਬਿੰਦ ਸਿੰਘ ਜੀ।

ਹਰਿੰਦਰ ਸਿੰਘ ਮਹਿਬੂਬ ਨੇ ''ਦਸਮ ਗ੍ਰੰਥ'' ਵਿੱਚੋਂ ਸਭ ਤੋਂ ਪਹਿਲਾਂ ''ਬਚਿਤ੍ਰ ਨਾਟਕ'' ਸਬੰਧੀ ਹਵਾਲਿਆਂ ਸਹਿਤ ਇਹ ਸਿੱਧ ਕੀਤਾ ਹੈ ਕਿ ਇਹ ਇੱਕ ਸਾਧਾਰਨ ਦ੍ਰਿਸ਼ਟੀ ਵਾਲੇ ਦੇਵੀ-ਪੂਜ ਕਵੀ ਦੀ ਰਚਨਾ ਹੈ। ਸਫ਼ਾ 697 ਤੋਂ 749 ਤੱਕ ਹਰਿੰਦਰ ਸਿੰਘ ਮਹਿਬੂਬ ਨੇ ਅਤਿ ਵਿਸਥਾਰ ਵਿੱਚ ਅਧਿਆਤਮਕ ਦ੍ਰਿਸ਼ਟੀ ਅਤੇ ਤੱਥਾਂ ਦੇ ਹਵਾਲਿਆਂ ਰਾਹੀਂ ਇਹ ਸਪਸ਼ਟ ਕਰ ਵਿਖਾਇਆ ਹੈ ਕਿ ''ਬਚਿੱਤ੍ਰ ਨਾਟਕ'' ਦੀ ਰਚਨਾ ਕਿਸੇ ਆਮ ਕਵੀ ਦੇ ਸਾਧਾਰਨ ਅਨੁਭਵ ਦਾ ਨਤੀਜਾ ਹੈ, ਜਿਸਨੂੰ ਕਿ ਨਾ ਤਾਂ ਗੁਰੂਆਂ ਦੇ ਸਹੀ ਗੋਤ ਅਤੇ ਜੀਵਨ ਬਾਰੇ ਹੀ ਪਤਾ ਹੈ ਅਤੇ ਨਾ ਹੀ ਉਸਨੂੰ ਗੁਰੂ ਸਾਹਿਬਾਨ ਦੀ ਬਾਣੀ ਦੇ ਅਧਿਆਤਮਕ ਰਹੱਸ ਦੀ ਹੀ ਸਹੀ ਜਾਣਕਾਰੀ ਹੈ। ਏਥੋਂ ਤੱਕ ਕਿ ਉਸਨੂੰ ਗੁਰੂਆਂ ਤੋਂ ਪਹਿਲਾਂ ਦੇ ਧਰਮਾਂ ਦੀ ਵੀ ਸੂਖਮ ਜਾਣਕਾਰੀ ਨਹੀਂ, ਕੇਵਲ ਨਾਵਾਂ ਤੱਕ ਹੀ ਸੀਮਤ ਹੈ। ਇਸ ਪੁਸਤਕ ਦੇ 639 ਸਫ਼ੇ ਤੋਂ ਲੈ ਕੇ 789 ਸਫ਼ੇ ਤੱਕ ਦਾ ਜੇਕਰ ਪਾਠਕ ਅਤਿ ਸਹਿਜ ਨਾਲ ਅਧਿਐਨ ਕਰਨ ਦੀ ਸਮਰੱਥਾ ਰੱਖਦਾ ਹੈ ਤਾਂ ਉਸ ਦੇ ਮਨ ਵਿੱਚੋਂ ਸਹਿਜ ਸੁਭਾਵਿਕ ਹੀ ਇਹ ਸ਼ੰਕਾ ਦੂਰ ਹੋ ਜਾਵੇਗਾ ਕਿ ਇਹ ਰਚਨਾ ਕਿਸੇ ਤਰ੍ਹਾਂ ਨਾਲ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ ਹੋ ਸਕਦੀ। **ਲੇਖਕ ਨੇ ਜਦੋਂ ਇਹ ਪੁਸਤਕ 1988 ਈ: ਵਿੱਚ ਛਾਪੀ ਤਾਂ ਚੰਡੀਗੜ੍ਹ ਵਿਖੇ ਸ੍ਰੀ ਗੁਰਤੇਜ ਸਿੰਘ ਜੀ ਆਈ.ਏ.ਐਸ., ਸ. ਜਗਜੀਤ ਸਿੰਘ, ਸ. ਦਲਜੀਤ ਸਿੰਘ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਨੇ ਹਰਿੰਦਰ ਸਿੰਘ ਮਹਿਬੂਬ ਨੂੰ ਉਸ ਸਮੇਂ ਦਸ ਹਜ਼ਾਰ ਰੁਪਏ ਦੇ ਕੇ ਸਨਮਾਨਿਤ ਕੀਤਾ ਅਤੇ ਇਸ ਦੇ ਨਾਲ ਹੀ ਇਹ ਵਿਸ਼ੇਸ਼ ਮਾਣ ਵੀ ਦਿੱਤਾ ਕਿ ''ਬਿਪਰ ਸੰਸਕਾਰ'' ਵਾਲੀ ਛੇਵੀਂ ਕਿਤਾਬ ਵਿੱਚ ਉਸਨੇ ਦਸਮ ਗ੍ਰੰਥ ਦੀ ਕੱਚੀ ਰਚਨਾ ਨੂੰ ਮੁੱਢੋਂ ਹੀ ਯੋਗ ਦ੍ਰਿਸ਼ਟੀਕੋਣ ਅਤੇ ਹਵਾਲਿਆਂ ਰਾਹੀਂ ਨਕਾਰ ਦਿੱਤਾ ਹੈ ਜੋ ਕਿ ਸਿੱਖ ਕੌਮ ਲਈ ਅਤਿ ਸ਼ਲਾਘਾਯੋਗ ਕਾਰਜ ਹੈ।**

ਇਸ ਪੁਸਤਕ ਵਿੱਚ ਕੁੱਲ ਚਾਰ ਭਾਗ ਹਨ। ਲੇਖਕ ਨੇ ਪਹਿਲੇ ਭਾਗ ਵਿੱਚ ਹਿੰਦੂ ਧਰਮ ਗ੍ਰੰਥਾਂ ਦੇ ਅਤਿ ਦੀਰਘ ਅਧਿਐਨ ਰਾਹੀਂ ਹੀ ਦ੍ਰਿੜ੍ਹ ਕਰਵਾਇਆ ਹੈ ਕਿ ''ਬਿਪਰ ਸੰਸਕਾਰ'' ਦਾ ਸੂਖਮ ਅਤੇ ਬਾਹਰਮੁਖੀ ਤਰਕ ਕੀ ਹੈ ਅਤੇ ਇਹ ਕਿਵੇਂ ਵੱਖ-ਵੱਖ ਧਰਮਾਂ ਨੂੰ ਅੰਦਰੋਂ ਅਤੇ ਬਾਹਰੋਂ ਢਾਅ ਲਾ ਕੇ ਉਹਨਾਂ ਦੀ ਪਹਿਲ-ਤਾਜ਼ਗੀ ਤੋਂ ਧਰਮਾਂ ਨੂੰ ਨਿਖੇੜਕੇ ਨਿਰੋਲ ਮਨੁੱਖੀ ਮਨ ਦੀਆਂ ਲਘੂ ਅਤੇ ਖੰਡਤ ਸੋਚਾਂ ਦੇ ਅਧੀਨ ਕਰ ਦਿੰਦਾ ਹੈ। ਲੇਖਕ ਨੇ ਇਸ ਸਿਧਾਂਤ ਨੂੰ ਸਥਾਪਤ ਕਰਨ ਸਮੇਂ ਵਿਸ਼ਵ ਧਰਮਾਂ ਦੀ ਸੂਖਮ ਜਾਣਕਾਰੀ ਦੇ ਨਾਲ ਇੱਕ ਦੀਰਘ ਆਵੇਸ਼ ਦਾ ਵੀ ਪ੍ਰਮਾਣ ਪੇਸ਼ ਕੀਤਾ ਹੈ ਜਿੱਥੋਂ ਲੇਖਕ ਦਾ ਹਰ ਹਵਾਲਾ ਅਤੇ ਦ੍ਰਿਸ਼ਟਾਂਤ ਮੰਨਣਯੋਗ ਬਣਦਾ ਹੈ। ਇਸ ਪੁਸਤਕ ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਪਹਿਲੀ ਵਾਰ ਇਹ ਸਪਸ਼ਟ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਰਾਮ, ਕ੍ਰਿਸ਼ਨ, ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਆਦਿ ਦਾ ਜ਼ਿਕਰ ਗੁਰੂ ਸਾਹਿਬਾਨ ਦੀ ਉਚੀ ਸੁਰਤਿ ਦੇ ਪ੍ਰਸੰਗ ਵਿੱਚ ਕਿਸ ਸਥਾਨ 'ਤੇ ਆਇਆ ਹੈ। ਉਸਨੇ ''ਪਹਿਲੇ ਦਰਜੇ ਦੀ ਸ੍ਰਿਸ਼ਟੀ'' ਅਤੇ ''ਦੂਜੇ ਦਰਜੇ ਦੀ ਸ੍ਰਿਸ਼ਟੀ'' ਦੇ ਸਿਰਲੇਖ ਥੱਲੇ ਇਹ ਨਿਰੀਖਣ ਕੀਤਾ ਹੈ ਕਿ ਪੂਰੇ ਗੁਰੂ ਦਾ ਅਕਾਲ ਪੁਰਖ ਦੇ ਰੂਹਾਨੀ ਵਿਧਾਨ ਵਿੱਚ ਕੀ ਸਥਾਨ ਹੈ ਅਤੇ ''ਦੂਜੇ ਦਰਜੇ ਦੀ ਸ੍ਰਿਸ਼ਟੀ'' ਵਿੱਚ ਅਕਾਲ ਪੁਰਖ ਦੇ ਦੈਵੀ ਨਿਯਮ ਪ੍ਰਬੰਧ ਵਿੱਚ ਸ਼ਾਮਿਲ ਗੌਣ ਅਵਤਾਰਾਂ ਦੀ ਅਧਿਆਤਮਕ ਦ੍ਰਿਸ਼ਟੀ ਤੋਂ ਤਸੱਲੀਬਖ਼ਸ਼ ਢੰਗ ਨਾਲ ਵਿਆਖਿਆ ਕੀਤੀ ਹੈ। ਖੁਸ਼ੀ ਦੀ ਗੱਲ ਇਹ ਹੈ ਕਿ ਇਸ ਪੁਸਤਕ ਦੇ ਅਧਿਐਨ ਨਾਲ ਇਹਨਾਂ ਉਪਰੋਕਤ ਵਿਚਾਰਾਂ ਨਾਲ ਪਾਠਕ ਹਰ ਪੱਖ ਤੋਂ ਸਹਿਮਤ ਹੋਣੋਂ ਨਹੀਂ ਬਚ ਸਕਦਾ, ਲੇਖਕ ਦੇ ਆਪਣੇ ਸ਼ਬਦਾਂ ਵਿੱਚ:

ਦੂਜੇ ਦਰਜੇ ਦੀ ਸ੍ਰਿਸ਼ਟੀ ਦਾ ਪ੍ਰਧਾਨ ਕਾਰਜ ਬਿਪਰ ਸੰਸਕਾਰ ਤੋਂ ਪ੍ਰੇਰਨਾ ਲੈਂਦਾ ਹੈ। ਖ਼ਾਲਸਾ ਦ੍ਰਿਸ਼ਟੀ ਅਨੁਸਾਰ ਦੂਜੇ ਦਰਜੇ ਦੀ ਦ੍ਰਿਸ਼ਟੀ ਵਿੱਚ ਵਿਸ਼ਨੂ ਦੇ ਦਸ ਅਵਤਾਰਾਂ ਅਤੇ ਪੌਰਾਣਿਕ ਜਗਤ ਦੇ ਹੋਰ ਮਹਾਨ ਨਾਇਕਾਂ ਦੇ ਬਹੁਤ ਸਾਰੇ ਕਾਰਨਾਮੇ, ਸਿਮ੍ਰਤੀਆਂ, ਸ਼ਾਸਤਰਾਂ ਅਤੇ ਵੇਦਾਂ ਵਰਗੇ ਧਰਮ-ਗ੍ਰੰਥਾਂ ਦੇ ਕੁਝ ਪੱਖ, ਅਧਿਆਤਮਕ ਸੱਚ ਦਾ ਬਦਲ ਬਣਦੇ ਸਰੀਰਕ ਅਤੇ

ਮਾਨਸਿਕ ਚਮਤਕਾਰ, ਅਚੰਭਿਤ ਕਰ ਦੇਣ ਵਾਲੇ ਕਰਮਕਾਂਡੀ ਵਹਿਮ, ਜ਼ਮੀਰ ਦੇ ਮਾਦੀ ਅਨਸਰਾਂ ਦੀ ਕੈਦ ਵਿੱਚ ਬੰਨ੍ਹੇ ਵੱਡੇ-ਵੱਡੇ ਫ਼ਲਸਫ਼ੇ ਅਤੇ ਛੋਟੇ ਕਾਲ-ਦ੍ਰਿਸ਼ਾਂ ਨਾਲ ਸਦੀਵੀ ਸੱਚਾਂ ਨੂੰ ਮਾਪਦੀ ਹਉਮੇ ਦੇ ਵੱਡੇ-ਵੱਡੇ ਅੰਬਾਰਾਂ ਦੀ ਭੀੜ ਹੈ।

ਸ੍ਰੀ ਰਾਮ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਦੈਵੀ ਸੁਹਜ ਦੇ ਅਲੰਕਾਰਾਂ ਅਤੇ ਦ੍ਰਿਸ਼ਟਾਂਤਾਂ ਨਾਲ ਅਭੇਦ ਹੋ ਕੇ ਪਹਿਲੇ ਦਰਜੇ ਦੀ ਸ੍ਰਿਸ਼ਟੀ ਦਾ ਅੰਗ ਬਣੇ ਹਨ ਪਰ ਬਿਪਰ ਸੰਸਕਾਰ ਨੇ ਉਹਨਾਂ ਦੇ ਆਪੇ ਵਿੱਚ ਕੁਝ ਕਮਜ਼ੋਰੀਆਂ ਦੀ ਮਿਲਾਵਟ ਕਰਕੇ ਉਹਨਾਂ ਨੂੰ ਦੂਜੇ ਦਰਜੇ ਦੀ ਸ੍ਰਿਸ਼ਟੀ ਵੱਲ ਧੱਕ ਦਿੱਤਾ ਹੈ। (671)

ਹਰਿੰਦਰ ਸਿੰਘ ਮਹਿਬੂਬ ਨੇ 'ਦਸਮ ਗ੍ਰੰਥ' ਦੀਆਂ ਹੋਰ ਰਚਨਾਵਾਂ ਜਿਵੇਂ ਕਿ

1. ਚੰਡੀ ਚਰਿੱਤਰ ਉਕਤ ਬਿਲਾਸ
2. ਦੂਸਰਾ ਚੰਡੀ ਚਰਿੱਤਰ
3. ਦੁਰਗਾ ਦੀ ਵਾਰ
4. ਗਿਆਨ ਪ੍ਰਬੋਧ (ਲੇਖਕ ਸ਼ੱਕੀ)
5. ਚੌਬੀਸ ਅਵਤਾਰ ਅਤੇ ਹੋਰ ਅਵਤਾਰ (ਬ੍ਰਹਮਾ ਅਵਤਾਰ, ਰੁਦਰ ਅਵਤਾਰ, ਪਾਰਸ ਨਾਥ ਆਦਿ)
6. ਸ਼ਸਤਰਨਾਮ ਮਾਲਾ
7. ਚਰਿਤਰੋ ਪਖਿਆਨ
8. ਜ਼ਫਰਨਾਮਾ ਤੋਂ ਵਾਧੂ ਫਾਰਸੀ ਹਕਾਇਤ
9. ਅਕਾਲ ਉਸਤਤਿ ਦਾ ਦੈਵੀ-ਸਰੋਤ ਭਾਗ

ਆਦਿ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖਤਾਂ ਇਸ ਲਈ ਨਹੀਂ ਮੰਨਿਆ ਕਿਉਂਕਿ ਇਹਨਾਂ ਦੇ ਕਿਸੇ ਵੀ ਅਨੁਭਵੀ ਸ੍ਰੋਤ ਵਿੱਚ ਗੁਰੂ ਸੁਰਤਿ ਦੀ ਇਲਾਹੀ ਜ਼ੀਨਤ ਨਹੀਂ। ਇਹ ਵਿਚਾਰ ਲੇਖਕ ਨੇ ਅਜਿਹੇ ਸੂਖਮ ਵਿਸ਼ਲੇਸ਼ਣ ਰਾਹੀਂ ਦ੍ਰਿੜ੍ਹ ਕਰਵਾਏ ਹਨ ਕਿ 1988 ਤੋਂ ਪਿੱਛੋਂ ਜਿੰਨੇ ਵੀ ਵਿਦਵਾਨਾਂ ਨੇ ਦਸਮ ਗ੍ਰੰਥ ਦੀ ਰਚਨਾ ਨੂੰ ਗੁਰੂ-ਕ੍ਰਿਤ ਪ੍ਰਵਾਨ ਨਹੀਂ ਕੀਤਾ, ਉਹਨਾਂ ਸਭਨਾਂ ਨੇ ਸਿੱਧਾ ਪ੍ਰਭਾਵ ਅਤੇ ਦ੍ਰਿਸ਼ਟੀਕੋਣ ਏਥੋਂ ਹੀ ਅਪਣਾਇਆ ਹੈ।

ਅਖੀਰ 'ਤੇ ਪਾਠਕ ਨੂੰ ਨਿਮਰ ਬੇਨਤੀ ਹੈ ਕਿ ਇਸ ਪੁਸਤਕ ਦਾ ਅਧਿਐਨ ਹਰ ਸਿੱਖ ਦੇ ਨਾਲ ਬਾਕੀ ਧਰਮਾਂ ਦੇ ਪਾਠਕਾਂ ਤੇ ਸ਼ਰਧਾਲੂਆਂ ਲਈ ਵੀ ਓਨਾਂ ਹੀ ਇਸ ਲਈ ਜ਼ਰੂਰੀ ਹੈ ਕਿਉਂਕਿ ਹਰ ਧਰਮ ਨੂੰ ਹੀ ਬਿਪਰ ਸੰਸਕਾਰ ਨੇ ਅੰਦਰੋਂ-ਬਾਹਰੋਂ ਢਾਹ ਲਾਈ ਹੈ। ਪ੍ਰੰਤੂ ਲੇਖਕ ਅਨੁਸਾਰ ਹਿੰਦੂ ਧਰਮ ਬਿਪਰ ਸੰਸਕਾਰ ਦੀ ਗ੍ਰਿਫ਼ਤ ਵਿੱਚੋਂ ਪੂਰੀ ਤਰ੍ਹਾਂ ਕਦੀ ਵੀ ਸੁਤੰਤਰ ਨਹੀਂ ਹੋ ਸਕਿਆ।

## ਸਹਿਜੇ ਰਚਿਓ ਖ਼ਾਲਸਾ
## (ਮਜ਼੍ਹਬਾਂ ਦਾ ਸਫ਼ਰ)

(ਮਜ਼੍ਹਬਾਂ ਦੇ ਪੂਰਨਤਾ ਤਾਂਘਦੇ ਖਿਆਲ ਦੇ ਚੜ੍ਹਦੇ-ਛਿਪਦੇ ਪੈਂਡਿਆਂ ਪਿੱਛੋਂ ਖ਼ਾਲਸਾ ਪੰਥ ਦਾ ਪੂਰਨ ਦ੍ਰਿਸ਼)

ਲੇਖਕ ਨੇ ਜਿਵੇਂ ਆਪਣੇ ਸੱਤ ਕਾਵਿ-ਪੁਸਤਕਾਂ ਦੇ ਸੰਗ੍ਰਿਹ ''ਝਨਾਂ ਦੀ ਰਾਤ'' ਵਿਚਲੀ ਪੰਜਵੀਂ ਕਾਵਿ-ਪੁਸਤਕ ''ਝਨਾਂ ਦੀ ਰਾਤ'' ਦੇ ਸਿਰਲੇਖ ਨੂੰ ਹੀ ਸਮੁੱਚੀ ਪੁਸਤਕ ਦਾ ਨਾਂ ਦੇ ਰੱਖਿਆ ਹੈ, ਏਸੇ ਤਰ੍ਹਾਂ ''ਸਹਿਜੇ ਰਚਿਓ ਖ਼ਾਲਸਾ'' ਕਰਮਵਾਰ ਅੱਠ ਪੁਸਤਕਾਂ ਦਾ ਇੱਕ ਸੰਗ੍ਰਿਹ ਹੈ। ਪ੍ਰੰਤੂ ਇਸ ਸੰਗ੍ਰਹਿ ਨੂੰ ਲੇਖਕ ਨੇ ਸੱਤਵੀਂ ਪੁਸਤਕ ''ਸਹਿਜੇ ਰਚਿਓ ਖ਼ਾਲਸਾ'' ਦਾ ਨਾਂ ਹੀ ਦਿੱਤਾ ਹੈ। ਉਪਰੋਕਤ ਦੋਵਾਂ ਪੁਸਤਕਾਂ ਦੇ ਸਬੰਧ ਵਿੱਚ ''ਝਨਾਂ ਦੀ ਰਾਤ'' ਅਤੇ ''ਸਹਿਜੇ ਰਚਿਓ ਖ਼ਾਲਸਾ'' ਦੇ ਵਿਸ਼ੇਸ਼ ਸਿਰਲੇਖ ਥੱਲੇ ਛਾਪੀਆਂ ਇਹਨਾਂ ''ਝਨਾਂ ਦੀ ਰਾਤ'' ਕਾਵਿ ਪੁਸਤਕ ਦੀ ਪੰਜਵੀਂ ਅਤੇ ''ਸਹਿਜੇ ਰਚਿਓ ਖਾਲਸਾ'' ਦੀ ਸੱਤਵੀਂ ਪੁਸਤਕ ਦਾ ਆਪਣੇ-ਆਪਣੇ ਪ੍ਰਸੰਗ ਵਿੱਚ ਵਿਸ਼ੇਸ਼ ਸਥਾਨ ਬਣਦਾ ਹੈ।

''ਸਹਿਜੇ ਰਚਿਓ ਖ਼ਾਲਸਾ'' ਦੀ ਸੱਤਵੀਂ ਪੁਸਤਕ ਜੋ ਕਿ ਵਾਰਤਕ ਵਿੱਚ ਰਚੀ ਗਈ ਇਸ ਸਮੁੱਚੀ ਪੁਸਤਕ ਦਾ ਇੱਕ ਵਿਸ਼ੇਸ਼ ਹਿੱਸਾ ਹੈ, ਵਿਸ਼ਵ ਧਰਮਾਂ, ਵਿਸ਼ਵ ਸਾਹਿਤ, ਵਿਸ਼ਵ ਦਰਸ਼ਨ, ਵਿਸ਼ਵ ਮਨੋਵਿਗਿਆਨ, ਵਿਸ਼ਵ ਮਿਥਿਹਾਸ, ਵਿਸ਼ਵ ਇਤਿਹਾਸ, ਵਿਸ਼ਵ ਲੋਕ-ਯਾਨ ਅਤੇ ਵਿਸ਼ਵ ਭੂਗੋਲ ਦੀ ਅਧਿਆਤਮਕ ਸੂਝ ਰੱਖਣ ਵਾਲੀ ਵਿਸ਼ਵ-ਧਰਮਾਂ ਦੇ ਅੱਜ ਤੱਕ ਦੇ ਇਤਿਹਾਸ ਵਿੱਚ ਇੱਕ ਵਿਸ਼ੇਸ਼ ਕਿਸਮ ਦਾ ਬੁਲੰਦ ਤੇ ਉੱਚਤਮ ਰੁਤਬਾ ਰੱਖਣ ਵਾਲੀ ਬੇਮਿਸਾਲ ਰਚਨਾ ਹੈ। ਇਸ ਪੁਸਤਕ ਦੀ ਅਧਿਆਤਮਕ ਦ੍ਰਿਸ਼ਟੀ ਦੇ ਸੂਖਮ ਰਹੱਸ ਦੀ ਪਹਿਚਾਣ ਨੂੰ ਮੁੱਖ ਰੱਖਦਿਆਂ ਇਸ ਦਾ ਮੁਕਾਬਲਾ ਵਿਸ਼ਵ-ਧਰਮਾਂ ਵਿੱਚ ਅਸ਼ਵਘੋਸ਼ ਦੀ ਬੁੱਧ ਧਰਮ 'ਤੇ ਰਚੀ ਪੁਸਤਕ ''ਦੀ ਅਵੇਕਨਿੰਗ ਆਫ ਫੇਥ'', ਫਰਿਥ ਜਾਫ ਸ਼ੂਨ ਦੀਆਂ ਪੁਸਤਕਾਂ ''ਦੀ ਟਰਾਂਸੈਂਡੈਂਟ ਯੂਨਿਟੀ ਆਫ ਰਿਲੀਜਨਜ਼'', ''ਦੀ ਫੁਲਨੈਸ ਆਫ ਗੌਡ'', ''ਅੰਡਰਸਟੈਂਡਿੰਗ ਇਸਲਾਮ'' ਅਤੇ ''ਦੀ ਟਰੱਈਅਰਜ਼ ਆਫ ਬੁੱਧਇਜ਼ਮ''

ਅਤੇ ਮਾਰਟਨ ਲਿੰਗਜ਼ ਦੀਆਂ ਸਮੁੱਚੀਆਂ ਪੁਸਤਕਾਂ ਨੂੰ ਧਿਆਨ ਵਿੱਚ ਰੱਖਕੇ ਹੀ ਸਹੀ ਰੂਪ ਵਿੱਚ ਕੀਤਾ ਜਾ ਸਕਦਾ ਹੈ। ਲੇਖਕ ਨੇ ਇਸ 243 (790-1032) ਸਫ਼ੇ ਦੀ ਪੁਸਤਕ ਨੂੰ ਕੁੱਲ ਤੇਰਾਂ ਹਿੱਸਿਆਂ ਵਿੱਚ ਵੰਡਿਆ ਹੈ। ਇਸ ਪੁਸਤਕ ਦੇ ਪਹਿਲੇ ਹਿੱਸੇ ਵਿੱਚ ਲੇਖਕ ਨੇ ਸਮੁੱਚੀ ਪੁਸਤਕ ਦੀ ਭੂਮਿਕਾ ਵਜੋਂ ਸੰਕੇਤਕ ਰੂਪ ਵਿੱਚ ਜਾਣਕਾਰੀ ਦਿੱਤੀ ਹੈ। ਇਸ ਭੂਮਿਕਾ ਵਿੱਚ ਉਸਨੇ ਸਵੈ-ਸਿਰਜੇ ਸੰਕਲਪਾਂ ਜਿਵੇਂ ਕਿ ਖ਼ਾਲਸ ਕੁਦਰਤ, ਅਕਾਲ ਫ਼ਤਹ ਅਤੇ ਬੁੱਤ ਪ੍ਰਸਤੀ ਦੀ ਅਧਿਆਤਮਕ ਦ੍ਰਿਸ਼ਟੀ ਤੋਂ ਪਹਿਚਾਣ ਕਰਵਾਈ ਹੈ। ਇਸੇ ਭੂਮਿਕਾ ਵਿੱਚ ਲੇਖਕ ਨੇ ਇੱਕ ਵਿਸ਼ੇਸ਼ ਸੁਆਲ ਵੰਗਾਰ ਦੇ ਤੌਰ 'ਤੇ ਸਾਡੇ ਸਾਹਮਣੇ ਖੜ੍ਹਾ ਕੀਤਾ ਹੈ ਕਿ "ਹਿੰਦੂ ਧਰਮ ਨੂੰ ਛੱਡ ਕੇ ਹੋਰ ਸਭ ਵੱਡੇ ਧਰਮਾਂ (World Religions) ਦਾ ਉਦੈ ਇੱਕ ਵਿਸ਼ੇਸ਼ ਦੈਵੀ ਪ੍ਰਕਾਸ਼ (Revelation) ਨਾਲ ਹੋਇਆ। ਦੂਜੇ ਲਫ਼ਜ਼ਾਂ ਵਿੱਚ ਇਤਿਹਾਸ ਦੇ ਵਿਸ਼ਾਲ ਕਾਲ-ਵਹਿਣ ਵਿੱਚ ਉਹਨਾਂ ਨੇ ਦੈਵੀ ਪ੍ਰਕਾਸ਼ ਦਾ ਇੱਕ ਆਰੰਭ ਬਿੰਦੂ ਬਣਾਇਆ। ਵੱਡੇ ਧਰਮਾਂ ਦੀ ਸਪਸ਼ਟ ਹੋਂਦ ਦੇ ਦ੍ਰਿਸ਼ਟਮਾਨ ਹੋਣ ਦਾ ਕੋਈ ਪੈਗੰਬਰੀ ਸਾਲ ਜ਼ਰੂਰ ਹੈ। ਮੂਸਾ, ਬੁੱਧ, ਈਸਾ ਅਤੇ ਮੁਹੰਮਦ ਦੇ ਧਰਮਾਂ ਦਾ ਮੁੱਢਲਾ ਸੋਮਾ, ਜੋ ਕਿ ਦ੍ਰਿਸ਼ਟਮਾਨ ਕਾਲ ਜਾਂ ਇਤਿਹਾਸਕ ਪ੍ਰਸਥਿਤੀਆਂ ਵਿੱਚ ਕਾਇਮ ਹੋਇਆ, ਇੱਕ ਵਿਸ਼ੇਸ਼ ਦੈਵੀ ਪ੍ਰਕਾਸ਼ ਨਾਲ ਸਬੰਧਤ ਹੈ। ਇਹ ਦੈਵੀ ਪ੍ਰਕਾਸ਼ ਆਪਣੇ ਜਨਮ ਦੇ ਸਾਲ ਵਿੱਚ ਦਸਤੂਰੇ ਜ਼ਿੰਦਗੀ ਦੇ ਅਨੇਕ ਪਹਿਲੂਆਂ ਨੂੰ ਆਪਣੀ ਤਰਜ਼ ਵਿੱਚ ਢਾਲਦਾ ਹੈ, ਨੈਤਿਕਤਾ ਦੇ ਜਿਸਮ ਵਿੱਚ ਆਪਣਾ ਜਿਸਮ ਅਭੇਦ ਕਰਦਾ ਹੈ ਅਤੇ ਇਖਲਾਕ ਦੇ ਅਸੂਲਾਂ ਵਿੱਚ ਆਪਣੀ ਨਾਜ਼ਕ ਬਿਆਨੀ ਦਾ ਭੇਦ ਭਰਦਾ ਹੈ। ਗੱਲ ਕੀ, ਜ਼ਿੰਦਗੀ ਦੇ ਅੰਦਰੂਨੀ ਅਤੇ ਬਾਹਰਮੁਖੀ ਅਮਲ ਨੂੰ ਇੱਕ ਦ੍ਰਿੜ੍ਹ ਰੂਪ (Form) ਦਿੰਦਾ ਹੈ ਜਿਸਨੂੰ ਧਰਮ ਜਾਂ ਮਜ਼੍ਹਬ ਆਖਦੇ ਹਨ।" (791)

ਵਿਸ਼ਵ-ਧਰਮਾਂ ਜਿਵੇਂ ਕਿ ਚੀਨ (ਲਤੀਫ ਖਿਆਲ), ਯੂਨਾਨ (ਸੁਕਰਾਤ, ਅਫਲਾਤੂਨ, ਯੂਨਾਨ ਰੋਮ) ਦੀ ਮਿੱਥ, ਰੋਮ ਦਾ ਦੇਵਤਾਵਾਦ, ਯਹੂਦੀ ਧਰਮ (ਪੁਰਾਣੀ ਬਾਈਬਲ), ਈਸਾਈ ਧਰਮ (ਨਵੀਂ ਬਾਈਬਲ), ਇਸਲਾਮ, ਹਿੰਦੂ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ਦੇ ਇਲਹਾਮ-ਸਰੋਤ ਦਾ ਨਿਰੀਖਣ ਕਰਦਿਆਂ, ਇਹ ਸਪਸ਼ਟ ਕੀਤਾ ਹੈ ਕਿ ਦੁਨੀਆਂ ਦੇ ਕਿਹੜੇ-ਕਿਹੜੇ ਧਰਮ ਦੈਵੀ ਇਲਹਾਮ ਨੂੰ ਜ਼ਿੰਦਗੀ ਦੀ ਸਰਬ ਪੱਖੀ ਨੁਹਾਰ ਨਾਲ ਜੋੜ ਕੇ ਇਸਨੂੰ ਉਸ ਧਰਮ ਵਿੱਚੋਂ ਇਤਿਹਾਸਕ ਤੌਰ 'ਤੇ ਪ੍ਰਗਟ ਕਰਨ ਵਿੱਚ ਸਫ਼ਲ ਹੋਏ ਹਨ। ਲੇਖਕ ਨੇ ਗੁਰੂ ਅਮਲ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਦੀ ਸਿਰਜਣਾ ਦੇ ਪੱਖ ਤੋਂ ਦੁਨੀਆਂ ਦੇ ਧਰਮਾਂ ਵਿੱਚ ਸਿੱਖ ਧਰਮ ਨੂੰ ਸਭ ਤੋਂ ਸੰਪੂਰਨ ਧਰਮ ਸਿੱਧ ਕਰਨ ਦਾ ਸਫਲ ਯਤਨ ਕੀਤਾ ਹੈ:

(ੲ) ਸਿੱਖ ਧਰਮ, ਜਿਹੜਾ ਕਿ ਆਪਣੇ ਮੁਕੰਮਲ ਰੂਹਾਨੀ ਜਲਾਲ ਵਿੱਚ ਖ਼ਾਲਸਾ ਦੇ ਤੌਰ 'ਤੇ ਮਸ਼ਹੂਰ ਹੈ, ਦੁਨੀਆ ਦਾ ਸ਼੍ਰੋਮਣੀ ਧਰਮ ਹੈ। ਕਿਉਂਕਿ:

**1**. ਸਿੱਖ ਧਰਮ ਨੂੰ ਪੈਗੰਬਰ, ਦੈਵੀ ਪ੍ਰਕਾਸ਼ (Revelation), ਨੈਤਿਕ ਸੰਕਲਪਾਂ ਅਤੇ ਸਮਕਾਲੀ ਜ਼ਿੰਦਗੀ ਵਿਚਕਾਰ ਸਿਰਜਣਾਤਮਕ ਤਾਲ ਪੈਦਾ ਕਰਨ ਵਿੱਚ ਜਿਹੜੀ ਕਾਮਯਾਬੀ ਮਿਲੀ, ਉਹ ਇਸ ਤੋਂ ਪਹਿਲਾਂ ਦੁਨੀਆ ਦੇ ਕਿਸੇ ਹੋਰ ਧਰਮ ਦੇ ਹਿੱਸੇ ਵਿੱਚ ਨਹੀਂ ਆਈ ਸੀ। ਇਹ ਕਾਮਯਾਬੀ ਸਿੱਖ ਧਰਮ ਨੂੰ ਇਸ ਲਈ ਮਿਲੀ, ਕਿਉਂਕਿ ਇਸ ਦੀ ਉੱਚੀ ਸੁਰਤਿ ਨੇ ਮਕਾਨਕੀ ਵਿਧੀ ਜਾਂ ਤੱਥ ਪੂਜ ਵਤੀਰਾ ਅਪਨਾਉਣ ਦੀ ਥਾਂ ਹਮੇਸ਼ਾ ਹੀ ਦੈਵੀ ਅਨੁਭਵ (ਜਾਂ ਹੋਂਦ) ਨਾਲ ਆਪਣਾ ਸਿੱਧਾ ਰਿਸ਼ਤਾ ਰੱਖਿਆ। ਇਸ ਰਿਸ਼ਤੇ ਵਿੱਚ ਐਨੀ ਸ਼ਿੱਦਤ ਸੀ ਪਈ ਇਸ ਨੇ ਧਰਮ ਦੀ ਦੈਵੀ ਸਮੱਗਰੀ ਦੇ ਇੱਕ ਵੀ ਛਿਣ ਤੇ ਇੱਕ ਵੀ ਜੁਜ਼ ਵਿੱਚ ਸੁਆਰਥੀ ਸੋਚਣੀ ਨੂੰ ਵਿਘਨਕਾਰੀ ਨਾ ਹੋਣ ਦਿੱਤਾ।

**੨**. ਕਿਸੇ ਹੋਰ ਧਰਮ ਕੋਲ ਗੁਰੂ ਗ੍ਰੰਥ ਸਾਹਿਬ ਜੇਡੀ ਮਹਾਨ ਮਜ਼੍ਹਬੀ ਕਿਤਾਬ ਨਹੀਂ। ਸਾਹਿਤ ਦੀ ਨੋਬਲ ਇਨਾਮ ਵਿਜੇਤਾ ਪਰਲ ਐਸ ਬੱਕ ਨੇ ਬਿਲਕੁਲ ਠੀਕ ਫਰਮਾਇਆ ਹੈ "ਮੈਂ ਹੋਰਨਾਂ ਮਹਾਨ ਧਰਮਾਂ ਦੇ ਧਰਮ-ਗ੍ਰੰਥਾਂ ਦਾ ਅਧਿਐਨ ਕੀਤਾ ਹੈ ਪਰ ਮੈਨੂੰ ਹੋਰ ਕਿਤੇ ਵੀ ਦਿਲ ਅਤੇ ਮਨ ਨੂੰ ਮੋਹ ਲੈਣ ਵਾਲੀ ਉਹ ਸ਼ਕਤੀ ਨਹੀਂ ਮਿਲੀ, ਜਿੰਨੀ ਕਿ ਇਹਨਾਂ ਪੁਸਤਕਾਂ (volumes) ਵਿੱਚ ਮਿਲੀ ਹੈ। ਇਹ ਆਪਣੀ ਲੰਬਾਈ ਦੇ ਬਾਵਜੂਦ ਸੰਯੁਕਤ ਹਨ, ਅਤੇ ਮਾਨਵ ਹਿਰਦੇ ਦੀ ਵਿਸ਼ਾਲ ਪਹੁੰਚ (ਦੂਰ ਰਸ ਅਨੁਭਵ) ਦਾ ਦੈਵੀ ਪ੍ਰਕਾਸ਼ ਹਨ।" ਵਿਸ਼ਵ ਦੇ ਸ਼੍ਰੋਮਣੀ ਇਤਿਹਾਸਕਾਰ ਆਰਨਡਲ ਟਾਇਨਬੀ ਨੇ ਸੰਸਾਰ ਧਰਮ-ਗ੍ਰੰਥਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਇਹਨਾਂ ਲਫ਼ਜ਼ਾਂ ਵਿੱਚ ਸਵੀਕਾਰ ਕੀਤਾ ਹੈ:
(ਕੌਮਾਂ ਦੀ) ਆਉਣ ਵਾਲੀ ਇਸ ਧਾਰਮਕ ਬਹਿਸ ਵਿਚ ਸਿੱਖ ਮਜ਼੍ਹਬ ਅਤੇ ਇਸ ਦੀ ਮਜ਼੍ਹਬੀ ਕਿਤਾਬ (ਆਦਿ ਗ੍ਰੰਥ) ਕੋਲ ਜ਼ਰੂਰ ਹੀ ਬਾਕੀ ਦੁਨੀਆਂ ਨੂੰ ਦੇਣ ਲਈ ਕੋਈ ਖਾਸ ਪੈਗਾਮ ਹੋਵੇਗਾ।"(1027-28)

ਅਖੀਰ ਤੇ ਪਾਠਕ ਨੂੰ ਬੇਨਤੀ ਹੈ ਕਿ ਇਸ ਪੁਸਤਕ ਦਾ ਅਧਿਐਨ ਵਿਸ਼ਵ-ਧਰਮਾਂ ਦੀ ਸਹੀ ਜਾਣਕਾਰੀ ਦੇਣ ਦੇ ਨਾਲ ਪਾਠਕ ਨੂੰ ਅਨੁਭਵ ਅਤੇ ਇਲਹਾਮ ਦੇ ਅਛੋਹ ਅਤੇ ਅਣਕਹੇ ਸੋਮਿਆਂ ਦੀ ਵਿਲੱਖਣ ਜਾਣਕਾਰੀ ਵੀ ਦੇਵੇਗਾ। ਏਥੇ ਸੰਕੇਤ ਮਾਤਰ ਹੀ ਦਿੱਤਾ ਹੈ।

## ''ਸਹਿਜੇ ਰਚਿਓ ਖਾਲਸਾ'' ਦੀ ਅੱਠਵੀਂ ਪੁਸਤਕ ''ਸ਼ਮਸ਼ੀਰਾਂ ਦਾ ਵਜਦ''

(ਖ਼ਾਲਸਾ ਪੰਥ ਦੀ ਪਰਖ ਦੀ ਘੜੀ ਦੇ ਕੁੱਝ ਇਤਿਹਾਸਕ ਵੇਰਵੇ)

''ਸਹਿਜੇ ਰਚਿਓ ਖ਼ਾਲਸਾ'' ਦੀ ਅੱਠਵੀਂ ਕਿਤਾਬ **''ਸਮਸ਼ੀਰਾਂ ਦਾ ਵਜਦ''** ਦਾ ਸਿਰਲੇਖ ਹੀ ਪਾਠਕ ਦੇ ਮਨ ਵਿੱਚ ਇੱਕ ਵਿਸਮਾਦਜਨਕ ਹੈਰਾਨੀ ਪੈਦਾ ਕਰਦਾ ਹੈ ਕਿ ਆਖਰ ਸਮਸ਼ੀਰਾਂ ਦਾ ਵਜਦ ਕੀ ਹੋਇਆ? ਸ਼ਮਸ਼ੀਰ ਨੂੰ ਰੂਹਾਨੀਅਤ ਦੇ ਰੰਗ ਵਿੱਚ ਵੇਖਣ ਅਤੇ ਇਸ ਨੂੰ ਅਮਲ ਵਿੱਚ ਲਿਆਉਣ ਪਿੱਛੇ ਵਜਦ ਕਿਵੇਂ ਹੋ ਸਕਦਾ ਹੈ? ਸਿੱਖ ਧਰਮ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਇਸਲਾਮ ਧਰਮ ਵਿੱਚ ਜੰਗ ਨੂੰ ''ਪਵਿੱਤਰ ਮਹਾਂਜੰਗ'' ਦਾ ਰੁਤਬਾ ਦਿੱਤਾ ਗਿਆ ਹੈ। **ਸਿੱਖ ਧਰਮ ਦੇ ਹੋਂਦ ਵਿਚ ਆਉਣ ਪਿੱਛੋਂ ਛੇਵੇਂ, ਦਸਵੇਂ ਗੁਰੂ ਅਤੇ ਖ਼ਾਲਸੇ ਨੇ ਜਿਹੜੀਆਂ ਜੰਗਾਂ ਲੜੀਆਂ, ਇਹਨਾਂ ਜੰਗਾਂ ਵਿੱਚ ਵਿਸ਼ਵ-ਧਰਮਾਂ ਦੇ ਸਬੰਧ ਵਿੱਚ ਪਹਿਲੀ ਵਾਰ ਦੁਸ਼ਮਣ ਪ੍ਰਤੀ ਅਤਿ ਮਿਹਰਬਾਨ ਰੂਪ ਧਾਰਨ ਕੀਤਾ ਗਿਆ।** ਇਹ ਜੰਗਾਂ ਨਿਰਸੰਦੇਹ ਦੁਨਿਆਵੀ ਜਿੱਤਾਂ/ਹਾਰਾਂ ਦੇ ਮਿਆਰ ਤੋਂ ਪਾਰਗਾਮੀ ਰਹੱਸ ਨਾਲ ਤਾਲਬੱਧ ਹੋਣ ਕਾਰਣ, ਇਹਨਾਂ ਜੰਗਾਂ ਦੇ ਅਧਿਆਤਮਕ ਅਰਥ ਪਹਿਲੇ ਧਰਮਾਂ ਦੀਆਂ ਜੰਗਾਂ ਨਾਲੋਂ ਬਿਲਕੁੱਲ ਵਿਲੱਖਣ ਹਨ। ਏਥੇ ਮੈਦਾਨੇ ਜੰਗ ਵਿੱਚ ਰੂਹਾਨੀ ਸ਼ਰਤਾਂ ਦੀ ਇਖਲਾਕੀ ਪੂਰਤੀ ਹੀ ਮੁੱਖ ਹੈ। ਭਾਵ ਆਪਣੇ ਤੇ ਦੁਸ਼ਮਣ ਵਿੱਚੋਂ ਰੂਹਾਨੀਅਤ ਦੀ ਸਹੀ ਪਹਿਚਾਣ ਦੇ ਨਾਲ ਇਸੇ ਨੂੰ ਪਹਿਲ ਦੇ ਕੇ ਪ੍ਰਵਾਨ ਕਰਨਾ ਹੈ। ਭਾਵ ਮੈਦਾਨਿ ਜੰਗ ਦਾ ਅਮਲ ਰੱਬੀ ਅਮਲ ਤੋਂ ਕਿਸੇ ਤਰ੍ਹਾਂ ਵੀ ਵੱਖ ਕਰਕੇ ਨਾ ਵੇਖਿਆ ਜਾ ਸਕੇ। ਭਾਵ ਮੀਰੀ ਤੇ ਪੀਰੀ ਵਾਂਗ ਜੰਗ ਦੇ ਮੈਦਾਨ ਅਤੇ ਰੱਬ ਦੇ ਘਰ ਵਿੱਚ ਇੱਕੋ ਸਮਾਨਤਾ ਹੋਵੇ, ਭਾਵੇਂ ਕਿਸੇ ਪਾਸੇ ਤੋਂ ਵੀ ਵੇਖ ਅਤੇ ਪਰਖ ਲਿਆ ਜਾਵੇ। ਹਰਿੰਦਰ ਸਿੰਘ ਮਹਿਬੂਬ ਨੇ ਇਸ ਪੁਸਤਕ ਨੂੰ ''ਸਮਸ਼ੀਰਾਂ ਦਾ ਵਜਦ'' ਸਿਰਲੇਖ ਦਿੱਤਾ ਹੈ। ਸਭ ਤੋਂ ਪਹਿਲਾਂ ਅਸੀਂ ਲੇਖਕ ਦੇ ਆਪਣੇ ਸ਼ਬਦਾਂ ਵਿੱਚ ਹੀ ਵਜਦ ਦੀ ਪ੍ਰੀਭਾਸ਼ਾ ਏਥੇ ਦੇਣੀ ਇਸ ਲਈ ਯੋਗ ਸਮਝਦੇ ਹਾਂ, ਤਾਂ ਕਿ ਪਾਠਕ ਨੂੰ ਵਜਦ ਦੇ ਅਧਿਆਤਮਕ ਰਹੱਸ ਦੀ ਕੋਈ ਪਹਿਚਾਣ ਹੋ ਸਕੇ ਅਤੇ ਅਸੀਂ ''ਸਮਸ਼ੀਰਾਂ ਦੇ ਵਜਦ'' ਦੇ ਅਸਲ ਮਾਅਨਿਆਂ ਦਾ ਕੋਈ ਅੰਦਾਜ਼ਾ ਲਾਉਣ ਵਿੱਚ ਸਫ਼ਲ ਹੋ ਸਕੀਏ:

ਜਦੋਂ ਨਿੱਕੀ ਇਨਸਾਨੀ ਹਸਤੀ ਦੀ ਅਸਲ ਸਿਫ਼ਤ ਪਰਾ ਧਰਾਤਲ 'ਤੇ ਵਿਚਰਦੇ ਨਿਯਮ ਦੇ ਅਸਮਾਨ ਵਿੱਚ ਖਲੋਣ ਦਾ ਹੱਕ ਹਾਸਲ ਕਰਦੀ ਹੈ, ਜਦੋਂ ਮੈਂ ਵਡੱਤਣ ਜਾਣਨ ਲਈ ਫ਼ਾਸਲਿਆਂ ਤੇ ਮਿਣਤੀਆਂ ਦੇ ਹਿਸਾਬ ਵਿਚ ਨਹੀਂ ਪੈਂਦੀ। ਜਦੋਂ ਚੇਤਨਾ ਸੂਚਨਾਵਾਂ ਦੇ ਬੁੱਤ ਬਣਾ-ਬਣਾ ਅੱਗੇ ਨਹੀਂ ਵਧਦੀ ਅਤੇ ਜਦੋਂ ''ਮੈਂ'' ਆਪਣੀ ਅਸਲ ਸਿਫ਼ਤ ਵਿੱਚ ਅਭੇਦ ਹੋ ਕੇ ਆਪਣੇ ਛੋਟੇਪਨ ਦੀ ਕੈਦ ਤੋਂ ਮੁਕਤ ਹੋਏ ਰਿਸ਼ਤੇ ਅਪਣਾਉਂਦੀ ਹੈ, ਉਸ ਪੜਾਅ ਉੱਤੇ ਮਨੁੱਖੀ ਚੇਤਨਾ ਉੱਤੇ ਖਾਲਸ ਵਜਦ ਦੀ ਅਵਸਥਾ ਨਾਜ਼ਲ ਹੁੰਦੀ ਹੈ। ਉਦੋਂ ਮਨੁੱਖੀ ਚੇਤਨਾ ਸੂਚਨਾਵਾਂ, ਫਾਸਲਿਆਂ ਅਤੇ ਆਕਾਰਾਂ ਦੀਆਂ ਰੋਕਾਂ ਨੂੰ ਖਤਮ ਕਰਕੇ ਕਿਸੇ ਸੰਪੂਰਨ ਅਸਲ ਵਿੱਚ ਪਲਟਦੀ ਹੈ, ਜੋ ਕਿ ਅਨੇਕਾਂ ਬਰਕਤਾਂ ਨਾਲ ਭਰਿਆ ਸਿਦਕ ਹੁੰਦਾ ਹੈ। ਇਸ ਪੜਾਅ ਉੱਤੇ ਨਿੱਕੀ ਚੇਤਨਾ ਨੂੰ ਖਤਮ ਹੋਣ ਦਾ ਭੈਅ ਨਹੀਂ ਹੁੰਦਾ, ਕਿਉਂਕਿ ਉਹ ਇੱਕ ਐਸੇ ਪ੍ਰਬੰਧ ਵਿੱਚ ਟਿਕੀ ਹੁੰਦੀ ਹੈ ਜਿੱਥੇ ਨਸੀਹਤਾਂ ਦਾ ਅਕੇਵਾਂ ਨਹੀਂ ਹੁੰਦਾ। ਏਥੇ ਨਿੱਕੀ ਚੇਤਨਾਂ ਨੂੰ ਫਜ਼ੂਲ ਹੋਣ ਦਾ ਡਰ ਨਹੀਂ ਕਿਉਂਕਿ ਉਹ ਅਮਰ ਅਰਥ ਨਾਲ ਜੁੜੀ ਹੋਈ ਹੈ ਅਤੇ ਨਾਂਹ ਉਸ ਨੂੰ ਗੁੰਮਨਾਮੀ ਦਾ ਡਰ ਹੈ, ਕਿਉਂਕਿ ਨਿਰੰਕੁਸ਼ ਰੌਸ਼ਨੀ ਨੇ ਹਰ ਪੜਾਅ ਉੱਤੇ ਉਸ ਦੇ ਨਿਗੁਣੇ ਬੁੱਤ ਦੀ ਵਿਸ਼ੇਸ਼ਤਾ ਨੂੰ ਸਲਾਮਤ ਰੱਖਣਾ ਹੈ। ਹਾਂ ਇਹੋ ਖਾਲਸ ਵਜਦ ਹੈ। ਉਸ ਮੰਡਲ ਵੱਲ ਵਧਣ ਦਾ ਸੁਆਦ ਜਿੱਥੇ ਕਿ ਆਪਣੇ ਨਿੱਕੇ ਵਜੂਦ ਅਤੇ ਉਸ ਮੰਡਲ ਦੇ ਵਿਚਕਾਰ ਕੋਈ ਰੋਕ ਨਹੀਂ। ਪਹਿਲਾਂ ਤਾਂ ਇਹ ਆਪਣੇ ਛੋਟੇਪਣ ਦੀ ਸੀਮਾ ਤੋਂ ਬਾਹਰ ਆਉਣ ਦਾ ਨਸ਼ਾ ਅਤੇ ਸਿਦਕ ਹੈ, ਅਰਥਾਤ ਜਿੱਤ ਦਾ ਇੱਕ ਉਚੇਰਾ ਨਸ਼ਾ। ਫੇਰ ਇਹ ਸਿਦਕ ਉਸ ਮੰਡਲ ਵਿੱਚ ਕਦੇ ਨਾ ਮੁਰਝਾਉਣ ਵਾਲੀ ਪ੍ਰਤੀਤੀ ਉੱਤੇ ਪਹੁੰਚਦਾ ਹੈ, ਅਤੇ ਰਹਿਮ ਦੀਆਂ ਬਾਹਾਂ ਵਿਚ ਸਦੀਵੀ ਤੌਰ ਉੱਤੇ ਆ ਜਾਣ ਦਾ ਧਰਵਾਸ ਪ੍ਰਾਪਤ ਕਰਦਾ ਹੈ। (820)

ਹਰਿੰਦਰ ਸਿੰਘ ਮਹਿਬੂਬ ਨੇ ਇਸ ਪੁਸਤਕ ''ਸਮਸ਼ੀਰਾਂ ਦਾ ਵਜਦ'' ਨੂੰ ਕਰਮਵਾਰ ਤਿੰਨ ਵਿਸਥਾਰਜਨਕ ਭਾਗਾਂ ਵਿੱਚ ਵੰਡਿਆ ਹੈ, ਤਾਂ ਕਿ ਪਾਠਕ ਨੂੰ ਇਸ ਦੇ ਅਦ੍ਰਿਸ਼ਟ ਅਤੇ

ਲੁਪਤ ਮਾਅਨਿਆਂ ਦਾ ਕੋਈ ਠੀਕ ਅੰਦਾਜ਼ਾ ਲਗ ਸਕੇ। ਇਹ ਤਿੰਨ ਭਾਗ ਨਿਮਨ ਲਿਖਤ ਅਨੁਸਾਰ ਹਨ:

੧. ਕੌਮਾਂ ਦੀ ਅਰਦਾਸ ਦੇ ਰਹੱਸ
੨. ਨਿਆਰਾ ਸਿੰਘ ਆਦਰਸ਼
੩. ਪਰਖ ਦੀ ਘੜੀ

''ਲੇਖਕ ਨੇ ਕੌਮਾਂ ਦੀ ਅਰਦਾਸ ਦੇ ਰਹੱਸ'' ਦੇ ਸਿਰਲੇਖ ਥੱਲੇ ਵਿਸ਼ਵ ਧਰਮਾਂ ਦੇ ਚਿੰਤਕਾਂ ਦੇ ਸੰਦਰਭ ਵਿੱਚ ਅਰਦਾਸ ਦੇ ਜੋ ਵਿਲੱਖਣ ਅਤੇ ਨਿਆਰੇ ਅਧਿਆਤਮਕ ਰਹੱਸ ਏਥੇ ਪੇਸ਼ ਕੀਤੇ ਹਨ, ਉਹ ਹਰ ਪਾਠਕ ਲਈ ਪੜ੍ਹਨੇ ਏਸ ਲਈ ਜ਼ਰੂਰੀ ਹਨ, ਕਿਉਂਕਿ ਅਰਦਾਸ ਦੀ ਬਾਹਰੀ ਅਤੇ ਅਦ੍ਰਿਸ਼ਟ ਮਹੱਤਤਾ ਦਾ ਏਥੇ ਸਭ ਤੋਂ ਵੱਧ ਤਸੱਲੀਬਖ਼ਸ਼ ਗਿਆਨ ਹੁੰਦਾ ਹੈ। ਅਸੀਂ ਹਵਾਲੇ ਵਜੋਂ ਲੇਖਕ ਦੇ ਆਪਣੇ ਸ਼ਬਦਾਂ ਵਿੱਚ ਅਰਦਾਸ ਦੀ ਮਹੱਤਤਾ ਪ੍ਰਤੀ ਏਥੇ ਦੇਣਾ ਯੋਗ ਸਮਝਦੇ ਹਾਂ, ਤਾਂ ਕਿ ਸਾਡੇ ਮਨ ਵਿੱਚ ਇਸ ਪੁਸਤਕ ਨੂੰ ਅੱਗੇ ਜਾਨਣ ਪ੍ਰਤੀ ਉਤਸੁਕਤਾ ਉਤਪੰਨ ਹੋਵੇ:

ਅਰਦਾਸ ਦਾ ਅੰਤਮ ਰੂਪ ਮਨੁੱਖੀ ਅਮਲ ਦੀ ਨਿਰੰਕੁਸ਼ ਪਾਕੀਜ਼ਗੀ ਨੂੰ ਦਰਗਾਹ ਤੱਕ ਲਿਜਾਣ ਦਾ ਨਾਮ ਹੈ। ਅਰਦਾਸ ਸਮੇਂ ਪ੍ਰਥਮ ਪੜਾਅ ਉੱਤੇ ਇਨਸਾਨੀ ਇਸ਼ਕ ਆਪਣੀ ਆਦਿ ਜੁਗਾਦੀ ਚੇਤਨਾ ਨਾਲ ਇੱਕਸੁਰ ਹੋ ਜਾਂਦਾ ਹੈ ਤੇ ਇਸ ਅੰਦਰ ਅਤਿ ਮਹਾਨ ਹਰਕਤ ਜਨਮ ਲੈਂਦੀ ਹੈ। ਸਿੱਟੇ ਵਜੋਂ ਦੂਜੇ ਪੜਾਅ ਉੱਤੇ ਅਰਦਾਸ ਵਿੱਚ ਬੇ-ਅਟਕ ਪ੍ਰਵਾਜ਼ ਪੈਦਾ ਹੋ ਜਾਂਦੀ ਹੈ ਅਤੇ ਉਡਦਿਆਂ ਹੋਇਆਂ ਇਸ ਦੀਆਂ ਨਜ਼ਰਾਂ ਲਗਾਤਾਰ ਇਲਾਹੀ ਸ਼ਾਨ ਵੱਲ ਰਹਿੰਦੀਆਂ ਹਨ, ਪਰ ਅਜਿਹੀ ਪ੍ਰਵਾਜ਼ ਸਮੇਂ ਆਪਣੀ ਸੂਖਮਤਾ ਅਤੇ ਅਰੂਪਤਾ ਵਿੱਚ ਵੀ ਅਰਦਾਸ ਇਕੱਲੀ ਨਹੀਂ ਹੁੰਦੀ, ਉਸ ਨਾਲ ਜ਼ਿੰਦਗੀ ਦੇ ਅਮਲ ਦੀ ਪਾਕ ਪੂੰਜੀ ਹੁੰਦੀ ਹੈ। ਦੂਜੇ ਲਫ਼ਜ਼ਾਂ ਵਿੱਚ ਅਰਦਾਸ ਨਾ ਤਾਂ ਅਕਲ ਦੀ ਖੁਸ਼ਕ ਨਿਰਾਕਾਰਤਾ ਦਾ ਹੀ ਕੋਈ ਉਡਾਰੂ ਰੂਪ ਹੁੰਦਾ ਹੈ ਅਤੇ ਨਾ ਇਹ ਇਸ਼ਕ ਦੀ ਕਾਲਪਨਿਕ ਰੰਗੀਨੀ ਅਤੇ ਪਾਵਨਤਾ ਦੀ ਹੀ ਕੋਈ ਹਰਕਤ ਹੁੰਦੀ ਹੈ, ਸਗੋਂ ਮਨੁੱਖੀ ਅਮਲ ਦਾ ਪੁਨੀਤ ਜਲਵਾ ਇਸ਼ਕ ਅਤੇ ਸੁਰਤਿ ਨਾਲ ਅਭੇਦਤਾ ਗ੍ਰਹਿਣ ਕਰਕੇ ਅਰਦਾਸ ਦੀ ਸ਼ਕਲ ਵਿਚ ਸੰਪੂਰਣ ਦੈਵੀਪਣ ਦੀ ਮੰਜ਼ਿਲ ਵੱਲ ਵਧਦਾ ਹੈ। (੧੦੩੩)

ਲੇਖਕ ਨੇ ਇਸ ਪੁਸਤਕ ਦੇ ਪਹਿਲੇ ਭਾਗ ''ਕੌਮਾਂ ਦੀ ਅਰਦਾਸ ਦੇ ਰਹੱਸ'' ਵਿੱਚ ਸਭ ਤੋਂ ਪਹਿਲਾਂ ਵਿਸ਼ਵ ਧਰਮਾਂ ਵਿੱਚ ਅਰਦਾਸ ਦੇ ਸਾਂਝੇ ਗੁਣਾਂ ਅਤੇ ਲੱਛਣਾਂ ਦੀ ਪਹਿਚਾਣ ਕਰਵਾਈ ਹੈ, ਅਤੇ ਇਸ ਦੇ ਨਾਲ ਹੀ ਵਿਸ਼ਵ ਧਰਮ-ਗ੍ਰੰਥਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਰਦਾਸ ਦੇ ਵਿਲੱਖਣ ਰਹੱਸਾਂ ਦੀ ਕਰਮਵਾਰ ਚਾਰ ਭਾਗਾਂ ਵਿੱਚ ਜਾਣਕਾਰੀ ਦਿੱਤੀ ਹੈ, ਜੋ ਕਿ ਸਿੱਖ ਵਿਦਿਆਰਥੀਆਂ ਲਈ ਜਾਨਣੀ ਅਤਿ ਆਵੱਸ਼ਕ ਹੈ :

ਗੁਰੂ ਗ੍ਰੰਥ ਸਾਹਿਬ ਦੀ ਅਰਦਾਸ ਦੀ ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਰਵਾਨੀ ਮਨੁੱਖੀ ਸੁਰਤਿ ਦੇ ਐਨੇ ਮੰਡਲਾਂ ਵਿੱਚ ਆਪਣਾ ਜਲੌਅ ਬਖੇਰਦੀ ਹੈ, ਪਈ ਆਧੁਨਿਕ ਮਨੋਵਿਗਿਆਨ ਦੀ ਤਰਕਵਾਦੀ ਨਜ਼ਰ ਉਹਨਾਂ ਤੱਕ ਨਹੀਂ ਪਹੁੰਚਦੀ। ਇਸ ਅਰਦਾਸ ਦੀ ਚੇਤਨਾ-ਛੁਹ ਮਨੋਵਿਗਿਆਨਕ ਵਿਸ਼ਲੇਸ਼ਣਾਂ ਦੀਆਂ ਸਭ ਸੀਮਾਵਾਂ ਤੋਂ ਬਹੁਤ ਅੱਗੇ ਲਿਸ਼ਕਦੀ ਹੈ। ਪਰ ਐਨੀ ਅਰੂਪ ਅਤੇ ਨਿਰਾਕਾਰ ਹੋਣ ਦੇ ਬਾਵਜੂਦ ਇਹ ਅਰਦਾਸ ਕੌਮਾਂ ਅਤੇ ਵਿਅਕਤੀਆਂ ਦੇ ਸੁੱਚੇ ਇਖ਼ਲਾਕ ਦੇ ਸ਼ੁੱਧ ਇਤਿਹਾਸ ਦੀ ਸੰਚਾਲਨ ਸ਼ਕਤੀ ਬਣਦੀ ਹੈ, ਅਤੇ ਫਿਰ ਉਸਦਾ ਵਜੂਦ ਹੀ ਬਣ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਦੀ ਅਰਦਾਸ ਦੀ ਦੂਸਰੀ ਵਿਸ਼ੇਸ਼ਤਾ ਇਹ ਹੈ, ਪਈ ਸ੍ਰਿਸ਼ਟੀ ਦੇ ਅਨੇਕਾਂ ਹੀ ਅੰਤਰਮੁਖੀ ਅਤੇ ਬਾਹਰਮੁਖੀ ਕੇਂਦਰਾਂ ਤੋਂ ਅਰਦਾਸ ਹੋ ਰਹੀ ਹੈ (ਜਿਵੇਂ ਸੋਦਰੁ ਵਾਲੀ ਪਉੜੀ), ਪਰ ਸਭ ਕੇਂਦਰ ਮਨੁੱਖੀ ਚੇਤਨਾਂ ਦੀ ਸਹਿਜ-ਸੇਧ ਵਿਚ ਹੀ ਸਥਾਪਤ ਹਨ। ਅਰਦਾਸ ਜਿੰਨੀਆਂ ਵੀ ਅਧੂਰੀਆਂ ਇਕਾਈਆਂ ਨੂੰ ਸੰਪੂਰਨਤਾ ਬਖਸ਼ਦੀ ਹੈ, ਉਸ ਦਾ ਰਿਸ਼ਤਾ ਅਟੱਲ ਤੌਰ 'ਤੇ ਮਨੁੱਖੀ ਅਮਲ ਤੇ ਚੇਤਨਾ ਨਾਲ ਜੁੜਿਆ ਹੋਇਆ ਹੈ।

ਗੁਰੂ ਗ੍ਰੰਥ ਸਾਹਿਬ ਦੀ ਅਰਦਾਸ ਦੀ ਤੀਸਰੀ ਵਿਸ਼ੇਸ਼ਤਾ ਇਹ ਹੈ, ਪਈ ਇਹ ਮਨੁੱਖੀ ਚੇਤਨਾ ਵਿੱਚ ਸਾਕਾਰ ਹੋਏ ਸਮੇਂ ਨੂੰ ਹੀ ਮਸੀਹਾ ਬਣਾ ਦਿੰਦੀ ਹੈ। ਸੋ ਮਹਾਨ ਸਦਾਚਾਰਕ ਕੀਮਤਾਂ ਅਤੇ ਸਮੂਹਕ ਸਮਾਧੀਆਂ ਪਹਿਲਾਂ ਮਸੀਹਾ ਅਤੇ ਫੇਰ ਸਦੀਵੀ ਕਾਲ ਦੇ ਦੈਵੀ ਦ੍ਰਿਸ਼ਾਂ ਦੀ ਹੋਂਦ ਧਾਰਨ ਕਰ ਲੈਂਦੀਆਂ ਹਨ:

**ਸੁਣੀ ਅਰਦਾਸਿ ਸੁਆਮੀ ਮੇਰੇ ਸਰਬ ਕਲਾ ਬਣਿ ਆਈ।।**
**ਪ੍ਰਗਟ ਭਈ ਸਗਲੈ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ।। (ਪੰ: 611)**

ਸੋ ਸਮੂਹਕ ਮਨੁੱਖੀ ਅਮਲ ਜਦ ਅਰਦਾਸ ਵਿੱਚ ਪਲਟਿਆ

ਤਾਂ ਗੁਰੂ ਨਾਨਕ ਸਾਹਿਬ ਦੇ ਇਲਾਹੀ ਨਕਸ਼ ਕਿਸੇ ਅਲੌਕਿਕ ਰੌਸ਼ਨੀ ਵਿੱਚ ਪ੍ਰਗਟ ਹੋਏ। ਗੁਰੂ ਸਾਹਿਬ ਸਮੇਂ ਦੇ ਵਿਸ਼ੇਸ਼ ਨੁਕਤੇ ਉੱਤੇ ਇਸ ਕਾਰਨ ਨਜ਼ਰ ਪਏ, ਕਿਉਂਕਿ ਸਮੇਂ ਵਿੱਚ ਹਜ਼ਾਰਾਂ ਲੋਕਾਂ ਦੇ ਮਨ ਦੀ ਅਰਦਾਸ ਥਰਥਰਾ ਰਹੀ ਸੀ। ਅਰੂਪ ਚੁਪ ਅਤੇ ਅਪਕੜ ਥਰਥਰਾਹਟਾਂ ਵਾਲਾ ਸਮਾਂ ਮਨੁੱਖ ਦੀ ਉਤਮ ਚੇਤਨਾ ਦੇ ਰੂਪਾਂਤਰਣ ਵਿੱਚ ਆ ਗਿਆ ਕਿਉਂਕਿ ਗੁਰੂ ਨਾਨਕ ਸਾਹਿਬ ਵੱਲ ਵਧਦੀ ਇਲਾਹੀ ਵਲਵਲੇ ਦੀ ਤਾਂਘ (ਅਰਦਾਸ) ਨਾਲ ਇਸ ਦਾ ਸੁਮੇਲ ਹੋ ਗਿਆ ਸੀ।

ਗੁਰੂ ਗ੍ਰੰਥ ਸਾਹਿਬ ਦੀ ਅਰਦਾਸ ਦੀ ਚੌਥੀ ਵਿਸ਼ੇਸ਼ਤਾ ਇਹ ਹੈ, ਪਈ ਆਪਣੇ ਸਮਾਧੀ ਪਲਾਂ ਵਿੱਚ ਇਹ ਅਰਦਾਸ ਬਖਸ਼ਣਹਾਰ ਰੱਬ ਦਾ ਅਦ੍ਰਿਸ਼ਟ ਹੱਕ ਹੋ ਨਿਬੜਦੀ ਹੈ, ਜਿਹੜਾ ਜਾਬਰ ਦੇ ਜ਼ਾਲਮ ਵਾਰ ਤੋਂ ਅਰਦਾਸ ਕਰਨ ਵਾਲੇ ਨੂੰ ਬਚਾ ਲੈਂਦਾ ਹੈ, ਜਿਵੇਂ ਗੁਰੂ ਅਰਜਨ ਸਾਹਿਬ ਨੂੰ ਸੁਲਹੀ ਖਾਂ ਤੋਂ ਅਰਦਾਸ ਦੇ ਇਸ ਅਦ੍ਰਿਸ਼ਟ ਹੱਕ ਨੇ ਹੀ ਬਚਾਇਆ ਸੀ। ਅਰਦਾਸ ਦਾ ਅਜਿਹਾ ਜਲਾਲੀ ਛਿਣ ਪੰਥ ਦੀ ਕੌਮੀ ਚੇਤਨਾ ਅੰਦਰ ਸਿਦਕ ਦੇ ਅਰੁਕ ਵਹਿਣ ਪੈਦਾ ਕਰਦਾ ਹੈ, ਜਿੱਥੋਂ ਕਿ ਜ਼ਿੰਦਗੀ ਦੇ ਸਥੂਲ ਧਰਾਤਲ ਉੱਤੇ ਉਹ ਚਮਕਤਾਰ ਉਗਮਦਾ ਹੈ, ਜਿਸਨੂੰ ਆਮ ਤੌਰ ਉੱਤੇ ਅਸੀਂ ਕਰਾਮਾਤ ਕਹਿੰਦੇ ਹਾਂ । (1034-35)

ਇਸੇ ਭਾਗ ਵਿੱਚ ਜਿੱਥੇ ਲੇਖਕ ਨੇ ਪੂਰਨ ਸਿੰਘ ਦੀ ਪੁਸਤਕ ''ਸਪਿਰਟ ਆਫ ਦੀ ਸਿੱਖ'' ਵਿੱਚੋਂ ''ਰੂਹ ਦਾ ਸੰਗੀਤ'' ਵਾਲੇ ਭਾਗ ਵਿੱਚੋਂ ਅਰਦਾਸ ਦੇ ਨ੍ਰਿਤ, ਇਖਲਾਕ ਅਤੇ ਪ੍ਰਵਾਜ਼ ਨਾਲ ਅੰਤਰ ਸਬੰਧਤ ਤਾਲ ਸਬੰਧੀ ਹਵਾਲਾ ਪੇਸ਼ ਕਰਦਿਆਂ ਆਪਣੀ ਸਾਹਿਤਕ ਸੁਹਿਰਦਤਾ ਦਾ ਪ੍ਰਮਾਣ ਪੇਸ਼ ਕੀਤਾ ਹੈ ਕਿ ਜਿੱਥੇ ਵੀ ਕੋਈ ਸਾਹਿਤਕਾਰ ਸਿੱਖ ਅਰਦਾਸ ਦੇ ਸ਼ੁੱਧ ਤੇ ਬੇਦਾਗ਼ ਰੂਪ ਦਾ ਜ਼ਿਕਰ ਕਰਦਾ ਹੈ, ਉਸ ਨੂੰ ਅਪਣੱਤ ਸਾਹਿਤ ਪ੍ਰਵਾਨ ਕਰਨਾ ਹਰ ਲੇਖਕ ਦੀ ਫਰਾਖਦਿਲੀ ਦਾ ਪ੍ਰਮਾਣ ਹੈ।

ਏਸੇ ਭਾਗ ਵਿੱਚ ਲੇਖਕ ਨੇ ਦੋਸਤੋਵਸਕੀ ਦੇ ਨਾਵਲ ''ਪਾਪ ਤੇ ਦੰਡ'' ਦੇ ਨਾਇਕ ਰਸਮਕੱਲਨੀ ਕੋਵ ਦੇ ਪਾਪ ਅਤੇ ਨਾਟਕ ''ਮੈਕਬੱਥ'' ਦੇ ਨਾਇਕ ਮੈਕਬਥ ਦੇ ਪਾਪ ਵਿੱਚ ਅਧਿਆਤਮਕ ਨਿਖੇੜਾ ਕਰਦਿਆਂ ਇਹ ਦਰਸਾਇਆ ਹੈ ਕਿ ਪਾਪ ਦੀ ਕੇਹੋ ਜਿਹੀ ਕਿਸਮ ਅਤੇ ਮਾਤਰਾ ਅਰਦਾਸ ਦੇ ਸ਼ੁੱਧ ਅਮਲ ਦੀ ਹੱਕਦਾਰ ਹੁੰਦੀ ਹੈ ਅਤੇ ਮੈਕਬਥ ਦਾ ਗੁਨਾਹ ਏਹੋ ਜੇਹਾ ਹੈ ਕਿ ਉਹ ਅਰਦਾਸ ਦੀ ਸ਼ੁੱਧ ਗਵਾਹੀ ਦਾ ਹੱਕਦਾਰ ਨਹੀਂ ਬਣਦਾ, ਭਾਵੇਂ ਕਿ ਉਹ ਪੂਰੇ ਜਤਨ ਨਾਲ ਅਰਦਾਸ ਰਾਹੀਂ ਆਪਣਾ ਗੁਨਾਹ ਰੱਬ ਕੋਲੋਂ ਬਖਸ਼ਾਉਣਾ ਲੋਚਦਾ ਹੈ।

ਏਸੇ ਪੁਸਤਕ ਦੇ ਦੂਸਰੇ ਭਾਗ ''ਨਿਆਰਾ ਸਿੰਘ-ਅਰਦਾਸ'' ਵਿੱਚ ਲੇਖਕ ਵਿਸ਼ਵ-ਧਰਮਾਂ ਦੇ ਪ੍ਰਸੰਗ ਵਿੱਚ ਇਹ ਨਿਰੀਖਣ ਕਰਦਾ ਹੈ ਕਿ ਸਿੱਖ ਆਪਣੇ ਸ਼ੁੱਧ ਅਮਲਾਂ ਵਿੱਚ ਕਿਵੇਂ ਨਿਆਰਾ ਅਤੇ ਵਿਲੱਖਣ ਹੈ। ਉਸ ਦੀ ਉਚੀ ਸੁਰਤਿ, ਸਾਦਗੀ, ਖਾਲਸ ਕੁਦਰਤ ਨਾਲ ਇੱਕਸੁਰਤਾ ਅਤੇ ਅਕਾਲ ਫ਼ਤਹ ਦੀ ਨੇੜਤਾ ਆਦਿ ਸਿੰਘ ਆਦਰਸ਼ ਨੂੰ ਵਿਸ਼ਵ ਦੇ ਬਾਕੀ ਧਰਮਾਂ ਦੇ ਇਤਿਹਾਸ ਵਿੱਚ ਇੱਕ ਬੁਲੰਦ ਸਥਾਨ ਸਥਾਪਤ ਕਰਨ ਵਾਲੇ ਵਿਸ਼ੇਸ਼ ਗੁਣ ਹਨ। ਏਥੇ ਸਿੱਖ ਅਰਦਾਸ ਦੇ ਅਮਲੀ ਪਹਿਲੂਆਂ ਦਾ ਵੇਰਵਾ ਲੇਖਕ ਨੇ ੳ ਤੋਂ ਲੈ ਕੇ ਙ ਤੱਕ ਦਸ ਭਾਗਾਂ ਵਿੱਚ ਕਰਮਵਾਰ ਅਤਿ ਮੰਨਣਯੋਗ ਢੰਗ ਨਾਲ ਦਿੱਤਾ ਹੈ; ਅਤੇ ਇਸਦੇ ਨਾਲ ਹੀ ਇੱਕ ਤੋਂ ਲੈ ਕੇ ਨੌਂ ਭਾਗਾਂ ਤੱਕ ਕਰਮਵਾਰ ਫੇਰ ਸਿੱਖ ਅਥਵਾ ਖਾਲਸੇ ਦੀ ਗੁਰੂ-ਲਿਵ ਨਾਲ ਏਕਤਾ ਰੱਖਣ ਦੇ ਅਧਿਆਤਮਕ ਪੱਖ ਦੀ ਜਾਣਕਾਰੀ ਕਰਵਾਈ ਹੈ। ਏਸੇ ਭਾਗ ਵਿੱਚ ਜਗਤ ਪ੍ਰਸਿੱਧ ਇਤਿਹਾਸਕਾਰ ਆਰਨਲਡ ਟਾਇਨਬੀ ਦੇ ਸਿੱਖ ਮੱਤ ਪ੍ਰਤੀ ਵਿਰੋਧੀ ਵਿਚਾਰਾਂ ਦਾ ਖੰਡਨ ਕਰਕੇ ਉਸ ਦੀ ਸੋਚ ਉਪਰ ਇਕਹਰੀ ਅਤੇ ਪੱਖਪਾਤੀ ਦ੍ਰਿਸ਼ਟੀ ਦੇ ਨਿਸ਼ਾਨ ਬਿੰਦੂ ਲਾਏ ਹਨ।

ਏਸੇ ਪੁਸਤਕ ਦੇ ਤੀਸਰੇ ਭਾਗ ''ਪਰਖ ਦੀ ਘੜੀ'' ਵਿਚ ਸਿੱਖ ਨੂੰ ਪਰਖ ਦੀਆਂ ਘੜੀਆਂ ਵਿੱਚ ਖ਼ਾਲਸਾ ਆਦਰਸ਼ 'ਤੇ ਪੂਰੇ ਉੱਤਰਦੇ ਵਿਖਾਇਆ ਹੈ, ਕਿ ਕਿਵੇਂ ਅਤੇ ਕਿੱਥੋਂ ਕੁ ਤੱਕ ਕਿਹੜੇ-ਕਿਹੜੇ ਸਿੱਖ ਖ਼ਾਲਸਾ ਆਦਰਸ਼ 'ਤੇ ਲਗਤਾਰ ਪੂਰੇ ਉੱਤਰਦੇ ਰਹੇ ਹਨ, ਅਤੇ ਕਿਹੜੇ ਸਿੱਖ ਗੁਰੂ ਸਿਦਕ ਤੋਂ ਬੇਮੁੱਖ ਹੋ ਕੇ, ਅਖ਼ੀਰ 'ਤੇ ਗੁਰੂ-ਅਮਲ ਵਿੱਚ ਸ਼ਹਾਦਤ ਦੀ ਘੜੀ 'ਤੇ ਕਿਵੇਂ ਪੂਰੇ ਦੇ ਪੂਰੇ ਜਲਾਲ ਵਿੱਚ ਮੁੜ ਸ਼ਾਮਲ ਹੁੰਦੇ ਰਹੇ ਹਨ। ਬੰਦਾ ਸਿੰਘ ਬਹਾਦਰ ਦੀ ਅਦੁੱਤੀ ਸ਼ਹਾਦਤ ਦੇ ਅਧਿਆਤਮਕ ਪੱਖ ਨੂੰ ਅਤਿ ਸੂਖਮਤਾ ਸਹਿਤ ਬਿਆਨ ਕਰਦਿਆਂ, ਬੰਦਾ ਸਿੰਘ ਦੇ ਵੇਲੇ ਦੇ ਪ੍ਰਮੁੱਖ ਇਤਿਹਾਸਕਾਰਾਂ ਦੀ ਉਸ ਵੇਲੇ ਦੀ ਲਿਖਤੀ ਗਵਾਹੀ ਵੀ ਏਥੇ ਹਵਾਲਿਆਂ ਸਹਿਤ ਪੇਸ਼ ਕੀਤੀ ਗਈ ਹੈ। ਇਹਤਮਾਦੁ ਦੋਲਾ ਮੁਹੰਮਦ ਅਮੀਨ ਖਾਂ, ਅਬਦੁ ਸਮੱਦ ਜ਼ਕਰੀਆ ਖਾਨ, ਯਾਹੀਆ ਖਾਨ ਅਤੇ ਮੀਰ ਮੰਨੂ ਦੇ ਸਿੱਖਾਂ ਉੱਪਰ ਢਾਹੇ ਤਰ੍ਹਾਂ-ਤਰ੍ਹਾਂ ਦੇ ਜ਼ੁਲਮ ਨੂੰ ਸਿੱਖ ਆਪਣੀ ਪਰਖ ਦੀ ਘੜੀ 'ਤੇ ਕਿਵੇਂ ਸਹਿੰਦਾ ਰਿਹਾ ਆਦਿ ਦੀ ਵੀ ਤਸੱਲੀਬਖਸ਼

ਜਾਣਕਾਰੀ ਦਿੱਤੀ ਗਈ ਹੈ।

ਖਾਫੀ ਖਾਂ, ਕਾਮਵਰ ਖਾਂ, ਕਾਜ਼ੀ ਨੂਰਦੀਨ ਅਤੇ ਕਰਮ ਸਿੰਘ ਹਿਸਟੋਰੀਅਨ ਆਦਿ ਦੇ ਹਵਾਲਿਆਂ ਰਾਹੀਂ ਲੇਖਕ ਨੇ ਇਹ ਸਾਬਤ ਕਰ ਵਿਖਾਇਆ ਹੈ ਕਿ ''ਪਰਖ ਦੀ ਘੜੀ'' ਖਾਲਸੇ ਜੇਹਾ ਸਿਦਕਵਾਨ ਅਤੇ ਦਲੇਰ ਮਨੁੱਖ ਵਿਸ਼ਵ ਧਰਮਾਂ ਦੇ ਇਤਿਹਾਸ ਵਿੱਚ ਹੋਰ ਕਿਤੇ ਵੀ ਨਹੀਂ। ਇਸ ਤੋਂ ਬਿਨਾਂ ਜਾਰਜ ਫਾਰਸਟਰ ਅਤੇ ਡੇਵਿਡ ਕਨਿੰਘਮ ਆਦਿ ਇਤਿਹਾਸਕਾਰਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਸ਼ੇਰੇ ਪੰਜਾਬ ਰਣਜੀਤ ਸਿੰਘ ਤੱਕ ਦੇ ਸਮੇਂ ਨੂੰ ਹਰਿੰਦਰ ਸਿੰਘ ਮਹਿਬੂਬ ਨੇ ਅਤਿ ਵਿਲੱਖਣ ਅੰਦਾਜ਼ ਵਿੱਚ ਪੇਸ਼ ਕਰਦਿਆਂ ਦਰਸਾਇਆ ਹੈ ਕਿ ਕਿਵੇਂ ਸਿੱਖ ਕੌਮ ਅਤੇ ਖਾਲਸਾ ਰਾਜ ਨੂੰ ਦੂਸਰੀਆਂ ਕੌਮਾਂ ਜਿਵੇਂ ਕਿ ਹਿੰਦੂ ਵਿਸ਼ੇਸ਼ ਕਰਕੇ ਅੰਦਰੋਂ/ਬਾਹਰੋਂ ਢਾਹ ਲਾਉਂਦੇ ਰਹੇ ਹਨ। ਖਾਲਸੇ ਦੀਆਂ ਆਪਣੀਆਂ ਨਿੱਜੀ ਕਮਜ਼ੋਰੀਆਂ ਕੀ ਸਨ ਅਤੇ ਸਿੱਖ ਕੌਮ ਆਪਣੇ ਗੁਰੂ ਆਦਰਸ਼ ਨੂੰ ਫੇਰ ਵੀ ''ਪਰਖ ਦੀਆਂ ਘੜੀਆਂ'' 'ਤੇ ਕਿਵੇਂ ਪਾਲਦੀ ਰਹੀ ਹੈ। ਇਹਨਾਂ ਸਭ ਸੰਕੇਤਾਂ ਨੂੰ ਵਿਸਥਾਰ ਵਿੱਚ ਜਾਣਨ ਲਈ ਇਸ ਪੁਸਤਕ ਦਾ ਅਧਿਐਨ ਅਤਿ ਆਵੱਸ਼ਕ ਹੈ ਜਿਸ ਰਾਹੀਂ ਸਿੱਖ ਇਤਿਹਾਸ ਦੀ ਅਸਲ ਅਤੇ ਮੌਲਿਕ ਸ਼ਕਲ ਸਾਹਮਣੇ ਆ ਜਾਂਦੀ ਹੈ।

ਡਾ. ਗੁਰਤਰਨ ਸਿੰਘ
ਪਿੰਡ ਭੂੰਦਾਂ
ਡਾਕਘਰ ਅਮਰਗੜ੍ਹ
ਤਹਿਸੀਲ ਮਾਲੇਰਕੋਟਲਾ
ਜ਼ਿਲਾ ਸੰਗਰੂਰ
ਮੋਬਾਇਲ ੯੨੫੬੩-੯੨੯੦੫
ਈਮੇਲ: sartajsidhu@hotmail.com

*****

## ਹਰਿੰਦਰ ਸਿੰਘ ਮਹਿਬੂਬ ਦੇ ਮਹਾਂਕਾਵਿ ''ਇਲਾਹੀ ਨਦਰ ਦੇ ਪੈਂਡੇ'' (ਗੁਰੂ ਗੋਬਿੰਦ ਸਿੰਘ ਸਾਹਿਬ, ਜਿਲਦ ਚੌਥੀ) ਵਿੱਚ ਪਵਿੱਤਰ ਮਹਾਂਜੰਗ (The Greater Holy War) ਦੇ ਸੰਕਲਪ ਦੀਆਂ ਬਹੁਪਰਤੀ-ਸੂਖਮ ਦਿਸ਼ਾਵਾਂ

ਬਲਵਿੰਦਰ ਕੌਰ, ਰੀਡਰ,
ਪੋਸਟ ਗਰੈਜੂਏਟ ਸਟੱਡੀਜ਼, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ ਰਿਜਨਲ ਸੈਂਟਰ,
ਬਠਿੰਡਾ। ੯੪੬੩੨-੧੪੭੯੨
drbksidhu@yahoo.com
ਏ-੪੯, ਥਰਮਲ ਕਲੋਨੀ, ਬਠਿੰਡਾ।

ਸਿੱਖ ਧਰਮ ਵਿੱਚ ਲੜੀਆਂ ਮਹਾਨ ਪਵਿੱਤਰ ਜੰਗਾਂ ਦਾ ਨਾਅਰਾ ਸਭ ਤੋਂ ਪਹਿਲਾਂ ਇਸਲਾਮ ਵਿੱਚ ਹਜ਼ਰਤ ਮੁਹੰਮਦ ਸਾਹਿਬ ਨੇ ਲਗਾਇਆ ਸੀ। ਓਹਦ ਤੇ ਬਦਰ ਦੀਆਂ ਜੰਗਾਂ ਵਿੱਚ ਮੋਮਨਾਂ ਦੀਆਂ ਸ਼ਹਾਦਤਾਂ ਪਿੱਛੋਂ ਮੁਹੰਮਦ ਸਾਹਿਬ ਨੇ ਮਹਾਨ ਪਵਿੱਤਰ ਜੰਗ ਆਪਣੇ ਸਵੈ 'ਤੇ ਜਿੱਤ ਹਾਸਲ ਕਰਨ ਨੂੰ ਮੰਨਿਆ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਅਤੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਜੰਗਾਂ ਲੜਨ ਦੇ ਅੰਦਾਜ਼ ਵਿੱਚ ਇਹ ਵਿਸ਼ੇਸ਼ ਅੰਤਰ ਹੈ ਕਿ ਜਿੱਥੇ ਮੁਹੰਮਦ ਸਾਹਿਬ ਜੰਗ ਦੇ ਮੈਦਾਨ ਵਿੱਚ ਦੁਸ਼ਮਣ ਦਾ ਪਾਣੀ ਬੰਦ ਕਰ ਦਿੰਦੇ ਹਨ, ਉੱਥੇ ਛੇਵੇਂ ਤੇ ਦਸਵੇਂ ਗੁਰੂ ਸਾਹਿਬਾਨ ਸਗੋਂ ਸਿੱਖ ਜੰਗਾਂ ਵਿੱਚ ਦੁਸ਼ਮਣ ਨਾਲ ਅਤਿ ਮਿਹਰਬਾਨ ਹੋ ਕੇ ਪੇਸ਼ ਆਉਂਦੇ ਹਨ। ਅਸੀਂ ਹਰਿੰਦਰ ਸਿੰਘ ਮਹਿਬੂਬ ਦੇ ਮਹਾਂਕਾਵਿ ''ਇਲਾਹੀ ਨਦਰ ਦੇ ਪੈਂਡੇ'', ਜਿਲਦ ਚੌਥੀ (ਗੁਰੂ ਗੋਬਿੰਦ ਸਿੰਘ ਸਾਹਿਬ) ਅਤੇ ਉਨ੍ਹਾਂ ਦੀ ਵਾਰਤਕ ਵਿੱਚ ਰਚੀ ਪੁਸਤਕ ''ਸਹਿਜੇ ਰਚਿਓ ਖ਼ਾਲਸਾ'' ਵਿੱਚੋਂ ਗੁਰੂ ਸਾਹਿਬਾਨ ਦੇ ਦੁਸ਼ਮਣ ਨਾਲ ਮੈਦਾਨਿ ਜੰਗ ਵਿੱਚ ਤਲਵਾਰਾਂ ਦੇ ਭੇੜ ਦੌਰਾਨ ਮਿਹਰਬਾਨ ਰੂਪ ਦੇ ਜ਼ਾਹਰ ਹੋਣ ਦੇ ਸੂਖਮ ਅੰਦਾਜ਼ ਨੂੰ ਪੇਸ਼ ਕਰਨ ਦੇ ਨਾਲ ਉਨ੍ਹਾਂ ਰਾਹੀਂ ਸ਼ਮਸ਼ੀਰਾਂ ਦੇ ਵਜਦ ਨੂੰ ਦਰਸਾਉਂਦੀਆਂ ਇਨ੍ਹਾਂ ਬੇਮਿਸਾਲ ਜੰਗਾਂ ਨੂੰ ਵੱਖਰੀ-ਵੱਖਰੀ ਤਰ੍ਹਾਂ ਕਰਾਂਗੇ। ਇਸ ਦੇ ਨਾਲ ਹੀ ਇਹ ਦੱਸਣ ਦਾ ਯਤਨ ਕਰਾਂਗੇ ਕਿ ਪੀਰ ਬੁੱਧੂ ਸ਼ਾਹ, ਸੈਦ ਬੇਗ (ਚਮਕੌਰ ਦੀ ਪਹਿਲੀ ਜੰਗ), ਸੈਦ ਖਾਂ (ਬੀਬੀ ਨਸੀਰਾਂ ਦਾ ਭਰਾ) ਅਤੇ ਔਰੰਗਜ਼ੇਬ ਦੇ ਆਪਣੀ-ਆਪਣੀ ਤਰ੍ਹਾਂ ਪਵਿੱਤਰ ਮਹਾਂਜੰਗ ਦੇ ਸੰਬੰਧ ਵਿੱਚ ਕੀ-ਕੀ ਪ੍ਰਭਾਵ ਪ੍ਰਤਿਬਿੰਬਤ ਹੁੰਦੇ ਹਨ।

ਗੁਰੂ ਗੋਬਿੰਦ ਸਿੰਘ ਨੇ ਆਪਣੇ ਬੇਟੇ ਅਜੀਤ ਸਿੰਘ, ਪੀਰ ਬੁੱਧੂ ਸ਼ਾਹ, ਕਾਲੇ ਖਾਂ, ਮਾਮਾ ਕਿਰਪਾਲ, ਕਿਰਪਾਲ ਦਾਸ ਉਦਾਸੀ ਅਤੇ ਸੰਗੋ ਆਦਿ ਦੇ ਸਹਿਯੋਗ ਨਾਲ ਭੰਗਾਣੀ ਦਾ ਪਹਿਲਾ ਯੁੱਧ ਲੜਿਆ। ਇਸ ਯੁੱਧ ਵਿੱਚ ਹਰਿੰਦਰ ਸਿੰਘ ਮਹਿਬੂਬ ਨੇ ਆਪਣੇ ਕਾਵਿ-ਅਨੁਭਵ ਰਾਹੀਂ ਇਹ ਸਪਸ਼ਟ ਕੀਤਾ ਹੈ ਕਿ ਜਦੋਂ ਮੁਸਲਮਾਨ ਪਠਾਣ ਆਪਣੇ ਦੀਨ ਤੋਂ ਬੇਮੁੱਖ ਹੁੰਦੇ ਹਨ ਤਾਂ ਉਹ ਜੰਗ ਦੇ ਮੈਦਾਨ ਵਿੱਚ ਕਿਵੇਂ ਸੁਆਰਥੀ ਅਤੇ ਦੁਨੀਆਦਾਰੀ ਦੇ ਪੱਖਾਂ ਨੂੰ ਪਹਿਲ ਦਿੰਦੇ ਹਨ। ਜਦੋਂ ਤੱਕ ਮੁਸਲਮਾਨ ਨੂੰ ਰਸੂਲ ਵੱਲੋਂ ਰੱਬ ਦੀ ਜ਼ਾਤ ਦੇ ਜਿਤਾਏ ਅਹਿਸਾਨ ਯਾਦ ਰਹਿੰਦੇ ਹਨ, ਉਦੋਂ ਤੱਕ ਹੀ ਉਸ ਦੀ ਰੂਹ ਵਿੱਚ ਰੱਬ ਦੀ ਜ਼ਾਤ ਦੇ ਹਰੇ-ਭਰੇ ਅਹਿਸਾਨ ਸਥਾਪਤ ਰਹਿੰਦੇ ਹਨ। ਜਦੋਂ ਇਸਲਾਮ ਨਾਲ ਜੁੜੀਆਂ ਪੁਸ਼ਤਾਂ ਜਬਰਾਈਲ ਫਰਿਸ਼ਤੇ ਰਾਹੀਂ ਲਿਆਂਦੀ ਵਹੀ ਦੀ ਤਾਨ ਨੂੰ ਭੁੱਲ ਜਾਂਦੀਆਂ ਹਨ, ਜਦੋਂ ਕਮਾਨ ਨੂੰ ਵਹੀ-ਦੀ-ਸੁਰਤ ਭੁੱਲ ਜਾਂਦੀ ਹੈ ਅਤੇ ਗੁਰੂ ਦੇ ਸ਼ਬਦ ਦੇ ਦੈਵੀ ਬਾਣ ਵਿੱਚ ਪਹਿਲਾਂ ਵਾਲਾ ਸਿਦਕ ਨਹੀਂ ਰਹਿੰਦਾ ਤਾਂ ਪੀਰ, ਯੋਧੇ ਅਤੇ ਸੁਲਤਾਨ ਆਦਿ ਸਭ ਬੇਵਫ਼ਾ ਹੋ ਜਾਂਦੇ ਹਨ ਅਤੇ ਧਰਮ ਤੇ ਦੀਨ ਤੋਂ ਬੇਮੁੱਖ ਹੋ ਕੇ ਸਗੋਂ ਜ਼ੁਲਮ ਤੇ ਉੱਤਰ ਆਉਂਦੇ ਹਨ। ਜਦੋਂ ਸ਼ਰ੍ਹਾਂ ਦੇ ਕਾਜ਼ੀਆਂ ਦੀਆਂ ਅੱਖਾਂ ਵਿੱਚ ਰੀਣ ਭਰ

ਵੀ ਈਮਾਨ ਦੀ ਚਮਕ ਨਹੀਂ ਰਹਿੰਦੀ ਤਾਂ ਇਸ ਘਿਣਾਉਣੇ ਪੜਾਅ 'ਤੇ ਹਿਰਸ ਤੇ ਹਸਦ ਪੂਰੀ ਉੱਚਾਈ 'ਤੇ ਹੁੰਦੇ ਹਨ ਭਾਵ ਸੱਚ ਦੇ ਮੀਨਾਰਾਂ 'ਤੇ ਲੋਭ ਤੇ ਲਾਲਚ ਦੇ ਮੀਨਾਰ ਹਾਵੀ ਹੋ ਜਾਂਦੇ ਹਨ।

**ਏਸੇ ਮੋੜ 'ਤੇ ਗੁਰੂ ਨੂੰ, ਦੇਵਣ ਦਗ਼ਾ ਪਠਾਨ**
**ਜ਼ਰ ਦੀ ਹਿਰਸ ਤੇ ਈਰਖਾ, ਮਨ ਸੁੰਞਾ ਭਰਮਾਣ।**
**ਰੇਤ ਦੀ ਛੁਹ ਤੋਂ ਮੇਟਦਾ, ਨਬੀ-ਪੈੜ ਸ਼ੈਤਾਨ,**
**ਐਪਰ ਲਾਵੇ ਆਇਕੇ, ਮੁੜ ਜਬਰੀਲ ਨਿਸ਼ਾਨ**
**ਜਦੋਂ ਕਾਫ਼ਲੇ ਆਂਵਦੇ, ਕੋ ਵਿਰਲਾ ਇਨਸਾਨ**
**ਨਬੀ ਦੇ ਰਾਹ ਨੂੰ ਵੇਖਕੇ, ਹਰਿਆ ਕਰੇ ਈਮਾਨ**
**ਇਉਂ ਹੀ ਕਾਲੇ ਖ਼ਾਂ ਰਿਹਾ, ਗੁਰੂ-ਘਰ ਦਾ ਮਹਿਮਾਨ**
**ਜਗਮਗ ਜਗਮਗ ਕਰ ਰਹੀ, ਜਿਸ ਦੀ ਦੀਨ-ਪਛਾਣ !੧**

ਭੰਗਾਣੀ ਦੀ ਜੰਗ ਵਿੱਚ ਹੀ ਪੀਰ ਬੁੱਧੂ ਸ਼ਾਹ ਦੇ ਦੋ ਬੇਟੇ ਅਸ਼ਰਫ ਤੇ ਆਲਮ ਸ਼ਹੀਦ ਹੋਏ ਸਨ। ਪੀਰ ਬੁੱਧੂ ਸ਼ਾਹ, ਸੱਯਦ ਭੀਖਣ ਸ਼ਾਹ ਅਤੇ ਸਾਂਈ ਮੀਆਂ ਮੀਰ ਜੀ ਵਾਂਗ ਮਿਅਰਾਜ਼ ਦੀ ਦੈਵੀ ਪ੍ਰਵਾਜ਼ ਨਾਲ ਲਗਾਤਾਰ ਅਭੇਦ ਹੋਣ ਕਾਰਨ ਸਗੋਂ ਪਾਕ ਕੁਰਾਨ ਦੀਆਂ ਆਇਤਾਂ ਦੇ ਦੈਵੀ ਇਲਹਾਮ ਨੂੰ ਹੀ ਆਪਣੇ ਪੁੱਤਰਾਂ ਦੀ ਸ਼ਹੀਦੀ ਰਾਹੀਂ ਜ਼ਿੰਦਗੀ ਦੇ ਅਮਲ ਵਿੱਚ ਅਭੇਦ ਹੋਇਆ ਵੇਖਦਾ ਹੈ:

**ਪੀਰ ਕਹੇ ਤਕ ਜਮੁਨ ਨੂੰ ''ਦੋ ਪੁੱਤਰ ਗਏ ਦੂਰ**
**ਜੰਗ ਭੰਗਾਣੀ ਪਾਕ ਦਾ, ਹੈ ਖੇਵਟ ਦਸਤੂਰ।**
**ਅਸ਼ਰਫ ਆਲਮ ਚੜ੍ਹੇ ਨੇ, ਉਸ ਸ਼ਹੀਦੀ ਪੂਰ**
**ਛੂਹਣ ਜੋ ਨੁਕਤਾ, ਜਿੰਦ ਤੇ, ਲਹਿੰਦੇ ਵਹੀ ਦੇ ਨੂਰ।**
**ਹੈ ਸ਼ਹੀਦੀ ਮੂਰਛਾ, ਮੂਸਾ ਦੀ ਦਰਿ ਤੂਰ**
**ਜਦੋਂ ਜਾਗਸਨ ਬਿਰਖ ਨੂੰ, ਪਵੇ ਕੁਰਾਨ ਦਾ ਬੂਰ।''2**

ਏਸੇ ਪੜਾਅ 'ਤੇ ਪੀਰ ਬੁੱਧੂ ਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੋਂ ਕੰਘਾ ਤੇ ਕੰਘੇ ਵਿੱਚ ਕੇਸ ਵਾਹੁੰਦਿਆਂ ਉੱਤਰੇ ਵਾਲਾਂ ਦੀ ਦਾਤ ਦੀ ਮੰਗ ਕਰਦਾ ਹੈ। ਜਿਵੇਂ ਕਿ ਪਿੱਛੇ ਦੱਸਿਆ ਹੈ ਕਿ ਪੀਰ ਬੁੱਧੂ ਸ਼ਾਹ ਮਿਅਰਾਜ ਦੇ ਦੈਵੀ ਰਹੱਸ ਦੀ ਸੁਰਤ ਨਾਲ ਇੱਕਮਿੱਕ ਸੀ। ਸੋ ਏਸੇ ਪ੍ਰਤੀਤੀ ਪਿੱਛੋਂ ਉਸ ਨੂੰ ਪਤਾ ਹੈ ਕਿ ਗੁਰੂ ਗੋਬਿੰਦ ਸਿੰਘ ਰਸੂਲ ਦਾ ਹੀ ਕੋਈ ਅਗਲਾ ਇਲਾਹੀ-ਨੂਰ ਹੈ ਜਿਸ ਦਾ ਸਮੁੱਚਾ ਸਰੀਰ ਹੀ ਸ਼ਬਦ ਰੂਪ ਹੈ। ਗੁਰੂ ਦਾ ਸਮੁੱਚਾ ਜਿਸਮ ਹੀ ਨਾਮ (Word in flesh) ਤੁਲ ਹੋਣ ਕਾਰਨ ਪੀਰ ਬੁੱਧੂ ਸ਼ਾਹ ਗੁਰੂ ਸਾਹਿਬ ਦੀਆਂ ਅਮੁੱਲ ਨਿਸ਼ਾਨੀਆਂ ਕੰਘਾ ਅਤੇ ਕੇਸਾਂ ਦੀ ਮੰਗ ਕਰਦਾ ਹੈ ਕਿਉਂਕਿ ਪੈਗੰਬਰ ਅਥਵਾ ਗੁਰੂ ਦਾ ਬੇਮਿਸਾਲ ਰੂਪ ਉਸ ਦੀਆਂ ਆਪਣੀ ਕੌਮ ਨੂੰ ਬਖਸ਼ੀਆਂ ਨਿਸ਼ਾਨੀਆਂ ਵਿੱਚ ਹੀ ਸਭ ਤੋਂ ਵਧੇਰੇ ਅਭੇਦ ਹੁੰਦਾ ਹੈ। ਸੋ ਪੀਰ ਬੁੱਧੂ ਸ਼ਾਹ ਨੇ ਗੁਰੂ ਸਾਹਿਬ ਤੋਂ ਪ੍ਰਾਪਤ ਕੀਤੀ ਦਾਤ ਕੰਘਾ, ਕੇਸ, ਅੱਧ ਦਸਤਾਰ ਅਤੇ ਕਟਾਰ ਰਾਹੀਂ ਗੁਰੂ ਦੇ ਬੇਮਿਸਾਲ ਰੂਪ ਨੂੰ ਹੀ ਅਮਾਨਤ ਵਜੋਂ ਸੰਭਾਲਿਆ। ਇਹ ਪਹਿਚਾਣ ਉਨ੍ਹਾਂ ਨੂੰ ਮਿਅਰਾਜ ਦੇ ਰਹੱਸ ਨਾਲ ਇੱਕਮਿੱਕਤਾ ਵਿੱਚੋਂ ਹੀ ਪ੍ਰਾਪਤ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਆਤਮਕ ਰਹੱਸ ਏਥੇ ਸੂਫ਼ੀ-ਤਸੱਵੁਫ (Metaphysics/ Esoterism) ਨਾਲ ਇੱਕਮਿੱਕ ਹੋ ਕੇ ਇਸਲਾਮ ਦੀ ਮਹਾਨ ਪਵਿੱਤਰ ਜੰਗ ਦੇ ਤਸੱਵਰ ਨੂੰ ਬੁਲੰਦ ਉੱਚਾਈ 'ਤੇ ਪਹੁੰਚਾਉਂਦੇ ਹਨ ਜਿੱਥੋਂ ਆਪਣੇ ਅਤੇ ਬੇਗਾਨੇ ਦਾ ਫ਼ਰਕ ਹੀ ਮਿਟ ਜਾਂਦਾ ਹੈ ਅਤੇ ਦੁਨੀਆ ਦੀਆਂ ਜਿੱਤਾਂ/ਹਾਰਾਂ ਦੇ ਮਾਅਨੇ ਰੂਹਾਨੀ ਮੰਜ਼ਿਲ 'ਤੇ ਪਹੁੰਚ ਕੇ ਨਿਗੂਣੇ ਅਤੇ ਨਿਰਮੂਲ ਦਿੱਸਦੇ ਹਨ। ਪੀਰ ਬੁੱਧੂ ਸ਼ਾਹ ਕਿਸੇ ਅਜਿਹੇ ਦੈਵੀ ਪ੍ਰਤੀਤੀ ਦੇ ਅਹਿਸਾਸ ਵਿੱਚ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਉਨ੍ਹਾਂ ਦੀਆਂ ਅਮੁੱਲ ਨਿਸ਼ਾਨੀਆਂ ਦੀ ਦਾਤ ਦੀ ਨਿਮਰਤਾ ਸਹਿਤ ਮੰਗ ਕਰਦਾ ਹੈ ਜਦੋਂ ਕਿ ਭੰਗਾਣੀ ਦੀ ਜੰਗ ਵਿੱਚ ਉਸ ਦੇ ਦੋ ਬੇਟੇ ਤੇ ਫ਼ਕੀਰ ਸ਼ਹੀਦੀਆਂ ਪਾ ਚੁੱਕੇ ਸਨ:

**''ਮੰਗੇ ਕੰਘਾ ਕੇਸ ਤਾਂ, ਪੀਰ ਦੇ ਇਸ਼ਕ-ਖੁਦਾ**
**ਜਗਦੇ ਮੀਤ ਨਿਸ਼ਾਨੀਏ, ਰਹਿਣ ਸ਼ਹੀਦੀ ਚਾਅ ;**
**ਅੱਧ ਦਸਤਾਰ, ਕਟਾਰ ਵੀ, ਸਤਿਗੁਰ ਦੇਣ ਸਜਾ**
**ਪਾਰ ਦੇ ਪੂਰ 'ਤੇ ਜਿਨਾਂ ਦੇ, ਰੰਗ ਚਮਕ ਰਹੇ ਛਾ।''੩**

ਪੀਰ ਬੁੱਧੂ ਸ਼ਾਹ ਦੇ ਅਨੁਭਵ ਵਿੱਚੋਂ ਹੀ ਛੇਵੇਂ ਅਤੇ ਦਸਵੇਂ ਗੁਰੂ ਸਾਹਿਬ ਦੀਆਂ ਮਹਾਨ ਪਵਿੱਤਰ ਜੰਗਾਂ ਦਾ ਅਸਲ ਦ੍ਰਿਸ਼ ਸਾਹਮਣੇ ਆ ਜਾਂਦਾ ਹੈ। ਇਸ ਪੜਾਅ 'ਤੇ ਹਰਿੰਦਰ ਸਿੰਘ ਮਹਿਬੂਬ ਗੁਰੂ-ਸੁਰਤ ਦੇ ਆਵੇਸ਼ ਰਾਹੀਂ ਇੱਕ ਅਜਿਹੀ ਰੂਹਾਨੀ-ਮੰਜ਼ਿਲ ਦੀ ਸਿਰਜਣਾ ਕਰਦਾ ਹੈ ਜਿੱਥੋਂ ਪੀਰ ਬੁੱਧੂ ਸ਼ਾਹ ਜੇਹੇ ਪਾਕ ਕੁਰਾਨ ਦੀ ਸੁਰਤ ਨਾਲ ਜੁੜੇ ਫ਼ਕੀਰ ਨੂੰ ਇੱਕੋ ਵੇਲੇ ਇਸਲਾਮ ਅਤੇ ਸਿੱਖ ਧਰਮ ਦੀ ਬੁਲੰਦ ਉੱਚਾਈ ਗੁਰੂ-ਸੁਰਤ ਵਿੱਚ ਅਭੇਦ ਹੋਈ ਦਿਸਦੀ ਹੈ:

**''ਸੱਚ ਮਨਜ਼ੂਰ ਹੋਏ ਜਿਸ ਛਿਣ 'ਤੇ, ਓਹੀ ਜਿੱਤ ਸੁਹਾਣੀ**
**ਭਾਵੇਂ ਵਿੱਚ ਕਰਬਲਾ ਹੋਵੇ, ਭਾਵੇਂ ਵਿੱਚ ਭੰਗਾਣੀ।**
**ਉਪਰ ਤੇਗ਼ ਲਿਖੇ ਨਾ ਜੇਕਰ, ਹਰਫ਼ ਕੁਰਾਨੀ ਮਾਹੀ**
**ਪਾਰ ਦੇ ਕਰਮ ਦੀ ਬੂੰਦ ਇਕ ਨ, ਛੋਹ ਸਕੇ ਜਗ-ਸ਼ਾਹੀ**
**ਨਬੀ-ਜਲੌਂ ਨ ਕਦੇ ਦਿਖਾਵਣ, ਸਿਰਫ਼ ਰੱਤੀਆਂ ਤੇਗਾਂ**
**ਜੇ ਨ ਖੰਭ ਸ਼ਹਾਦਤ ਉੱਗਣ, ਵਿੱਚ ਰਣ ਬੇਦਰੇਗ਼ਾਂ।**
**ਸੁਣਕੇ ਗੂੰਜ ਮਿਰੇ ਤਨ ਮਨ ਤੇ, ਖੰਭ ਸ਼ਹਾਦਤ ਉੱਗਣ**
**ਦਰ ਅੱਲ੍ਹਾ ਦੇ ਹਰ ਰਣ ਅੱਗੇ, ਜਦ ਵੀ ਗ਼ਾਜ਼ੀ ਪੁੰਗਣ।''**
**ਪੀਰ-ਜਾਨ ਲੈ ਨਬੀ- ਵਲਵਲਾ, ਭੰਗਾਣੀ 'ਚੋ ਉਠੇ**
**ਜਾ ਦਸਮੇਸ਼ ਦੀ ਯਾਦ ਜਗਾਏ, ਲਾ-ਮਕਾਂ ਸਭ ਸੁੱਤੇ।੪**

''ਭੰਗਾਣੀ ਦਾ ਯੁੱਧ'' ਵਿੱਚ ''ਜ਼ਹਿਰ ਦਾ ਬਦਲ'' ਅਤੇ ''ਸਾਜ਼ਿਸ਼ਾਂ'' ਦੇ ਸਿਰਲੇਖ ਥੱਲੇ ਹਰਿੰਦਰ ਸਿੰਘ ਮਹਿਬੂਬ ਨੇ ਪਹਾੜੀ ਰਾਜਿਆਂ ਦੀ ਗੁਰੂ ਪ੍ਰਤੀ ਮਘਦੀ ਈਰਖਾ ਅਤੇ ਵੈਰ ਦੇ ਨਾਲ ਗੁਰੂ ਸਾਹਿਬ ਦਾ ਸਾਥ ਦੇਣ ਵਾਲੇ ਗਿਣਤੀ ਦੇ ਪਹਾੜੀ ਰਾਜੇ ਅਤੇ ਆਪ ਦੇ ਰਾਜਪੂਤ ਸ਼ਰਧਾਲੂਆਂ ਦਾ ਜ਼ਿਕਰ ਵੀ ਇਸ ਦੇ ਨਾਲ ਹੀ ਬਖ਼ੂਬੀ ਨਿਭਾਇਆ ਹੈ। ਜਦੋਂ ''ਦੂਣ ਗੜ੍ਹਵਾਲ'' ਨੂੰ ਗੁਰੂ ਦੇ ''ਚਾਅ ਨਿਰਵੈਰ ਦੀ ਛੱਲ'' ਅੰਦਰੂਨੀ ਅਤੇ ਬਾਹਰੀ ਤੌਰ 'ਤੇ ਡਰਾ ਰਹੀ ਹੈ ਤਾਂ ਇਸ ਪੜਾਅ 'ਤੇ ਸਮੁੱਚੇ ਗਗਨ ਨੂੰ ''ਖੀਰ ਜੇਹੇ ਸਮੁੰਦ'' ਵਿੱਚ ''ਅਨੰਤ ਅੰਮ੍ਰਿਤ'' ਦਿੱਸ ਰਿਹਾ ਹੈ। ਭਾਵ ਸਾਰੀ ਕੁਦਰਤ, ਧਰਤੀ, ਅਸਮਾਨ ਅਤੇ ਸਮੁੰਦਰ ਆਦਿ ਗੁਰੂ ਦੀ ਦੈਵੀ ਸੁਰਤਿ ਦੀ ਨੇੜਤਾ ਰਾਹੀਂ ਨਿਰਮਲ ਅਤੇ ਅਜ਼ੀਮ ਹੋ ਚੁੱਕੇ ਹਨ ਪ੍ਰੰਤੂ ਗੁਰੂ ਦੀ ਇਸ ਸ਼ਬਦ ਦੇ ਅਨੁਕੂਲ ਕੁਦਰਤ ਵਿੱਚ ਪਤਾ ਨਹੀਂ ਈਰਖਾ ਭਰੇ ਵਾਸੁਕੀ ਜੇਹੇ ਮਨ ਵਾਲੇ ਖੁਣਸੀ ਰਾਜਪੂਤਾਂ ਨੇ ਕਦੋਂ ਬਿੱਖ ਭਰ ਦੇਣੀ ਹੈ:

**ਭਰੇ ਦੂਣ ਗੜ੍ਹਵਾਲ ਨੂੰ, ਚਾਅ ਨਿਰਵੈਰ ਦੀ ਛੱਲ**
**ਜਸ਼ਨ ਅਦੁੱਤੀ ਹੋਣ ਪਏ, ਸਾਹਵੇਂ ਰਾਜ ਮਹੱਲ**
**ਖੀਰ ਸਮੁੰਦ 'ਚ ਗਗਨ ਨੂੰ, ਅੰਮ੍ਰਿਤ ਦਿਸੇ ਅਨੰਤ**
**ਮਨ ਦੇ ਵਾਸੁਕੀ ਪਤਾ ਨਾ, ਬਿੱਖ ਦੇਣੀ ਕਦ ਘੱਲ !5**

ਗੁਰੂ ਦਾ ਸੁੰਦਰ ਸ਼ਾਮਿਆਨਾ ਦੂਣ ਦੇ ਸੁਗੰਧਤ ਵਾਤਾਵਰਣ ਵਿੱਚ ''ਚਮਕਦਾ'' ਹੈ। ਇਸ ਦੀ ਲਾਸਾਨੀ ਚਮਕ ਉਸ ਕਲਸ ਵਾਂਗ ਹੈ ਜਿਸ ਉੱਪਰ ਕਲਾਮਈ ਸਜਾਵਟ ਅਤੇ ਸ਼ਿੰਗਾਰ ਪਰੀ-ਮੂਰਤਾਂ ਵਾਂਗ ਫੱਬ ਰਿਹਾ ਹੈ, ਜਿਵੇਂ ਪਰੀਆਂ ਜੇਹੀਆਂ ਕਲਾਮਈ ਮੂਰਤਾਂ ਮੂੰਹੋਂ ਬੋਲ ਰਹੀਆਂ ਹੋਣ। ਇਸੇ ਸਮੇਂ ਪਹਾੜੀ ਰਾਜਿਆਂ ਜਿਵੇਂ ਭੀਮ ਚੰਦ, ਹਰੀ ਚੰਦ ਅਤੇ ਹੋਰ ਰਾਜਕੁਮਾਰਾਂ ਆਦਿ ਦਾ ਰੋਹ ਤਪੇ ਕੜਾਹੇ ਵਾਂਗ ਖੌਲ ਰਿਹਾ ਹੈ। ਜਦੋਂ ਉਨ੍ਹਾਂ ਦੇ ਕੰਨੀ ਗੁਰੂ ਦਾ ਨਾਂ ਪੈਂਦਾ ਹੈ, ਪਹਾੜੀ ਰਾਜਿਆਂ ਦੇ ਅੰਦਰ ਈਰਖਾ ਬਿਜਲੀ ਦੇ ਕੜਕ ਕੇ ਗਿਰਨ ਵਾਂਗ ਖੌਲ ਰਹੀ ਹੈ ਅਤੇ ਸਾਰਾ ਅਸਮਾਨ ਅਤੇ ਧਰਤੀ ਇਸ ਈਰਖਾ ਦੀ ਜ਼ਹਿਰ ਨਾਲ ਭਰ ਜਾਂਦੇ ਹਨ। ਇਸ ਅਵਸਥਾ ਵਿੱਚ ਰਾਜਾ ਭੀਮ ਚੰਦ ਗੁਰੂ ਪ੍ਰਤੀ ਈਰਖਾ ਵੱਸ ਗੁਰੂ ਦੇ ਸ਼ਰਧਾਲੂ ਰਾਜਾ ਫ਼ਤਹਿ ਚੰਦ ਅੱਗੇ ਗੁਰੂ ਸੰਬੰਧੀ ਆਪਣਾ ਕ੍ਰੋਧ ਅਤੇ ਈਰਖਾ ਅਜਿਹੀ ਘਿਣਾਉਣੀ ਹਾਲਤ ਵਿੱਚ ਜ਼ਾਹਰ ਕਰਦਾ ਹੈ, ਜਿਸ ਦੀ ਯੋਗ ਉਦਾਹਰਣ ਕਵੀ ਦੀਆਂ ਆਪਣੀਆਂ ਸਤਰਾਂ ਹੀ ਹੋ ਸਕਦੀਆਂ ਹਨ:

**ਭੀਮ ਚੰਦ ਕਹੇ ਫ਼ਤਹਿ ਨੂੰ, ''ਗੁਰੂ ਦੀ ਰੱਤ ਨਿਚੋੜ**
**ਭਰਸਾਂ ਕਾਲ ਦੀ ਖੋਪਰੀ, ਪੀ ਮੰਗਾਂ ਮੈਂ ਹੋਰ।''6**

''ਸਾਜ਼ਿਸ਼ਾਂ'' ਵਾਲੇ ਭਾਗ ਵਿੱਚ ਬਾਈਧਾਰ ਦੇ ਰਾਜਪੂਤ ਰਾਜਿਆਂ ਦੀ ਸਾਜ਼ਿਸ਼ਾਂ ਭਰੀ ਦ੍ਰਿਸ਼ਟੀ ਦਾ ਸੰਕੇਤਕ ਰੂਪ ਵਿੱਚ ਅਤਿ ਗੰਭੀਰ ਅਤੇ ਦੂਰਦਰਸ਼ੀ ਅਨੁਭਵ ਰਾਹੀਂ ਚਰਿੱਤਰ ਪੇਸ਼ ਕੀਤਾ ਹੈ। ਕਵੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਤੱਕ ਦੇ ਗੁਰੂ-ਅਮਲ ਨੂੰ ਧਿਆਨ ਵਿੱਚ ਰੱਖਦਿਆਂ ਅਧਿਆਤਮਕ ਦ੍ਰਿਸ਼ਟੀਕੋਣ ਰਾਹੀਂ ਇਹ ਦਰਸਾਇਆ ਹੈ ਕਿ ਕਿਵੇਂ ਰਾਜਪੂਤ ਰਾਜੇ ਆਪਣੀਆਂ ਖੁਣਸੀ ਅਤੇ ਸਾਜ਼ਿਸ਼ਾਂ ਭਰੀਆਂ ਚਾਲਾਂ ਰਾਹੀਂ ਸਦਾ ਹੀ ਮਹਾਨ ਪਵਿੱਤਰ ਜੰਗ (The Greater Holy War) ਦੇ ਦੈਵੀ ਆਦਰਸ਼ ਦੀ ਛੋਹ ਤੋਂ ਦੂਰ ਹੀ ਰਹੇ। ਇਨ੍ਹਾਂ ਰਾਜਪੂਤਾਂ ਦੇ ਸਾਜ਼ਿਸ਼ਾਂ ਭਰੇ ਮਨ ਦੀ ਦਸ਼ਾ ਨੂੰ ਕਵੀ ਨੇ ਤਰ੍ਹਾਂ-ਤਰ੍ਹਾਂ ਦੇ ਦ੍ਰਿਸ਼ਟਾਂਤਾਂ ਅਤੇ ਹਵਾਲਿਆਂ ਰਾਹੀਂ ਬੇਨਕਾਬ ਕੀਤਾ ਹੈ। ਇਨ੍ਹਾਂ ਰਾਜਪੂਤਾਂ ਦੇ ਸਾਜ਼ਿਸ਼ਾਂ ਭਰੇ ਮਨਾਂ ਵਿੱਚ ਸੰਘਣਾ ਹਨੇਰਾ ਛਾਇਆ ਹੋਇਆ ਹੈ ਜਿਸ ਵਿੱਚ ਪ੍ਰਕਾਸ਼ ਵਾਲੇ ਦਿਨ ਦੇ ਚੜ੍ਹਨ ਦੀ ਸੰਭਾਵਨਾ ਹੀ ਨਹੀਂ। ਜਿਵੇਂ ਡੂੰਘੇ ਪਾਣੀਆਂ ਵਿੱਚ ਜ਼ਹਿਰੀਲੇ ਜਲਚਰ (ਮਗਰਮੱਛ, ਤੰਦੂਏ ਆਦਿ) ਛੁਪੇ ਹੁੰਦੇ ਹਨ, ਇਸੇ ਤਰ੍ਹਾਂ ਇਨ੍ਹਾਂ ਖੁਣਸ ਤੇ ਨਫ਼ਰਤ ਨਾਲ ਭਰੇ ਰਾਜਪੂਤ ਰਾਜਿਆਂ ਦੇ ਮਨਾਂ ਵਿੱਚ ਡੂੰਘੇ ਪਾਣੀਆਂ ਜਿਹਾ ਹੀ ਗਹਿਰਾ ਹਨੇਰਾ ਛਾਇਆ ਹੋਇਆ ਹੈ। ਇਹ ਸਾਜ਼ਿਸ਼ੀ ਮਨਾਂ ਦੀ ਅਵਸਥਾ ਵਿਸ਼ਵ ਦੇ ਮਹਾਨ ਕਵੀ ਦਾਂਤੇ ਦੇ ਨਰਕ (Inferno) ਜੇਹੀ ਦਰਸਾਈ ਹੈ:

**ਪਾਉਂਟੇ ਵਿਚ ਦਸਮੇਸ਼ ਨੂੰ, ਨੰਦ ਚੰਦ ਨੇ ਜਾ**
**ਦਸਿਆ ਦਹਦਿਸਿ ਸਾਜ਼ਿਸ਼ਾਂ, ਮੱਲ ਬੈਠੀਆਂ ਰਾਹ**
**ਪਈ ਤੰਬੋਲੋਂ ਦੂਣ ਤੇ, ਜਦ ਕਲਗੀ ਦੀ ਭਾ**
**ਨਾਗ-ਜੀਭ ਲਈ ਕੰਠ 'ਚੋ ਬਾਈਧਾਰ ਉਗਾ**
**ਹਰੀ ਭੀਮ ਗੋਪਾਲ ਸੀ, ਰਹੇ ਉਬਾਲੇ ਖਾ**
**ਲਏ ਛੁਪੀ ਬਿਖ ਉਹਲਿਉਂ, ਲੱਖਾਂ ਨਾਗ ਬੁਲਾ।7**

ਫਰਿਥ ਜਾਫ਼ ਸ਼ੁਨ ਨੇ ''ਦੀ ਅੰਡਰਸਟੈਂਡਿੰਗ ਇਸਲਾਮ'' ਨਾਂ ਦੀ ਪੁਸਤਕ ਵਿੱਚ ਆਖਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਪਰਿਵਾਰ ਅਤੇ ਆਪਣੇ ਖਲੀਫ਼ਿਆਂ ਤੇ ਗਾਜ਼ੀਆਂ ਰਾਹੀਂ ਧਰਤੀ 'ਤੇ ਰੱਬ ਦਾ ਸ਼ਹਿਰ (City of God) ਵਸਾਇਆ। ਇੱਥੇ 'ਇਲਾਹੀ ਨਦਰ ਦੇ ਪੈਂਡੇ' ਮਹਾਂਕਾਵਿ ਦੀ ਗਵਾਹੀ ਰਾਹੀਂ ਇਹ ਆਖਿਆ ਜਾ ਸਕਦਾ ਹੈ ਕਿ ਰੱਬ ਦਾ ਅਸਲ ਸ਼ਹਿਰ ਇਸ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਨੇ ਆਪਣੇ ਪਰਿਵਾਰ ਰਾਹੀਂ ਵਸਾਇਆ। 'ਭੰਗਾਣੀ ਦਾ ਯੁੱਧ : ਰਣਜੀਤ ਦੀ ਗੂੰਜ' ਵਾਲੇ ਭਾਗ ਵਿੱਚ ਭੰਗਾਣੀ ਦੇ ਯੁੱਧ ਤੋਂ ਪਹਿਲਾਂ ਮਾਤਾਵਾਂ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਅਤਿ ਵੈਰਾਗ ਭਰਿਆ ਗੁਰੂ-ਸੁਰਤਿ ਨਾਲ ਲਬਰੇਜ਼ ਪਿਆਰ ਅਤੇ ਅਸੀਸ ਆਪਣੀ-ਆਪਣੀ ਤਰ੍ਹਾਂ ਦਿੰਦੀਆਂ ਹਨ। ਭਿੰਨੀ ਰੈਣ ਵਿੱਚ ਸ਼ਾਹਿਬਜ਼ਾਦਾ ਅਜੀਤ ਸਿੰਘ ਨੂੰ ਰਣਾਂ ਦੇ ਬੋਲ ਸੁਣ ਰਹੇ ਹਨ। ਸਾਹਿਬਜ਼ਾਦਾ ਅਜੀਤ ਸਿਘ ਦੀ ਦ੍ਰਿਸ਼ਟੀ

ਪਵਿੱਤਰ ਮਹਾਂਜੰਗ ਦੇ ਰਣਾਂ ਨੂੰ ਮੁਕੰਮਲ ਤੌਰ 'ਤੇ ਧਾਰਨ ਕਰ ਚੁੱਕੀ ਹੈ। ਭਾਵ ਮਹਾਨ ਪਵਿੱਤਰ ਜੰਗ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਇੱਕ ਦੂਸਰੇ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ:

**ਮਾਤਾ ਗੁਜਰੀ ਤੱਕਦੀ, ਤ੍ਰੈਕਾਲੀ ਅਸਗਾਹ**
**ਤਿਸ ਵਿੱਚ ਅੰਮ੍ਰਿਤ ਰਮੇ ਨੇ, ਜੁਗ ਜੁਗ ਰਹਿਣ ਗਵਾਹ**
**ਗੁਰ ਉਹ ਅੰਮ੍ਰਿਤ ਵੰਡਸੀ, ਰਣਾਂ ਦੇ ਅਦਲ ਜਗਾ**
**ਜਦ ਤਕ ਛੁਹੇ ਨ ਜਗਤ ਨੂੰ, ਜਾਣ ਨ ਪੁੱਤ ਦੇ ਸਾਹ**
**ਤੀਰ-ਅਣੀ ਨੂੰ ਪਿਆਰਦੀ, ਮਾਂ-ਅਸੀਸ ਦੀ ਛੋਹ**
**ਧਰਮਸਾਲ ਨੂੰ ਭਰੇ ਪਈ, ਤਿਸ ਦੀਵੇ ਦੀ ਲੋਅ।8**

ਮਾਤਾਵਾਂ ''ਤਨ ਕਾ ਬਿਰਹਾ'' ਵਿੱਚੋਂ ਰੋਂਦੀਆਂ ਹਨ ਜਿੱਥੋਂ ਗੁਰੂ ਨਾਨਕ ਸਾਹਿਬ ਦੇ 'ਰਾਗ ਵਡਹੰਸ' ਵਿੱਚ ਰਚੇ ਸ਼ਬਦ ਦਾ ਭਾਵ ਜ਼ਿੰਦਗੀ ਦੇ ਵੈਰਾਗ ਭਰੇ ਅਮਲ ਵਿੱਚ ਪ੍ਰਕਾਸ਼ਮਾਨ ਹੁੰਦਾ ਹੈ ਅਤੇ 'ਤਨ ਕਾ ਬਿਰਹਾ' ਵਿੱਚੋਂ ਅਜਿਹਾ ਰੋਣਾ ਹੀ ਪਿਰ ਤੋਂ ਵਿਛੜੀ ਇਸਤਰੀ ਨੂੰ ਪਿਰ ਨਾਲ ਸਦੀਵੀ ਤੌਰ 'ਤੇ ਮੇਲ ਸਕਣ ਦੇ ਯੋਗ ਹੈ। ਕਹਿਣ ਦਾ ਭਾਵ ਇਹ ਹੈ ਕਿ ਗੁਰਬਾਣੀ ਦਾ ਹਰ ਸ਼ਬਦ ਦਸ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਿਵਾਰ ਅਤੇ ਖ਼ਾਲਸੇ ਰਾਹੀਂ ਜ਼ਿੰਦਗੀ ਦੇ ਅਮਲ ਦਾ ਰੂਪ ਧਾਰਨ ਕਰਦਾ ਹੈ :

**ਗੁਜਰੀ ਪਿਛੋਂ ਸੁੰਦਰੀ, ਕਲਗ਼ੀਧਰ ਪਿਰ ਵਲ**
**ਕਰੇ ਅਜੀਤ, ਉਠਾਂਵਦੀ, ਪਰਵਾਜ਼ਾਂ ਦੀ ਛੱਲ**
**ਅੰਮ੍ਰਿਤ ਬੂੰਦ ਇਹ ਚੱਖਸੀ, ਦਲ ਸ਼ਹੀਦ ਸੰਗ ਚੱਲ**
**ਨੀਂਦਰ ਇਦ੍ਹੀ ਤਰੌਂਕਸੀ, ਰੋਂਦੇ ਬਾਲਾਂ 'ਤੇ ਜਲ।**
**ਜੀਤੋ-ਮਨ 'ਚੋਂ ਵਰ੍ਹੇ ਤਾਂ, ਮਹਾਂ ਤਰਸ ਗੰਭੀਰ**
**ਲਾਵੇ ਹਿੱਕ 'ਤੇ ਬਾਲ ਨੂੰ, ਨੈਣ ਕੇਰਦੇ ਨੀਰ।**
**ਗੁਰੂ ਕਹਿਣ : ''ਮਿੱਠ ਕੰਤੀਏ ! ਫਬਣ ਤਿਰੇ ਤਦ ਪੁੱਤ**
**ਬਹੁਤ ਸੁਹਾਣੀ ਮਿੱਠੜੀ, ਜਦੋਂ ਸ਼ਹੀਦ ਦੀ ਰੁੱਤ।9**

''ਰਣਜੀਤ ਦੀ ਪੂਰਨ ਗੂੰਜ ਨਾਲ ਰਵਾਨਗੀ'' ਦੇ ਸਿਰਲੇਖ ਥੱਲੇ ਹਰਿੰਦਰ ਸਿੰਘ ਮਹਿਬੂਬ ਨੇ ਪਵਿੱਤਰ ਮਹਾਂਜੰਗ ਦੇ ਸੰਪੂਰਨ ਅਮਲ ਨੂੰ ਪਾਲਣ ਵਾਲੇ ਗੁਰੂ ਗੋਬਿੰਦ ਸਿੰਘ ਅਤੇ ਉਸ ਦੇ ਮੁਰੀਦਾਂ ਦੀ ਬੇਪ੍ਰਵਾਹ ਰਵਾਨਗੀ ਰਾਹੀਂ ਅਚੇਤ/ਸੁਚੇਤ ਰੂਪ ਵਿੱਚ ਮਨੁੱਖ ਦੀਆਂ ਸਦੀਆਂ ਤੋਂ ਬਾਂਝ-ਬੰਜਰ ਹੋਈਆਂ ਚੇਤਨਾ ਇਕਾਈਆਂ ਵਿੱਚ ਰਣਜੀਤ ਨਗਾਰੇ ਦੀ ਅਗੰਮੀ ਨਾਦ ਦੀ ਗੂੰਜ ਰਾਹੀਂ ਪੁਨਰ-ਜੀਵਨ ਦੇ ਸੰਕਲਪ ਨੂੰ ਭਰਪੂਰ ਖੇੜੇ ਦੀ ਰੂਹਾਨੀ ਸੱਦ ਦਿੱਤੀ। ਭੰਗਾਣੀ ਦੇ ਯੁੱਧ ਦੀ ਜਿੱਤ ਪਿੱਛੋਂ ਗੁਰੂ ਦੀਆਂ ਖਾਲਸਾ ਫੌਜਾਂ ਗੁਰੂ ਦੇ ਪਰਿਵਾਰ ਸੰਗ ਪਹਾੜੀ ਰਾਜਪੂਤਾਂ ਦੇ ਬੰਜਰ ਹੋਏ ਮਨਾਂ ਵਿੱਚ ਰੂਹਾਨੀ ਜੀਵਨ ਦੇ ਸੰਪੂਰਨ ਅਹਿਸਾਸ ਦੀ ਪ੍ਰਤੀਤੀ ਜਗਾਉਂਦੀਆਂ ਅੱਗੇ ਅਨੰਦਪੁਰ ਦੇ ਕਿਲ੍ਹੇ ਵੱਲ ਵਧ ਰਹੀਆਂ ਹਨ। ਗੁਰੂ ਦਸ਼ਮੇਸ਼ ਜੀ ਦਾ ਹੁਕਮ ਹੈ ਕਿ ''ਡਾਢੇ ਕਾਲ ਪੱਤਣਾਂ ਉੱਤੇ'' ''ਮੰਝਧਾਰਾਂ ਨੂੰ'' ਗੁਰੂ ਸਿਦਕ ਦੇ ਜ਼ੋਰ ਨਾਲ ''ਠੱਲ੍ਹ'' ਦੇਵੋ। ਰਾਜਪੂਤ ਪ੍ਰਜਾ ਦੇ ਬੰਜਰ ਹੋ ਚੁੱਕੇ ਮਨਾਂ ਅੰਦਰ ਸੁੰਨ ਪਹਾੜਾਂ ਨੂੰ ਤੋੜ ਕੇ ਜ਼ਿੰਦਗੀ ਦੇ ਖੇੜੇ ਨੂੰ ਬਖੇਰਨ ਅਤੇ ਪਾਲਣ ਵਾਲੀ ਜੀਵਨ-ਨੈ ਨੂੰ ਸਦੀਵੀ ਤੌਰ ਤੇ ਵਗਾ ਦੇਵੋ। ਭੰਗਾਣੀ ਦੇ ਯੁੱਧ ਵਿੱਚ ਜਿਹੜੀ ਰੱਤ ਡੁੱਲ੍ਹੀ ਹੈ, ਉਸੇ ਰੱਤ ਨੇ ਰੱਬੀ ਅਹਿਸਾਸ ਦੀ ਨੇੜਤਾ ਰਾਹੀਂ ਇੱਕ ਖੇੜੇ ਵਾਲੀ ਛਾਂ ਦਾ ਰੂਪ ਧਾਰਨ ਕਰ ਲਿਆ ਹੈ। ਜਦੋਂ ਸੱਚ ਦੇ ਮਾਰਗ 'ਤੇ ਚੱਲਣ ਵਾਲਾ ਖਾਲਸਾ ਪਵਿੱਤਰ ਮਹਾਂਜੰਗ ਨੂੰ ਅਮਲ ਵਿੱਚ ਸਦੀਵੀ ਤੌਰ 'ਤੇ ਪਾਲੇਗਾ ਤਾਂ ਇਸ ਅਵਸਥਾ ਵਿੱਚ ਧਰਤੀ ਤੇ ਰੁੱਖ ਵੀ ਸ਼ਹਾਦਤਾਂ ਦੇ ਮਾਰਗ ਖੁਦ ਹੀ ਦੱਸ ਪਾਉਣਗੇ:

**''ਰੁੱਤ ਉਤੇ ਖਿੜੀ ਛਾਂ ਹੇਠਾਂ, ਨੈਂ-ਬੂੰਦ ਲਈ ਖੱਲ੍ਹੋ**
**ਰੁੱਖ ਸ਼ਹਾਦਤ ਦੇ ਰਾਹ ਦੱਸਣ, ਸਰ ਸਿਖਰਾਂ ਦੇ ਝੱਲੋ।''**
**ਸੁਣ ਕੇ ਸੁਖਮ ਦਮਾਮੇ ਵਿੱਚੋਂ, ਨਾਦ ਅਜਿੱਤ ਸੀ ਗੂੰਜੇ**
**ਹਰੀ ਕਚੂਰ ਸ਼ਾਖ ਲੈ ਮਹਿਕੇ, ਬਾਂਝ ਧਰਤ ਦੇ ਖੂੰਜੇ।**
**ਧੌਂਸੇ ਨਾਲ ਦੂਰ ਪਰਵਾਜ਼ਾਂ, ਆਉਣ ਕਹਿਕਸ਼ਾਂ ਤਰਕੇ**
**ਪੁਰੀ ਅਨੰਦ ਦੇ ਦਿਲ ਸੁੱਤੇ 'ਤੇ, ਤਰਬ ਅਕਹਿ ਆ ਧੜਕੇ।**

**ਬਹੁਤ ਮਹੀਨ ਰਾਗ ਦੀ ਸੁਰ ਜਿਉਂ, ਰੂਪ ਅਗੰਮੀ ਮਾਵਾਂ**
**ਰਹਿਮ-ਅਦਾ ਸੁਖਨ ਹਰ ਸ਼ੀਰੀ, ਜਿਵੇਂ ਮੁਬਾਰਕ ਛਾਵਾਂ।10**

''ਸਿਦਕ ਸੱਚ ਦੇ ਕਿਲ੍ਹੇ'' ਵਾਲੇ ਸਿਰਲੇਖ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਿਲ੍ਹੇ ਹੋਲਗੜ੍ਹ, ਅਨੰਦਗੜ੍ਹ, ਲੋਹਗੜ੍ਹ, ਫਤਹਿਗੜ੍ਹ ਅਤੇ ਤਾਰਾਗੜ੍ਹ ਆਦਿ ਉਸਾਰੇ, ਉਨ੍ਹਾਂ ਕਿਲ੍ਹਿਆਂ ਦੀ ਮੂਲ ਰੂਪ ਵਿੱਚ ਬੁਨਿਆਦ ਹੀ ਪਵਿੱਤਰ ਮਹਾਂਜੰਗ ਦੇ ਸੰਕਲਪ ਵਿੱਚੋਂ ਰੱਖੀ ਗਈ।

ਇਹ ਪੰਜੇ ਕਿਲ੍ਹੇ ਧਰਤੀ ਧਰਮਸਾਲ ਦੇ ਤਸੱਵਰ ਨੂੰ ਬਾਹਰੀ ਅਤੇ ਅੰਦਰੂਨੀ ਤੌਰ ਤੇ ਆਪਣੇ ਅਮਲ ਵਿੱਚ ਪਾਲ ਰਹੇ ਸਨ। ਕਵੀ ਅਨੁਸਾਰ ਗੁਰੂ ਦਸਮੇਸ਼ ਦੇ ਮੱਥੇ 'ਤੇ ਜਿਹੜੀ ਪਰਮ ਅਰਦਾਸ ਲਸ ਰਹੀ ਸੀ, ਉਹ ''ਹੁਕਮ ਅਚਿਹਨ ਦੀ ਪਰਵਾਜ਼ ਪਰ ਨਿਵਾਸ'' ਕਰ ਰਹੀ ਸੀ। ਇਸ ਲਸ ਰਹੀ ਅਰਦਾਸ ਦੀ ਡੂੰਘੀ ਚੁੱਪ ਮਹਾਂਕਾਲ ਤੱਕ ਲਰਜ਼ ਰਹੀ ਸੀ, ਧਰਤੀ ਦੀ ਅਸੀਮ ਬ੍ਰਹਿਮੰਡਾਂ ਦੇ ਪ੍ਰਸੰਗ ਵਿੱਚ ਨਿੱਕੀ ਖੇਡ ਨੂੰ, ਗਗਨ ਚੁੱਕ-ਚੁੱਕ ਕੇ ਮਾਸੂਮ ਬਾਲਾਂ ਵਾਂਗ ਲਾਡ ਦਿੰਦਿਆਂ ਅਸੀਮ ਅਰਸ਼ਾਂ ਨੂੰ ਵਿਖਾ ਰਹੇ ਸਨ। ਇਸ ਤਰ੍ਹਾਂ ਬੇਨੂਰ ਅਤੇ ''ਸਦੀਆਂ ਤੋਂ ਬਾਂਝ ਤੇ ਸੁੱਕੇ ਇਤਿਹਾਸ'' ਵਿੱਚ ਰੂਹਾਨੀਅਤ ਦੇ ਨੂਰ ਨਾਲ ਲਸਦੀ ਜ਼ਿੰਦਗੀ ਦੀ ਇੱਕ ''ਲੰਮੀ ਨਦੀ ਵਗ ਉਠਦੀ'' ਹੈ। ਭਾਵੇਂ ਸਦੀਆਂ ਦੀ ਬੱਜਰ ਭੁੱਲ ਨੇ ਇਤਿਹਾਸ ਨੂੰ ਬਾਂਝ ਅਤੇ ਵੀਰਾਨ ਕੀਤਾ ਹੋਇਆ ਸੀ ਪ੍ਰੰਤੂ ਇਸ ਸੰਸਾਰ ਤੋਂ ਪਾਰ ਲਾਉਣ ਵਾਲੇ ਗੁਰੂ

ਪੈਗੰਬਰ ਅਤੇ ਅਵਤਾਰ ਨੂੰ ਜ਼ਿੰਦਗੀ ਨੂੰ ਪਾਰ ਲਾਉਣ ਵਾਲੇ ਸਿਦਕ ਦਾ ਗੀਤ ਕਦੀ ਵੀ ਨਹੀਂ ਭੁੱਲਦਾ। ਗੁਰੂ ਦਸ਼ਮੇਸ਼ ਦੀ ਬੰਦਗੀ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਨੌਂ ਗੁਰੂ ਸਾਹਿਬਾਨ ਦੇ ਜੀਵਨ, ਅਮਲ ਅਤੇ ਅਦੁੱਤੀ ਕਾਰਨਾਮੇ, ਵਿਸ਼ਵ ਧਰਮਾਂ ਦੀਆਂ ਦੈਵੀ ਪਰੰਪਰਾਵਾਂ ਸਜਾਈਆਂ ਹੋਈਆਂ ਸਨ, ਇਹ ਸੰਪੂਰਨ ਬੰਦਗੀ ਹੀ ਗਰੀਬ ਲੋਕਾਂ ਦਾ ਅਮੁੱਲ ਆਸਰਾ ਬਣ ਕੇ ਇਨ੍ਹਾਂ ਕਿਲ੍ਹਿਆਂ ਦੀ ਬੁਨਿਆਦ ਰਾਹੀਂ ਸਾਹਮਣੇ ਆਈ। ਇਸ ਸਮੇਂ ਨਾ ਪੁਰਾਣੇ ਧਰਮਾਂ ਅਤੇ ਸੰਤਾਂ ਦੀਆਂ ਪੈੜਾਂ ਦੇ ਨਿਸ਼ਾਨ ਹੀ ਬਾਕੀ ਸੀ, ਨਾ ਧਰਮ ਦੇ ਨਾਮ 'ਤੇ ਲੜਨ ਵਾਲੀਆਂ ਫੌਜਾਂ ਦੀ ਯਾਦ ਦਿਲਾਂ ਵਿੱਚ ਤਾਜ਼ਾ ਸੀ ਅਤੇ ਬਨਵਾਸੀ ਛਾਵਾਂ ਨੂੰ ਚੌਫੇਰਿਓਂ, ਸੁੰਨ-ਮਸਾਨ ਨੇ ਘੇਰਿਆ ਹੋਇਆ ਸੀ ਪ੍ਰੰਤੂ ਫਿਰ ਵੀ ਕਿਸੇ ਅੰਦਰੂਨੀ ਸਿਦਕ ਨੂੰ ਦਸ਼ਮੇਸ਼ ਬੰਦ-ਖਲਾਸ ਦੀ ਲਗਾਤਾਰ ਉਡੀਕ ਸੀ। ਧਰਤੀ ਦੀ ਇਸ ''ਰੋਗੀ ਹੋ ਚੁੱਕੀ'' ਰਾਖ ਦੇ ''ਪਾਰ ਅਗਾਹ ਗੁਲਜ਼ਾਰ'' ਦੇ ਘੁੰਡ ਨੀਲੇ ਦਾ ਅਸਵਾਰ ਉਠਾ ਰਿਹਾ ਹੈ:

**ਕਲਗੀਧਰ ਦੀ ਲਿਵ ਨੇ, ਕਿਲ੍ਹੇ ਉਸਾਰ ਇੰਜ**
**ਜੁੜੀ ਜਿਨ੍ਹਾਂ ਦੇ ਨਾਲ ਰਹੀ, ਸਿਦਕ ਸੱਚ ਦੀ ਜਿੰਦ।**
**ਪੰਜ ਕਿਲ੍ਹੇ ਸੀ ਨਗਰ ਦੇ, ਗ਼ੈਬੀ ਫ਼ਤਹਿ-ਨਿਸ਼ਾਨ**
**ਮੂਕ ਸ਼ਬਦ ਵਿਚ ਜਿਸ ਤਰ੍ਹਾਂ, ਸੁੱਤੇ ਅਰਥ ਮਹਾਨ।**
**ਕਿਲ੍ਹੇ ਵਾਂਗ ਲਿਵ ਜੁੜੇ ਸੀ, ਨਾਲ ਮੂਕ ਅਰਦਾਸ**
**ਬ੍ਰਹਿਮੰਡਾਂ ਦੀ ਨਜ਼ਰ ਦੇ, ਹੇਠ ਸਿਦਕ ਤੇ ਆਸ।**
**ਤਿੰਨ ਕਿਲ੍ਹਿਆਂ ਨੂੰ ਤੱਕਦੀ, ਸਤਲੁਜ ਦੀ ਮੁਸਕਾਨ**
**ਗੁਰੂ-ਓਟ ਵਿਚ ਜੀਂਵਦੇ, ਨਭ ਜੇਡੇ ਅਸਮਾਨ।11**

''ਚਮਕਦੀ ਰੋਗੀ ਲਹਿਰ: ਨਦੌਣ ਅਤੇ ਗੁਲੇਰ ਦੀਆਂ ਜੰਗਾਂ ਪਿੱਛੋਂ'' ਦੇ ਸਿਰਲੇਖ ਵਿੱਚ ਮਹਾਨ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਨੇ ਇਹ ਰਹੱਸ ਜ਼ਾਹਰ ਕੀਤਾ ਹੈ ਕਿ ਭਾਈ ਨੰਦ ਲਾਲ ਅਤੇ ਉਸ ਦੇ ਮੁਰੀਦ ਗਿਆਸੁਦੀਨ ਰਾਹੀਂ ਗੁਲੇਰ ਦੇ ਭੀਮ ਕਟੋਚ ਅਤੇ ਗੁਪਾਲ ਨੂੰ ਗੁਰੂ ਦੀ ਪਹਿਚਾਣ ਗੁਲੇਰ ਅਤੇ ਨਦੌਣ ਦੀਆਂ ਜੰਗਾਂ ਵਿੱਚ ਇਸ ਲਈ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਨੂੰ ਈਰਖਾ ਅਤੇ ਹਸਦ ਦੀ ਹੁੰਮਸ ਤੋਂ ਬਾਹਰ ਹੋ ਕੇ ਵੇਖਣ ਵਾਲੀ ਬੁੱਤ ਪ੍ਰਸਤੀ ਤੋਂ ਨਿਰਲੇਪ ਸੁਤੰਤਰ ਦਾਤ ਦੀ ਪ੍ਰਾਪਤੀ ਨਹੀਂ:

**ਵਫ਼ਾ ਗੁਪਾਲ ਤੇ ਭੀਮ ਦੀ, ਸੱਚ ਅਨੀਲ ਤੋਂ ਹੀਣ**
**ਵਿਚ ਗੁਲੇਰ ਗੁਪਾਲ ਨੂੰ, ਦਿਸੇ ਨਾ ਦੈਵੀ ਨੀਰ**
**ਮਿਣਦਾ ਉਰਲੇ ਕੰਢੜੇ, ਲਾਭ ਤੇ ਹਾਣ ਅਖੀਰ ;**
**ਨਜ਼ਰ ਪਹਾੜੀ ਗਈ ਨਾ, ਪਾਰ ਰਸਮ ਜਗ ਚੀਰ**
**ਜਦੋਂ ਹੁਸੈਨੀ ਮਾਰਿਆ, ਰਮਜ਼ ਲਤੀਫ਼ ਦੇ ਤੀਰ।13**

ਜੰਗ ਅਤੇ ਰਹਿਮ (ਮਹਾਨ ਜੰਗਾਂ ਤੋਂ ਪਹਿਲਾਂ ਦੇ ਅਨੁਭਵ) ਸਿਰਲੇਖ ਵਿੱਚ ਕਵੀ ਨੇ ਵਿਸ਼ਵ ਧਰਮਾਂ ਦੇ ਪੈਗੰਬਰਾਂ ਅਤੇ ਅਵਤਾਰਾਂ ਦੇ ਸੰਦਰਭ ਵਿੱਚ ਇਹ ਦਰਸਾਇਆ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਅਤੇ ਦਸਮੇਸ਼ ਜੀ ਦੀਆਂ ਜੰਗਾਂ ਵਿੱਚ ਵਿਸ਼ੇਸ਼ ਕਰਕੇ ਇਸਲਾਮ ਦੇ ਸੰਬੰਧ ਵਿੱਚ ਇਹ ਵਿਸ਼ੇਸ਼ ਅੰਤਰ ਹੈ ਕਿ ਦੁਸ਼ਮਣ ਨਾਲ ਮੈਦਾਨਿ ਜੰਗ ਵਿੱਚ ਸਾਹਮਣਾ ਕਰਦੇ ਹੋਏ ਗੁਰੂ ਇੱਕੋ ਵੇਲੇ ਕਹਿਰ ਦੇ ਅਨੰਤ ਜੋਸ਼ ਵਿੱਚ ਵੀ ਦੁਸ਼ਮਣ 'ਤੇ ਲਗਾਤਾਰ ਰੱਬੀ ਰਹਿਮ ਕਰ ਰਿਹਾ ਹੈ। ਇਸ ਸਿਰਲੇਖ ਵਿੱਚ ਗੁਰੂ ਦੇ ਰਹਿਮ ਅਤੇ ਕਹਿਰ ਨੂੰ ਅਧਿਆਤਮਕ ਦ੍ਰਿਸ਼ਟੀ ਦੇ ਅਤਿ ਸੂਖਮ ਅੰਦਾਜ਼ ਰਾਹੀਂ ਬਖ਼ੂਬੀ ਨਿਭਾਇਆ ਗਿਆ ਹੈ। ਇਸ ਦੇ ਨਾਲ ਹੀ ''ਯੁੱਧ ਦੇ ਅਗੰਮ ਨਾਲ ਰਿਸ਼ਤੇ'' ਵਿੱਚ ਕਵੀ ਨੇ ਸੰਸਾਰਕ ਯੁੱਧ ਨੂੰ ਅਗੰਮ ਨਾਲ ਲਗਾਤਾਰ ਅਨਿੱਖੜ ਤਾਲ ਵਿੱਚ ਇੱਕਸੁਰ ਵਿਖਾਇਆ ਹੈ। ਇਹ ਮਹਾਨ ਜੰਗਾਂ ਮੂਲ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਆਤਮਕ ਰਹੱਸ ਨੂੰ ਹੀ ਮੈਦਾਨਿ ਜੰਗ ਦੇ ਅਮਲ ਵਿੱਚ ਰੂਪਮਾਨ ਕਰ ਰਹੀਆਂ ਹਨ। ਦਿੱਸਦੇ ਅਤੇ ਅਣਦਿੱਸਦੇ ਵਿੱਚ ਇਨ੍ਹਾਂ ਰੂਹਾਨੀ ਜੰਗਾਂ ਦੀ ਮਹੱਤਤਾ ਲਗਾਤਾਰ ਇੱਕ-ਸਮਾਨ ਦਿੱਸ ਰਹੀ ਹੈ। 'ਅਨੰਦਪੁਰ ਦਾ ਪਹਿਲਾ ਯੁੱਧ : ਸਿਦਕ ਦਾ ਪਹਿਲਾ ਮੋੜ'' ਵਿੱਚ ਦੀਨ ਬੇਗ ਅਤੇ ਪੈਂਦੇ ਖਾਂ ਦੂਜਾ ਨੂੰ ਦਸਮੇਸ਼ ਪਿਤਾ ਅਤੇ ਅਜੀਤ ਸਿੰਘ ਨੇ ਕਰਾਰੀ ਹਾਰ ਦੇ ਕੇ ਜੰਗ ਦੇ ਰੂਹਾਨੀ ਅੰਦਾਜ਼ ਨੂੰ ਦੁਸ਼ਮਣ 'ਤੇ ਫ਼ਤਹਿ ਰਾਹੀਂ ਪ੍ਰਕਾਸ਼ਮਾਨ ਕੀਤਾ। ਇਸ ਜੰਗ ਵਿੱਚ ਮਾਤਾਵਾਂ ਅਜੀਤ ਸਿੰਘ ਅਤੇ ਉਸ ਦੇ ਜ਼ਖ਼ਮਾਂ ਨਾਲ ਸ਼ਿੰਗਾਰੇ ਘੋੜੇ ਉੱਪਰ ਵੈਰਾਗ ਦੇ ਅੱਥਰੂ ਵਾਰ ਕੇ ਇਨ੍ਹਾਂ ਦੇ ਰੱਬੀ ਬਖਸ਼ਿਸ਼ ਲਈ ਦੁਆ ਰੂਪ ਹੋ ਕੇ, ਦੁਆ ਕਰਦੀਆਂ ਹਨ।

**''ਮਾਵਾਂ ਦੇ ਵਡ ਦਰਦ ਲੰਮੇਰੇ, ਤੇਗ਼ ਅਜੀਤ ਤੋਂ ਵਾਰੀ**
**ਦੇਹ ਜਿਦ੍ਹੇ ਘੋੜੇ ਦੀ ਦਿਸਦੀ, ਜ਼ਖ਼ਮਾਂ ਨਾਲ ਸ਼ਿੰਗਾਰੀ।14**

'ਹਾਥੀ ਦੀ ਜੰਗ : ਸਿਦਕ ਦਾ ਸਪਸ਼ਟ ਝਲਕਾਰਾ'' ਵਿੱਚ ਕੇਸਰੀ ਸਿੰਹੁ ਖੁਣਸੀ ਅਤੇ ਉਸ ਦਾ ਨਿਰਪ ਭਾਣਜਾ ਲੋਹਗੜ੍ਹ ਦੇ ਕਿਲ੍ਹੇ ਵਿੱਚ ਸਿੰਘਾਂ ਨੂੰ ਵੰਗਾਰਦੇ ਹਨ ਜਿਸ ਦੇ ਜਵਾਬ ਵਿੱਚ ਬਚਿੱਤਰ ਸਿੰਘ ਨੇ ਨਾਗਣੀ ਦੇ ਜੌਹਰ ਰਾਹੀਂ ਕੇਸਰੀ ਸਿੰਹੁ ਦੇ ਮਸਤ ਹਾਥੀ ਦੇ ਕਰਾਰਾ ਜ਼ਖ਼ਮ ਕਰਕੇ ਉਸ ਨੂੰ ਪਿੱਛੇ ਵੱਲ ਮੋੜਿਆ ਜੋ ਚੀਕਦਾ ਹੋਇਆ ਰਣ ਛੱਡ ਕੇ ਦੌੜ ਗਿਆ। ਇਸ ਜੰਗ ਵਿੱਚ ਬਚਿੱਤਰ ਸਿੰਘ ਤੇ ਉਦੈ ਸਿੰਘ ਦੀ ਦਲੇਰੀ ਦਾ ਵਿਸ਼ੇਸ਼ ਜ਼ਿਕਰ ਸੂਖ਼ਮ ਰਹੱਸ ਰਾਹੀਂ ਪੇਸ਼ ਕੀਤਾ ਗਿਆ ਹੈ। ਸੈਦ ਖਾਂ ਯੁੱਧ ਵਿੱਚ ਗੁਰੂ ਨੂੰ ਮੈਦਾਨਿ ਜੰਗ ਵਿੱਚ ਮੌਤ ਦੇ ਸਾਹਮਣੇ ਹੋ ਕੇ ਪਹਿਚਾਣਦਾ ਹੋਇਆ ਵੈਰਾਗ ਧਾਰਨ ਕਰਕੇ ਮੈਦਾਨ ਛੱਡ ਜਾਂਦਾ ਹੈ। ਉਸ ਨੂੰ ਗੁਰੂ ਗੋਬਿੰਦ ਸਿੰਘ ਵਿੱਚੋਂ ਕੁਰਾਨ ਅਤੇ ਮਿਅਰਾਜ ਦੇ ਅਸਲ ਮਾਅਨੇ ਸਾਹਮਣੇ ਆਉਂਦੇ ਹਨ। ਸੈਦ ਖਾਂ ਆਪਣੀ ਭੈਣ ਨਸੀਰਾਂ, ਜੋ ਕਿ ਪੀਰ ਬੁੱਧੂ ਸ਼ਾਹ ਦੀ ਪਤਨੀ ਸੀ, ਦੀ ਨਸੀਹਤ ਨੂੰ

ਮੈਦਾਨਿ ਜੰਗ ਵਿੱਚ ਸਪਸ਼ਟ ਤੌਰ 'ਤੇ ਪ੍ਰਕਾਸ਼ਮਾਨ ਹੋਈ ਵੇਖਦਾ ਹੈ:

**ਨਾਦ ਸ਼ੋਰ ਸਭ ਯੁੱਧ ਦੇ, ਛੇੜਨ ਰਣੀਂ ਫਤੂਰ**
**ਐਪਰ ਅੱਜ ਜਹਾਦ ਦੇ, ਬਦਲ ਰਹੇ ਦਤਸੂਰ**
**ਬੋਲ ਨਸੀਰਾਂ ਭੈਣ ਦੇ, ਦਿਲੀ ਕਰਨ ਇਉਂ ਨੂਰ**
**ਦੂਰ ਹਸ਼ਰ ਤਕ ਹੋਇ ਜਿਉਂ, ਨਵੇਂ ਸਫ਼ਰ ਮਨਜੂਰ,**
**''ਵੀਰਾ ! ਬੰਦਾ ਹਾਰਿਆ, ਸਾੜੇ ਬੀਜ ਮਨੂਰ**
**ਪਿੰਜਰ ਖ਼ਾਲੀ ਫ਼ਿਕਾਹ ਦੇ, ਰਹਿਣ ਨਮਾਜ਼ਾਂ ਦੂਰ।**
**ਭਾਵੇਂ ਬੰਦਾ ਹਾਰਿਆ, ਕਿਤੇ ਖ਼ਿਜ਼ਾਂ 'ਤੇ ਬੂਰ।**
**ਹਾਂ ! ਦਸਮੇਸ਼ ਦੀ ਪੈੜ 'ਤੇ, ਵਹੀ ਦੇ ਰਹਿਣ ਜ਼ਹੂਰ।''੧੫**

ਬੀਬੀ ਨਸੀਰਾਂ ਦੇ ਭਰਾ ਸੈਦੇ ਖ਼ਾਨ ਵਾਂਗ ਹੀ ਚਮਕੌਰ ਦੀ ਪਹਿਲੀ ਜੰਗ ਵਿੱਚ ਸੈਦ ਬੇਗ ਗੁਰੂ ਦੇ ਦੀਦਾਰ ਕਰਨ ਉਪਰੰਤ ਇਸਲਾਮੀ ਮੇਅਰਾਜ ਦੇ ਰਹੱਸ ਨੂੰ ਪਹਿਚਾਣਦਾ ਹੋਇਆ ਗੁਰੂ ਦੀ ਮਹਾਨ ਸ਼ਖ਼ਸੀਅਤ ਅੱਗੇ ਆਪਣੇ-ਆਪ ਨੂੰ ਉਨ੍ਹਾਂ ਦਾ ਮੁਰੀਦ ਸਮਝਦਾ ਹੋਇਆ ਸਦਾ ਲਈ ਸਿਰ ਝੁਕਾ ਦਿੰਦਾ ਹੈ। ਚਮਕੌਰ ਦੀ ਗੜ੍ਹੀ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੀਆਂ ਸ਼ਹੀਦੀਆਂ, ਨਾਹਰ ਖ਼ਾਂ ਦਾ ਗੁਰੂ ਜੀ ਦੇ ਇੱਕੋ ਤੀਰ ਨਾਲ ਮਾਰਿਆ ਜਾਣਾ, ਚਾਲੀ ਸਿੰਘਾਂ ਵਿੱਚੋਂ ਕੁਝ ਇੱਕ ਨੂੰ ਛੱਡਕੇ ਬਾਕੀ ਸਾਰੇ ਸਿੰਘਾਂ ਦੀਆਂ ਸ਼ਹਾਦਤਾਂ, ਗੁਰੂ ਗੋਬਿੰਦ ਸਿੰਘ ਦੇ ਇਸ ਜੰਗ ਵਿੱਚ ਵਿਸ਼ੇਸ਼ ਤੌਰ 'ਤੇ ਜ਼ਾਹਰ ਹੋਏ ਮਿਹਰਬਾਨ ਰੂਪ ਦਾ ਜ਼ਿਕਰ ਕਵੀ ਮਹਿਬੂਬ ਨੇ ਅਜਿਹੀ ਕਾਵਿਕ ਬੁਲੰਦੀ ਤੋਂ ਪੇਸ਼ ਕੀਤਾ ਹੈ ਕਿ ਦੁਨੀਆਂ ਵਿੱਚ ਅਜਿਹੀ ਪਵਿੱਤਰ ਮਹਾਂਜੰਗ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

ਗੁਰੂ ਗੋਬਿੰਦ ਸਿੰਘ ਦਾ ਪਵਿੱਤਰ ਮਹਾਂਜੰਗ ਦੇ ਸੰਬੰਧ ਵਿੱਚ ਮਿਹਰਬਾਨ ਰੂਪ ਸਭ ਤੋਂ ਵੱਧ ਜ਼ਫ਼ਰਨਾਮੇ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਦੇ ਚਾਰੇ ਸਾਹਿਬਜ਼ਾਦੇ, ਉਨ੍ਹਾਂ ਦੀ ਮਾਤਾ ਅਤੇ ਪਿਤਾ ਔਰੰਗਜ਼ੇਬ ਦੀ ਮੁਗ਼ਲੀਆ ਹਕੂਮਤ ਨੇ ਸ਼ਹੀਦ ਕਰ ਦਿੱਤੇ ਸਨ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਫੇਰ ਵੀ ਉਸ ਨੂੰ ਸੱਚੇ ਅਕਾਲ ਪੁਰਖ ਨਾਲ ਜੁੜਨ ਦੀ ਹਦਾਇਤ ਕਰਦੇ ਹਨ ਅਤੇ ਉਸ ਨੂੰ ਉਡੀਕਦੇ ਹਨ ਕਿ ਉਹ ਹੁਣ ਵੀ ਅਕਾਲ ਪੁਰਖ ਦੀਆਂ ਹਦਾਇਤਾਂ 'ਤੇ ਚੱਲ ਕੇ ਅਕਾਲ ਪੁਰਖ ਨੂੰ ਪ੍ਰਵਾਨ ਹੋ ਸਕਦਾ ਹੈ। ਜ਼ਫ਼ਰਨਾਮੇ ਦੇ 79ਵੇਂ ਸ਼ਿਅਰ ਵਿੱਚ ਗੁਰੂ ਗੋਬਿੰਦ ਸਿੰਘ ਔਰੰਗਜ਼ੇਬ ਨੂੰ ਫ਼ਰਮਾਉਂਦੇ ਹਨ ਕਿ ''ਜੇਕਰ ਤੂੰ ਸੱਚ ਦੀ ਓਟ ਲੈ ਕੇ ਇਸ ਨੇਕ ਕੰਮ ਲਈ ਲੱਕ ਬੰਨ੍ਹ ਲਵੇਂ ਤਾਂ ਪ੍ਰਮਾਤਮਾ ਤੈਨੂੰ ਇਸ ਦਾ ਨੇਕ ਫ਼ਲ ਦੇਵੇਗਾ।''

**ਅਗਰ ਕਾਰਿ ਈ ਬਰ ਤੁ ਬਸਤੀ-ਕਮਰ।**
**ਖ਼ੁਦਾਵੰਦ ਬਾਸ਼ਦ ਤੁਰਾ ਬਹਰ ਵਰ।**

ਭਾਵੇਂ ਸ਼ੇਅਰ 75, 76 ਅਤੇ 77 ਵਿੱਚ ਗੁਰੂ ਸਾਹਿਬ ਔਰੰਗਜ਼ੇਬ ਦੇ ਮਾੜੇ ਕਾਰਜਾਂ 'ਤੇ ਉਸ ਨੂੰ ਲਾਹਨਤਾਂ ਵੀ ਪਾਉਂਦੇ ਹਨ ਪ੍ਰੰਤੂ ਉਸ ਨੂੰ ਆਪਣੀ ਹਾਜ਼ਰੀ ਵਿੱਚ ਆਉਣ ਲਈ ਦਿਲੋਂ ਸੱਦਾ ਦਿੰਦੇ ਹਨ ਤਾਂ ਕਿ ਔਰੰਗਜ਼ੇਬ ਅਵੱਸ਼ ਹੀ ਗੁਰੂ ਦਾ ਦੀਦਾਰ ਕਰਕੇ ਉਸ ਦੇ ਜਰਨੈਲਾਂ ਸੈਦ ਬੇਗ ਅਤੇ ਸੈਦ ਖਾਂ ਵਾਂਗ ਹੀ ਸੰਸਾਰੀ ਸ਼ੁਹਰਤਾਂ ਨੂੰ ਤਿਆਗ ਕੇ ਕੁਰਾਨ ਦੀ ਮਿਅਰਾਜ਼ ਦੇ ਅਸਲ ਮਾਅਨਿਆਂ ਨੂੰ ਗ੍ਰਹਿਣ ਕਰ ਸਕੇ। ਸ਼ੇਅਰ 82 ਵਿੱਚ ਗੁਰੂ ਸਾਹਿਬ ਔਰੰਗਜ਼ੇਬ ਨੂੰ ਇਹ ਜਿਤਾਉਂਦੇ ਹਨ ਕਿ ''ਤੂੰ ਅਸਲ ਅਰਥਾਂ ਵਿੱਚ ਰੱਬ ਤੋਂ ਮੁਨਕਰ ਹੈ, ਕਿਉਂਕਿ ਤੇਰੇ ਕੋਲੋਂ ਅਨੇਕਾਂ ਮਨੁੱਖਾਂ ਦੇ ਦਿਲ ਦੁਖਾਉਣ ਵਾਲੇ ਕੰਮ ਹੋਏ ਹਨ। ਪ੍ਰੰਤੂ ਗੁਰੂ ਦੇ ਬੇਮਿਸਾਲ ਮਿਹਰਬਾਨ ਰੂਪ ਦਾ ਪ੍ਰਮਾਣ ਸ਼ੇਅਰ 86, 87, 88, 89, 90 ਆਦਿ ਵਿੱਚੋਂ ਜ਼ਾਹਿਰ ਹੁੰਦਾ ਹੈ ਜਿੱਥੇ ਗੁਰੂ ਸਾਹਿਬ ਔਰੰਗਜ਼ੇਬ ਨੂੰ ''ਸ਼ਾਹਾਂ ਦਾ ਸ਼ਾਹ, ਭਾਗਵਾਨ, ਪ੍ਰਬੰਧ ਵਿੱਚ ਹੁਸ਼ਿਆਰ ਅਤੇ ਘੋੜੇ ਦਾ ਸ਼ਾਹ ਸਵਾਰ, ਸਿਆਣਪ ਦੇ ਢੰਗ ਅਤੇ ਤਲਵਾਰ ਦੇ ਜ਼ੋਰ ਨਾਲ ਦੇਗ ਅਤੇ ਤੇਗ ਦਾ ਧਨੀ, ਸੋਹਣਾ, ਸੁੰਦਰ ਤੇ ਸਿਆਣਾ, ਮੁਲਕ ਦਾ ਬਾਦਸ਼ਾਹ ਅਤੇ ਹਾਕਮਾਂ ਦਾ ਸਰਦਾਰ, ਸਿਆਣਾ ਤੇ ਸੁੰਦਰ, ਮਾਲਕ ਅਤੇ ਮਾਲ ਦੌਲਤ ਬਖ਼ਸ਼ਣ ਵਾਲਾ ਬਖਸ਼ਿਸ਼ ਵਿੱਚ ਵੱਡਾ (ਦਾਨ ਕਰਨ ਵਿੱਚ), ਜੰਗ ਵਿੱਚ ਪਹਾੜ ਵਾਂਗ ਅਡੋਲ, ਫਰਿਸ਼ਤਿਆਂ ਦੇ ਗੁਣਾਂ ਵਾਲਾ ਤੇ ਉੱਚੀ ਸ਼ਾਨ ਵਾਲਾ ਆਦਿ ਨਿਸ਼ੰਗ ਹੋ ਕੇ ਪ੍ਰਵਾਨ ਕਰਦੇ ਹਨ, ਪ੍ਰੰਤੂ ਇਸ ਦੇ ਨਾਲ ਹੀ ਸ਼ੇਅਰ 91 ਵਿੱਚ ਗੁਰੂ ਸਾਹਿਬ ਔਰੰਗਜ਼ੇਬ ਨੂੰ ਦੁਨੀਆਂ ਦਾ ਸ਼ਹਿਨਸ਼ਾਹ ਅਤੇ ਸਮੇਂ ਦਾ ਹਾਕਮ ਕਬੂਲ ਕਰਨ ਦੇ ਨਾਲ ਉਸ ਨੂੰ ਸੱਚੇ ਧਰਮ ਤੋਂ ਦੂਰ ਵੀ ਮੰਨਦੇ ਹਨ।

ਭਾਵੇਂ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੌਵੇਂ ਗੁਰੂ ਤੇਗ ਬਹਾਦਰ ਜੀ ਰਾਹੀਂ ਲੜੀ ਜੰਗ ਪਿੱਛੋਂ ਤੇਗ ਬਹਾਦਰ ਦੇ ਨਾਂ ਦਾ ਰੁਤਬਾ ਪ੍ਰਾਪਤ ਕਰਨਾ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਲੜੀ ਹਰ ਜੰਗ ਦੇ ਅੰਤਰੀਵ ਵਿੱਚ ਜ਼ਫ਼ਰਨਾਮੇ ਦਾ ਰਹੱਸ ਅਭੇਦ ਹੈ ਪ੍ਰੰਤੂ ਚਮਕੌਰ ਦੀ ਜੰਗ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਾਤਾ ਗੁਜਰੀ ਦੀ ਠੰਢੇ ਬੁਰਜ ਵਿੱਚ ਪ੍ਰਾਪਤ ਕੀਤੀ ਸ਼ਹਾਦਤ ਅਤੇ ਮੁਕਤਸਰ ਦੀ ਜੰਗ ਵਿੱਚੋਂ ਜ਼ਫ਼ਰਨਾਮੇ ਦਾ ਸਮੁੱਚਾ ਅਨੁਭਵ ਹੀ ਸਗਲ ਰੂਪ ਵਿੱਚ ਮੈਦਾਨਿ ਜੰਗ ਦੇ ਅਮਲ ਵਿੱਚ ਆਪਣੀ-ਆਪਣੀ ਤਰ੍ਹਾਂ ਪ੍ਰਕਾਸ਼ਮਾਨ ਹੁੰਦਾ ਹੈ। 'ਚਮਕੌਰ ਦਾ ਯੁੱਧ: ਸ਼ਹਾਦਤ ਦੀ ਦਹਿਲੀਜ਼ ਤੋਂ ਤੱਕੇ ਨੇੜ ਤੇ ਦੂਰ ਦਿਸਹੱਦੇ; ਸ਼ਾਹਿਬਜ਼ਾਦਾ ਅਜੀਤ ਸਿੰਘ ਦੀ ਧਰਤੀ ਨੂੰ ਅਲਵਿਦਾ : ਮਹਾਂ ਸੁੰਨ ਵਿੱਚ ਸ਼ਹਾਦਤਾਂ ਦੀ ਮਹਿਕ ; ਸ਼ਾਹਿਬਜ਼ਾਦਾ ਜੁਝਾਰ ਸਿੰਘ ਦੀ ਸ਼ਹਾਦਤ : ਪਾਰ ਦੇਸ਼ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਦੀ ਪੈੜ ਢੂੰਡਦਾ ਦਰਦ ; ਗੁਰੂ ਗੋਬਿੰਦ ਸਿੰਘ ਦੀ ਚਮਕੌਰ ਨੂੰ ਅੰਤਮ ਵਿਦਾਇਗੀ ਅਤੇ ''ਸ਼ਹਾਦਤਾਂ ਦੇ ਮੋੜ ਤੇ'' ਆਦਿ ਸਿਰਲੇਖਾਂ ਥੱਲੇ ਪਵਿੱਤਰ ਮਹਾਂਜੰਗ ਦੇ ਅਧਿਆਤਮਕ ਰਹੱਸ ਨੂੰ ਇਨ੍ਹਾਂ ਵੱਖ-ਵੱਖ ਸ਼ਖ਼ਸੀਅਤਾਂ ਰਾਹੀਂ ਸ਼ਹਾਦਤਾਂ ਦੇ ਜ਼ਾਹਿਰਾ/ਬਾਤਨੀ

(Exoteric/Esoteric) ਰੂਪ ਨੂੰ ਹਰਿੰਦਰ ਸਿੰਘ ਮਹਿਬੂਬ ਨੇ ਕਾਵਿ-ਆਵੇਸ਼ ਦੀ ਉਸ ਬੁਲੰਦੀ ਤੋਂ ਪੇਸ਼ ਕੀਤਾ ਹੈ ਜਿੱਥੋਂ ਇਸਲਾਮ ਦੀਆਂ ਪਵਿੱਤਰ ਮਹਾਂਜੰਗਾਂ ਅਤੇ ਸਿੱਖ ਧਰਮ ਦੀਆਂ ਪਵਿੱਤਰ ਮਹਾਂਜੰਗਾਂ ਦੇ ਸ਼ੁੱਧ ਦੈਵੀ ਰੂਪ ਅਤੇ ਸੰਸਾਰਕ ਲਾਭ/ਹਾਣ ਦੀ ਗਰਿਫ਼ਤ ਵਿੱਚ ਆਈਆਂ ਜੰਗਾਂ ਅਤੇ ਸ਼ੁੱਧ ਰੂਹਾਨੀ ਜੰਗਾਂ ਦੇ ਆਪਸੀ ਅੰਤਰ ਇੱਕ ਨਵੇਂ ਅੰਦਾਜ਼ ਵਿੱਚ ਰੂਪਮਾਨ ਹੁੰਦੇ ਹਨ। ''ਇਲਾਹੀ ਨਦਰ ਦੇ ਪੈਂਡੇ'', ਜਿਲਦ ਚੌਥੀ, ਗੁਰੂ ਗੋਬਿੰਦ ਸਿੰਘ ਸਾਹਿਬ, ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਦੀਆਂ ਜੰਗਾਂ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀਆਂ ਸ਼ਹਾਦਤਾਂ, ਗੁਰਬਾਣੀ ਦੇ ਸ਼ਬਦ, ਨਾਮ, ਵਿਸਮਾਦ, ਵਜਦ, ਅਕਾਲ ਫਤਹਿ, ਖਾਲਸ ਕੁਦਰਤ, ਜਪੁਜੀ ਦੇ ਪੰਜ ਖੰਡ, ਸੋ ਦਰੁ, ਆਰਤੀ, ਬਾਰਾਂਮਾਹ ਅਤੇ ਬਾਈ ਵਾਰਾਂ ਆਦਿ ਦੇ ਸੂਖਮ ਰਹੱਸ ਦੀ ਅਨੁਭਵੀ ਇਕਸੁਰਤਾ ਤੋਂ ਵੱਖ ਕਰਕੇ ਇਨ੍ਹਾਂ ਜੰਗਾਂ ਦਾ ਮੂਲ ਸ੍ਰੋਤ ਕਦੀ ਵੀ ਪਾਠਕ ਦੀ ਪਹੁੰਚ ਵਿੱਚ ਨਹੀਂ ਆ ਸਕਦਾ।

''ਮਾਤਾ ਗੁਜਰੀ ਅਤੇ ਸਾਹਿਬਜ਼ਾਦੇ ਠੰਢੇ ਬੁਰਜ ਵਿੱਚ ਕੈਦ'', ''ਕਚਹਿਰੀ ਵੱਲ ਜਾਂਦਿਆਂ : ਪਹਿਲੇ ਦਿਨ ਦੀ ਦਾਸਤਾਨ'', ''ਠੰਢੇ ਬੁਰਜ ਦੀ ਦੂਸਰੀ ਰਾਤ ਅਤੇ ਨਵੀ ਸਵੇਰ'', ''ਕਚਹਿਰੀ ਵਿੱਚ ਦੂਸਰੇ ਦਿਨ ਦੀ ਦਾਸਤਾਨ'', ''ਠੰਢੇ ਬੁਰਜ ਦੀ ਦੂਸਰੀ ਰਾਤ ਅਤੇ ਨਵੀਂ ਸਵੇਰ'', ''ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ'' ਅਤੇ ''ਮਾਤਾ ਦੀ ਸ਼ਹੀਦ ਰੂਹ ਦੀ ਧਰਤੀ ਨੂੰ ਅਲਵਿਦਾ'' ਆਦਿ ਸਿਰਲੇਖਾਂ ਵਿੱਚ ਕਵੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪਹਿਲਾਂ ਦੀ ਮੌਤ ਨੂੰ ਫ਼ਤਿਹ ਕਰਨ ਦੀ ਮਾਸੂਮ ਅਦਾ ਨੂੰ ਲੌਕਿਕ/ਪਰਾਲੌਕਿਕ ਦੇ ਸੰਦਰਭ ਵਿੱਚ ਪੇਸ਼ ਕਰਦਿਆਂ, ਇਸ ਸ਼ਹਾਦਤ ਦੇ ਮੌਤ ਤੋਂ ਪਹਿਲਾਂ ਅਤੇ ਮੌਤ ਸਮੇਂ ਦੇ ਰੂਪ ਨੂੰ ਜਿਵੇਂ-ਜਿਵੇਂ ਦਰਸਾਇਆ ਹੈ, ਵਿਸ਼ਵ ਦੇ ਕਾਵਿ-ਜਗਤ ਵਿੱਚ ਇਹ ਨਿਰੋਲ, ਹਾਲੀ ਤੱਕ ਅਛੋਹ, ਅਤੇ ਅਗੰਮੀ ਖੂਬੀ ਹੀ ਆਖੀ ਜਾ ਸਕਦੀ ਹੈ।

**ਸਾਹਿਬਜ਼ਾਦਿਆਂ ਲੜੀ ਆ, ਚੁੱਪ 'ਚ ਦੈਵੀ ਜੰਗ**
**ਬ੍ਰਿਹੁੰ ਦੇ ਅੰਦਰ ਮਹਿਕਦੇ, ਮੁਸਕਾਨਾਂ ਦੇ ਰੰਗ।**
**ਦਰਦ ਆਖ਼ਰੀ ਦੇ ਛੁਹੇ, ਸਾਹਿਬਜ਼ਾਦਿਆਂ ਹੱਥ**
**ਮੱਥੇ ਚੁੰਮ੍ਹਦੀ ਸੋਹਣੇ, ਗ਼ੈਬ-ਦੁਆ ਸਮਰੱਥ।**
**ਛਿਨ ਕਿਸੇ ਦੀ ਝੀਥ 'ਚੋਂ ਦਿਸਿਆ ਅਰਸ਼ ਅਸੀਮ**
**ਹੁਸਨ ਜਿਦ੍ਹੇ ਵਿੱਚ ਉਡਦੇ, ਖੰਭ ਨਾ ਹੋਣ ਯਤੀਮ।੧੭**

ਮਾਤਾ ਗੁਜਰੀ ਦੀ ਸ਼ਹੀਦ ਰੂਹ ਦੀ ਧਰਤੀ ਨੂੰ ਅਲਵਿਦਾ ਕਵੀ ਨੇ ਜਿਸ ਅੰਦਾਜ਼ ਵਿੱਚ ਦਰਸਾਈ ਹੈ ਉਸ ਦਾ ਵੀ ਸੰਕੇਤਕ ਹਵਾਲਾ ਕਵੀ ਦੀਆਂ ਆਪਣੀਆਂ ਸਤਰਾਂ ਵਿੱਚ ਦੇਣਾ ਉਚਿਤ ਹੈ:

**ਸਭ ਤਾਰੇ ਹੀ ਨੈਣ ਸਨ, ਮਾਤ-ਰੂਹ ਦੇ ਨਾਲ**
**ਵੇਖ-ਵੇਖ ਨ ਥੱਕਦੇ, ਸਭ ਦਸ਼ਮੇਸ਼-ਜਮਾਲ**
**ਲੰਮੇ ਲੰਮੇ ਕਾਲ ਨੂੰ, ਬਾਲਕ ਪੈੜਾਂ ਲੰਘ**
**ਵੇਖਣ ਮਾਂ ਦੀ ਰੂਹ ਦੇ, ਸਭ ਅਕਾਸ਼ ਹੀ ਖੰਭ।੧੮**

''ਮੁਕਤਸਰ ਦਾ ਯੁੱਧ'' (ਮਈ ਵਿਸਾਖ, ੧੭੦੫) ''ਖਿਦਰਾਣੇ ਦੀ ਢਾਬ ਦੀ ਜੰਗ ਦੀਆਂ ਕੂੰਟਾਂ'', ''ਪਿਆਸ ਅਤੇ ਜੰਗ'' ਵਿੱਚ ਕਵੀ ਹਰਿੰਦਰ ਸਿੰਘ ਮਹਿਬੂਬ ਨੇ ਜੰਗ ਤੋਂ ਪਹਿਲਾਂ, ਜੰਗ ਦੇ ਸਮੇਂ ਅਤੇ ਜੰਗ ਤੋਂ ਪਿੱਛੋਂ ਦੇ ਕੁਦਰਤੀ ਮਾਹੌਲ ਨੂੰ ਪੇਸ਼ ਕਰਦਿਆਂ ਮੁਕਤੇ ਅਤੇ ਅਧੂਰੇ ਸ਼ਹੀਦ ਦਾ ਫ਼ਰਕ ਦਰਸਾਉਂਦਿਆਂ, ਜੰਗ ਤੋਂ ਪਿੱਛੋਂ ਦੀ ਹੁਸਨ ਭਰੀ ਵੈਰਾਗਮਈ ਕਾਲੀ ਰਾਤ ਦਾ ਅਗੰਮੀ ਰੂਪ ''ਸ਼ਾਂਤ ਚੁੱਪ'' ਦੇ ਰੂਪ ਵਿੱਚ ਪ੍ਰਕਾਸ਼ਮਾਨ ਕੀਤਾ ਹੈ।

ਮੁਕਤੇ ਅਤੇ ਅਧੂਰੇ ਸ਼ਹੀਦ ਦਾ ਫ਼ਰਕ ਸਮਝਾਉਣ ਲਈ ਏਥੇ ਕਵੀ ਦੇ ਆਪਣੇ ਵਿਚਾਰ ਦੇਣੇ ਇਸ ਲਈ ਜ਼ਰੂਰੀ ਹਨ ਤਾਂ ਕਿ ਪਾਠਕ ਨੂੰ ਦੋਵਾਂ ਦੀ ਲੌਕਿਕ/ਪਰਾਲੌਕਿਕ ਮੰਜ਼ਿਲ ਦਾ ਗਿਆਨ ਹੋ ਸਕੇ:

**ਭਾਵੇਂ ਸੈਆਂ ਬਰਾੜਾਂ, ਛੁਹੇ ਸ਼ਹਾਦਤ-ਨੂਰ**
**ਪਾਵਨ ਗੁਰ ਨਿਰਲੇਪ ਤੋਂ, ਕੁੱਝ ਕੁ ਰਹੇ ਉਹ ਦੂਰ**
**ਤਾਹੀਓ ਮੁਕਤੇ ਬਣੇ ਨਾ, ਭਾਵੇਂ ਬਣੇ ਸ਼ਹੀਦ**
**ਰੂਹ ਦੀ ਤਿੱਖੀ ਧਾਰ ਬਿਨ, ਕਿਵੇਂ ਮਿਲੇ ਉਹ ਦੀਦ?**
**ਮੁਕਤੇ ਜੰਗਾਂ ਲੰਘਦੇ, ਨਾਲ ਇਲਾਹੀ ਪੈਰ**
**ਰੋਹ 'ਚ ਵੀ ਨਿਰਲੇਪ ਨੇ, ਚਿੱਤ ਨਾ ਰੱਖਣ ਵੈਰ।19**

ਇੱਥੇ ਮੀਤ ਸ਼ਮੀਰ ਦੀ ਮਸ਼ਕ ਰਾਹੀਂ ਪਿਆਸੇ ਤੇ ਜ਼ਖ਼ਮੀਆਂ ਨੂੰ ਭਾਈ ਘਣਈਏ ਦੇ ਅਗਲੇ ਰੂਪ ਵਿੱਚ ਅੰਮ੍ਰਿਤ ਰੂਪ ਜਲ ਤਰੌਂਕਣ ਦੇ ਵਿਲੱਖਣ ਰਹੱਸ ਨੂੰ ਕਵੀ ਨੇ ''ਨਿਰਭਉ ਤੇ ਨਿਰਵੈਰ'' ਦੇ ਗੁਰਬਾਣੀ ਸ਼ਬਦ ਨੂੰ ਅਮਲ ਵਿੱਚ ਪ੍ਰਵੇਸ਼ ਕਰਦਿਆਂ ਨਵੀਆਂ ਤੋਂ ਨਵੀਆਂ ਅਛੋਹ ਅਤੇ ਅਪਹੁੰਚ ਰਮਜ਼ਾਂ ਰਾਹੀਂ ਪ੍ਰਕਾਸ਼ਮਾਨ ਕੀਤਾ ਹੈ। ਗੁਰੂ ਸਾਹਿਬ, ਸਾਹਿਬਜ਼ਾਦਿਆਂ ਅਤੇ ਸਿੰਘਾਂ ਰਾਹੀਂ ਲੜੀਆਂ ਵਿਸ਼ਵ ਧਰਮਾਂ ਦੇ ਇਤਿਹਾਸ ਵਿੱਚ ਇਨ੍ਹਾਂ ਮਹਾਨ ਜੰਗਾਂ ਨੂੰ ਮੈਂ ਸੰਕੇਤਕ ਰੂਪ ਵਿੱਚ ਹੀ ਦੇਣ ਦਾ ਯਤਨ ਕੀਤਾ ਹੈ। ਉਂਝ ਹਰ ਜੰਗ ਉਪਰ ਇੱਕ ਪੂਰੇ ਦਾ ਪੂਰਾ ਖੋਜ ਪੱਤਰ ਹੀ ਇਸ ਨਾਲ ਕੁਝ ਨਿਆਂ ਕਰ ਸਕਦਾ ਹੈ।

**ਹਵਾਲੇ ਤੇ ਟਿੱਪਣੀਆਂ**

1. ਹਰਿੰਦਰ ਸਿੰਘ ਮਹਿਬੂਬ, ਇਲਾਹੀ ਨਦਰ ਦੇ ਪੈਂਡੇ, ਜਿਲਦ ਚੌਥੀ, ਗੁਰੂ ਗੋਬਿੰਦ ਸਿੰਘ ਸਾਹਿਬ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007, ਸਫ਼ਾ 134.
2. ਉਹੀ, ਪੰਨਾ-139

3. ਉਹੀ, ਪੰਨਾ–139
4. ਉਹੀ, ਪੰਨਾ–੧੪੩
5. ਉਹੀ, ਪੰਨਾ–੧੩੨
6. ਉਹੀ, ਪੰਨਾ–੧੩੩
7. ਉਹੀ, ਪੰਨਾ–੧੩੩
8. ਉਹੀ, ਪੰਨਾ–੧੩੫
9. ਉਹੀ, ਪੰਨਾ–੧੩੫
10. ਉਹੀ, ਪੰਨਾ–੧੪੧
11. ਉਹੀ, ਪੰਨਾ–੧੪੯
12. Puran Singh, Spirit of the Sikh, Punjabi University, Patiala, 1993, p. 201.
13. ਹਰਿੰਦਰ ਸਿੰਘ ਮਹਿਬੂਬ, ਸਹਿਜੇ ਰਚਿਓ ਖ਼ਾਲਸਾ, ਜਿਲਦ ਚੌਥੀ, ਗੁਰੂ ਗੋਬਿੰਦ ਸਿੰਘ ਸਾਹਿਬ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007, ਸਫ਼ਾ 150-51.
14. ਉਹੀ, ਪੰਨਾ–212
15. ਉਹੀ, ਪੰਨਾ–227
16. ਉਹੀ, ਪੰਨਾ–286
17. ਉਹੀ, ਪੰਨਾ–289
18. ਉਹੀ, ਪੰਨਾ–291
19. ਉਹੀ, ਪੰਨਾ–363


*****

## ਹਰਿੰਦਰ ਸਿੰਘ ਮਹਿਬੂਬ : ਸ਼ਾਇਰੀ, ਦਰਵੇਸ਼ੀ ਤੇ ਸਿੱਖੀ ਜਜ਼ਬਿਆਂ ਦਾ ਹੁਸੀਨ ਸੰਗਮ

23-02-2010, ਦਿਨ ਮੰਗਲਵਾਰ ਨੂੰ ਸ. ਮਹਿਬੂਬ ਦੇ ਪਿੰਡ ਝੂੰਦਾਂ (ਨੇੜੇ ਨਾਭਾ) ਵਿੱਚ ਭੋਗ ਮੌਕੇ ’ਤੇ ਵਿਸ਼ੇਸ਼

ਕਰਮਜੀਤ ਸਿੰਘ
91-99150-91063

ਸਿੱਖੀ ਜਜ਼ਬਿਆਂ ਦਾ ਵਿਵੇਕੀ ਸ਼ਾਇਰ ਤੁਰ ਗਿਆ ਹੈ। ਉਹ ਦਰਵੇਸ਼ ਚਿੰਤਕ ਹੁਣ ਸਾਡੇ ਵਿੱਚ ਨਹੀਂ ਰਿਹਾ ਜਿਸ ਨੂੰ ਦੁਨਿਆਵੀ ਸੰਸਾਰ ਪ੍ਰੋ. ਹਰਿੰਦਰ ਸਿੰਘ ਮਹਿਬੂਬ ਕਹਿੰਦਾ ਹੈ ਪਰ ਜੋ ਸੁੱਚੇ ਜਜ਼ਬਿਆਂ ਨਾਲ ਲੱਦੇ ਵਿੱਚਾਰਧਾਰਕ ਹਾਣੀਆਂ ਵਿੱਚ ਕੇਵਲ ‘ਮਹਿਬੂਬ’ ਕਰਕੇ ਹੀ ਜਾਣਿਆ ਜਾਂਦਾ ਹੈ। ਵਾਹਗੇ ਤੋਂ ਪਾਰਲੇ ਪੰਜਾਬ ਦੇ ਉਹ ਬਚੇ-ਖੁਚੇ ਲੋਕ ਵੀ ਇਸ ਅਲਬੇਲੇ ਸ਼ਾਇਰ ਨੂੰ ਯਾਦ ਕਰਕੇ ਹੰਝੂ ਕੇਰਦੇ ਹੋਣਗੇ ਜਿਨ੍ਹਾਂ ਦੀ ਯਾਦ ਵਿੱਚ ਪੰਜਾਬ ਦੀ ਵੰਡ ਦੇ ਜ਼ਖ਼ਮ ਅਜੇ ਵੀ ਸੱਜਰੇ ਹਨ। ਨਵੀਂ ਪਨੀਰੀ ਨੂੰ ਸ਼ਾਇਦ ਇਹ ਖ਼ਬਰ ਨਾ ਹੋਵੇ ਕਿ ਮਹਿਬੂਬ ਦਾ ਜਨਮ ਵੀ ਓਧਰਲੇ ਪੰਜਾਬ ਵਿੱਚ ਹੀ ਹੋਇਆ ਸੀ ਤੇ ਉਸ ਵਿੱਚੜੇ ਪੰਜਾਬ ਦੀਆਂ ਯਾਦਾਂ ਦੀ ਖੁਸ਼ਬੋ ਅਤੇ ਦਰਦ ਉਨ੍ਹਾਂ ਕਵਿਤਾਵਾਂ ਵਿੱਚ ਸਾਂਭਿਆ ਪਿਆ ਹੈ, ਜੋ ਉਨ੍ਹਾਂ ਦੀ ਰਚਨਾ ‘**ਝਨਾਂ ਦੀ ਰਾਤ**’ ਵਿੱਚ ਪੂਰੀ ਤਰ੍ਹਾਂ ਮਹਿਫ਼ੂਜ਼ ਹਨ।

ਕਈ ਹੋਰਨਾਂ ਵਾਂਗ ਉਸ ਨੇ ਵੀ ਓਧਰਲੇ ਪੰਜਾਬ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਜਿਵੇਂ ਆਵਾਜ਼ਾਂ ਮਾਰੀਆਂ ਹਨ, ਉਹ ਕਵਿਤਾਵਾਂ ਤੁਸੀਂ ਸਿੱਲ੍ਹੀਆਂ ਅੱਖਾਂ ਕਰਕੇ ਹੀ ਪੜ੍ਹ ਸਕਦੇ ਹੋ। ਇਨ੍ਹਾਂ ਵਿੱਚ ਨਨਕਾਣਾ ਸਾਹਿਬ, ਪੰਜਾ ਸਾਹਿਬ, ਲਾਹੌਰ, ਸਾਂਦਲ ਦੀ ਬਾਰ, ਪੋਠੋਹਾਰ ਦੇ ਨਜ਼ਾਰੇ, ਪਸ਼ੂ ਪੰਛੀ, ਵਿੱਚੜੇ ਤੇ ਜਿਉਂਦੇ ਪਾਤਰ, ਦਰਿਆ, ਨਦੀਆਂ ਤੇ ਰੁੱਖ, ਇਕਬਾਲ ਵਰਗਾ ਮਹਾਨ ਸ਼ਾਇਰ, ਮੀਆਂ ਮੀਰ ਤੇ ਹੋਰ ਸੂਫ਼ੀ ਫ਼ਕੀਰ, ਗਾਮਾ ਭਲਵਾਨ, ਵਾਰਸ, ਮਿਰਜ਼ਾ, ਸੱਸੀ, ਸੋਹਣੀ-ਮਹੀਂਵਾਲ ਤੇ ਰਾਂਝਿਆਂ ਦਾ ਇੱਕ ਸੁਹਾਵਣਾ ਮੇਲਾ ਲੱਗਿਆ ਹੋਇਆ ਹੈ ਜੋ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਜਾਪਦਾ ਹੈ।

**73 ਵਰ੍ਹਿਆਂ ਦੇ ਮਹਿਬੂਬ ਨੇ ਮਹਿੰਦਰਾ ਕਾਲਜ ਪਟਿਆਲਾ ਤੋਂ ਐਮ. ਏ. (ਅੰਗਰੇਜ਼ੀ) ਕੀਤੀ ਅਤੇ ਫਿਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਦੀਵਾਲਾ ਖਾਲਸਾ ਕਾਲਜ ਵਿੱਚ ਲੈਕਚਰਰ ਲੱਗੇ ਅਤੇ ਏਥੇ ਹੀ ਰਿਟਾਇਰ ਹੋ ਗਏ।** ਇਸੇ ਹੀ ਛੋਟੇ ਜਿਹੇ ਕਸਬੇ ਵਿੱਚ ਉਨ੍ਹਾਂ ਨੇ ਆਪਣੀਆਂ ਮਹਾਨ ਰਚਨਾਵਾਂ ਦੀ ਸਿਰਜਣਾ ਕੀਤੀ। ਪਰ ਪਟਿਆਲਾ ਸ਼ਹਿਰ ਦੀਆਂ ਯਾਦਾਂ ਅਤੇ ਸਾਥੀਆਂ ਨਾਲ ਗੁਜ਼ਾਰੇ ਪਲ ਉਨ੍ਹਾਂ ਦੀ ਜ਼ਿੰਦਗੀ ਵਿੱਚ ਅਤੇ ਏਥੋਂ ਤੱਕ ਕਿ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਵੀ ਅਚੇਤ ਤੇ ਸੁਚੇਤ ਰੂਪ ਵਿੱਚ ਨਾਲ ਨਾਲ ਸਫ਼ਰ ਕਰਦੇ ਰਹੇ। ਪਟਿਆਲਾ ਸ਼ਹਿਰ ਵਿੱਚ ਹੀ ਕਿਸੇ ਥਾਂ ’ਤੇ ਇਸ ਸੰਸਾਰ ਨੂੰ ਮਰ ਮਿਟਣ ਵਾਲੀ ਤੇ ਅਥਾਹ ਜਗਿਆਸੂ ਨਜ਼ਰਾਂ ਨਾਲ ਵੇਖਣ ਵਾਲੇ ਦਿਵਾਨੇ ਇੱਕੋ ਘਰ ਵਿੱਚ ਫ਼ਕੀਰਾਂ ਵਾਂਗ ਰਹਿੰਦੇ ਸਨ। ਇਹ ਸਾਰੇ ਦੇ ਸਾਰੇ ਬਾਅਦ ਵਿੱਚ ਵੱਖ-ਵੱਖ ਖੇਤਰਾਂ ਵਿੱਚ ਚਮਕੇ ਪਰ ਮਹਿਬੂਬ ਉਨ੍ਹਾਂ ਸਭਨਾਂ ਵਿੱਚ ਇੱਕ ਚਮਕਦਾ ਨਗੀਨਾ ਸੀ। ਇਸ ਘਰ ਵਿੱਚ ਕੋਈ ਪਤਾ ਨਹੀਂ ਸੀ ਲਗਦਾ ਕਿ ਕਦੋਂ ਕੋਈ ਆਉਂਦਾ ਅਤੇ ਕਦੋਂ ਕੋਈ ਜਾਂਦਾ ਹੈ ਅਤੇ ਕਿਉਂ ਅੱਧੀ-ਅੱਧੀ ਰਾਤ ਤੱਕ ਬਿਜਲੀ ਜਗਦੀ ਰਹਿੰਦੀ ਹੈ। ਇਸ ਲਈ ਬਹੁਤ ਸਾਰੇ ਫ਼ੱਕਰਾਂ ਨੇ ਇਸ ਘਰ ਦਾ ਨਾਂ ਹੀ ‘ਭੂਤਵਾੜਾ’ ਰੱਖ ਦਿੱਤਾ। ਇਹ ਉਹ ਸਮਾਂ ਸੀ ਜਦੋਂ ਮਾਰਕਸਵਾਦੀ ਵਿਚਾਰਾਂ ਨੇ ਸਾਰੇ ਸੰਸਾਰ ਨੂੰ ਆਪਣੀ ਲਪੇਟ ਵਿੱਚ ਲੈ ਰੱਖਿਆ ਸੀ। ਮਹਿਬੂਬ ਵੀ ਇਨਾਂ ਵਿਚਾਰਾਂ ਤੋਂ ਕਿਸੇ ਹੱਦ ਤੱਕ ਪ੍ਰਭਾਵਤ ਸੀ ਪਰ ਉਸ ਦੌਰ ਵਿੱਚ ਹੀ ਹਰਿੰਦਰ ਸਿੰਘ ਮਹਿਬੂਬ ਦੀ ਦਿਬ-ਦ੍ਰਿਸ਼ਟੀ ਨੂੰ ਸਿੱਖ ਕੌਮ ਦੀ ਵਿਚਾਰਧਾਰਕ ਬਰਬਾਦੀ ਦੇ ਚਿੰਨ੍ਹ ਨਜ਼ਰ ਆਉਣ ਲੱਗੇ। ‘ਡੁਬੋ ਗਈ ਮੁਝੇ ਵੋਹ ਨਦੀ, ਜੋ ਕਭੀ ਵਹੀ ਭੀ ਨਾ ਥੀ’ ਵਾਂਗ ਮਹਿਬੂਬ ਨੂੰ ਜਿਵੇਂ ਅਗਾਊਂ ਹੀ ਕਨਸੋਆਂ ਮਿਲ ਗਈਆਂ ਸਨ ਕਿ ਦਸਮੇਸ਼ ਪਿਤਾ ਦਾ ਖਾਲਸਾ ਪੰਥ

ਦਸਮੇਸ਼ ਦੇ ਰਹਿਮ ਤੋਂ ਸੱਖਣਾ ਭਟਕ ਰਿਹਾ ਹੈ। 'ਸਹਿਜੇ ਰਚਿਓ ਖਾਲਸਾ' ਪੁਸਤਕ ਅਸਲ ਵਿੱਚ ਖਾਲਸੇ ਨੂੰ ਡੂੰਘੀ ਨੀਂਦ ਵਿੱਚੋਂ ਜਗਾਉਣ ਦੇ ਸੁਚੇਤ ਜਜ਼ਬੇ ਵਿੱਚੋਂ ਪੈਦਾ ਹੋਈ।

ਮਹਿਬੂਬ ਨੇ ਚਾਰ ਵੱਡੇ ਤੇ ਉੱਤਮ ਸ਼ਾਹਕਾਰ ਸਿੱਖ ਕੌਮ ਦੀ ਝੋਲੀ ਵਿੱਚ ਪਾਏ ਹਨ। '**ਸਹਿਜੇ ਰਚਿਓ ਖਾਲਸਾ**' ਉਨ੍ਹਾਂ ਦੀ ਪਹਿਲੀ ਰਚਨਾ ਸੀ। ਵਿਦਵਾਨਾਂ ਦੇ ਹਲਕਿਆਂ ਵਿੱਚ ਉਹ ਝੱਟ-ਪੱਟ ਚਰਚਾ ਦਾ ਵਿਸ਼ਾ ਬਣ ਗਏ। ਸਿੱਖੀ ਦੀ ਫੁਲਵਾੜੀ ਨੂੰ ਦਾਨਸ਼ਵਰੀ ਰੰਗ ਵਿੱਚ ਦੇਖਣ ਵਾਲੇ ਸੁਚੇਤ ਹਲਕਿਆਂ ਵਿੱਚ ਵੀ ਖੁਸ਼ੀ ਦੀ ਲਹਿਰ ਦੌੜ ਗਈ। ਦਰਅਸਲ ਇਹ ਪੁਸਤਕ ਇਤਿਹਾਸ, ਧਰਮ ਤੇ ਸਾਹਿਤ ਦਾ ਯਾਦਗਾਰੀ ਮਿਲਣ ਹੈ। ਮਹਿਬੂਬ ਦੀਆਂ ਲਿਖਤਾਂ ਬਾਰੇ ਚੇਤੇ ਰੱਖਣ ਵਾਲਾ ਅਹਿਮ ਨੁਕਤਾ ਇਹ ਹੈ ਕਿ ਉਹ ਗੱਲ ਭਾਵੇਂ ਸਿੱਖੀ ਦੇ ਪੈਂਤੜੇ ਤੋਂ ਕਰਦਾ ਹੈ ਪਰ ਹੁੰਦੀ 'ਸਾਂਝੀ ਸਗਲ ਜਹਾਨੇ' ਹੈ। '**ਝਨਾਂ ਦੀ ਰਾਤ**' ਉਨ੍ਹਾਂ ਦੀ ਦੂਜੀ ਪੁਸਤਕ ਸੀ ਜਿਸ ਵਿੱਚ ਕੁਦਰਤ ਦੀਆਂ ਚਾਰੇ ਰੁੱਤਾਂ ਅਤੇ ਇਨ੍ਹਾਂ ਰੁੱਤਾਂ ਦੀ ਧੁੱਪ-ਛਾਂ ਹੇਠ ਖੇਡਾਂ ਖੇਡਦੇ ਤੇ ਕੌਤਕ ਕਰਦੇ ਸਭ ਧਰਮਾਂ ਦੇ ਪੈਗੰਬਰਾਂ, ਗੁਰੂਆਂ, ਫ਼ਕੀਰਾਂ, ਸ਼ਾਇਰਾਂ, ਸ਼ਹੀਦਾਂ ਤੇ ਨਾਇਕਾਂ ਨੂੰ ਕੁਛ ਇਸ ਅੰਦਾਜ਼ ਵਿੱਚ ਯਾਦ ਕੀਤਾ ਗਿਆ ਕਿ ਅਚੇਤ ਰੂਪ ਵਿੱਚ ਸਾਡੇ ਮਨਾਂ ਵਿੱਚ ਗੁੰਮ ਹੋਇਆ ਤੇ ਭੁੱਲਿਆ ਵਿਰਸਾ ਸਾਕਾਰ ਰੂਪ ਵਿੱਚ ਸਾਡੀਆਂ ਅੱਖਾਂ ਸਾਹਮਣੇ ਆਣ ਖਲੋਂਦਾ ਹੈ। ਇਨ੍ਹਾਂ ਕਵਿਤਾਵਾਂ ਨੂੰ ਪੜ੍ਹ ਕੇ ਕਦੇ ਤੁਸੀਂ ਇੱਕ ਡੂੰਘੀ ਚੁੱਪ ਦੀ ਵਾਦੀ ਵਿੱਚ ਉੱਤਰ ਜਾਂਦੇ ਹੋ ਅਤੇ ਕਦੇ ਪਤਝੜ ਦੀ ਉਦਾਸੀ ਦੇ ਰੰਗ ਤੁਹਾਡਾ ਖਹਿੜਾ ਹੀ ਨਹੀਂ ਛੱਡਦੇ।

ਇੱਕ ਡੂੰਘੀ ਤਮੰਨਾ ਨੂੰ ਲੈ ਕੇ ਮਹਿਬੂਬ ਦਾ ਰੋਮ-ਰੋਮ ਦੁਆ ਕਰਦਾ ਰਿਹਾ ਕਿ ਉਹ ਇਸ ਸੰਸਾਰ ਨੂੰ ਛੱਡਣ ਤੋਂ ਪਹਿਲਾਂ ਦਸ ਗੁਰੂਆਂ ਦਾ ਜੀਵਨ ਲਿਖੇਗਾ। ਉਹ ਬੜੇ ਸੁੱਚੇ ਮਾਣ ਨਾਲ ਇਹ ਕਿਹਾ ਕਰਦਾ ਸੀ ਕਿ ਪੰਜ ਜਿਲਦਾਂ ਵਿੱਚ ਛਪਣ ਵਾਲੇ ਇਸ ਮਹਾਂਕਾਵਿ ਨੂੰ ਪੜ੍ਹ ਕੇ ਕੌਮ ਦੇ ਅੰਦਰ ਗੁਰੂਆਂ ਦੀਆਂ ਯਾਦਾਂ ਦਾ ਦਰਿਆ ਕਦੇ ਵੀ ਨਹੀਂ ਸੁੱਕੇਗਾ। ਇਹ ਤਮੰਨਾ ਅਧੂਰੀ ਰਹੀ ਪਰ ਫਿਰ ਵੀ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਜੋ ਦੋ ਮਹਾਂਕਾਵਿ ਕੌਮ ਨੂੰ ਦਿੱਤੇ ਹਨ, ਉਨ੍ਹਾਂ ਵਿੱਚ ਜੀਵਨ ਭਾਵੇਂ ਗੁਰੂਆਂ ਦਾ ਹੈ ਪਰ ਉਸ ਰੌਸ਼ਨੀ ਵਿੱਚ ਸਾਡੀ ਇਸ ਧਰਤੀ 'ਤੇ ਆਏ ਮਹਾਨ ਫਿਲਾਸਫਰ ਤੇ ਦਰਵੇਸ਼ ਵੀ ਹੀਰਿਆਂ ਵਾਂਗ ਚਮਕਦੇ ਨਜ਼ਰ ਆਉਂਦੇ ਹਨ। ਇਸ ਪਹਿਲੂ ਤੋਂ ਦੁਨੀਆਂ ਵਿੱਚ ਰਚੇ ਗਏ ਮਹਾਂਕਾਵਾਂ ਵਿੱਚ ਮਹਿਬੂਬ ਸਾਹਿਬ ਦੇ ਮਹਾਂਕਾਵਿ ਦੀ ਨਿਵੇਕਲੀ ਖੁਸ਼ਬੂ ਹੈ। ਇਸ ਵਿੱਚ ਜਜ਼ਬਿਆਂ ਲੱਦੀ ਵਿਦਵਤਾ ਵੀ ਹੈ, ਵਿਵੇਕ ਰੰਗਾਂ ਵਾਲੀ ਰੂਹਾਨੀਅਤ ਵੀ ਅਤੇ ਸਭ ਸਮਿਆਂ ਤੋਂ ਅੱਗੇ ਜਾ ਕੇ ਕੀਤੀਆਂ ਗੱਲਾਂ, ਨਸੀਹਤਾਂ, ਚਿਤਾਵਨੀਆਂ ਤੇ ਉਦਾਸੀਆਂ ਵੀ ਹਨ ਜੋ ਸਭ ਕੌਮਾਂ ਲਈ ਸਾਂਝੀਆਂ ਹਨ। ਮਹਿਬੂਬ ਦਾ ਇਹ ਦਾਅਵਾ ਹੈ ਕਿ ਜਦੋਂ ਕਿਸੇ ਕੌਮ ਵਿੱਚੋਂ ਪੈਗੰਬਰ ਦਾ ਰਹਿਮ ਉੱਠ ਜਾਂਦਾ ਹੈ ਤਾਂ ਉਹ ਕੌਮਾਂ ਆਪਣੇ ਜ਼ਹਿਰ ਨਾਲ ਹੀ ਡਿੱਗ ਪੈਂਦੀਆਂ ਹਨ। ਸਿੱਖ ਕੌਮ ਦੀ ਅਜੋਕੀ ਹਾਲਤ 'ਤੇ ਉਨ੍ਹਾਂ ਦੀ ਟਿੱਪਣੀ ਸਾਨੂੰ ਆਪਣੀ ਅੰਦਰਲੀ ਹਾਲਤ ਦਾ ਜਾਇਜ਼ਾ ਲੈਣ ਲਈ ਜ਼ਰੂਰ ਪ੍ਰੇਰਦੀ ਹੈ :

**ਰੁੱਖ ਹੋਏ ਬੇ-ਯਾਰ ਹਵਾ ਬੇ-ਦੀਨ ਹੈ,**
**ਕਿਤੇ ਜੇ ਸੱਚ-ਲਕੀਰ, ਉਹ ਅਦਿੱਸ ਮਹੀਨ ਹੈ।....**
**ਗੁਰ ਬਿਨ ਜਿਉਂਦੇ ਸਿੱਖ ਜਦੋਂ ਰਣ ਖਾਸ ਦੇ**
**ਬੇਲਗਾਮ ਸਭ ਯੁੱਧ ਹੋਣ ਇਤਿਹਾਸ ਦੇ।....**

ਚਾਰ ਪੁਸਤਕਾਂ ਤੋਂ ਇਲਾਵਾ ਉਨ੍ਹਾਂ ਦੇ ਸੈਂਕੜੇ ਲੇਖ, ਟਿੱਪਣੀਆਂ ਤੇ ਮੁਲਾਕਾਤਾਂ ਅਖ਼ਬਾਰਾਂ ਤੇ ਰਸਾਲਿਆਂ ਵਿੱਚ ਛਪਦੀਆਂ ਰਹੀਆਂ। ਸ਼ਹੀਦ ਭਗਤ ਸਿੰਘ ਬਾਰੇ ਲੇਖ ਤਾਂ ਉਨ੍ਹਾਂ ਦੀ ਦਿਲਚਸਪ ਖੋਜ ਦਾ ਸਿੱਟਾ ਹਨ। ਸੰਤ ਜਰਨੈਲ ਸਿੰਘ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਇਤਿਹਾਸਕ ਰੋਲ ਬਾਰੇ ਉਨ੍ਹਾਂ ਨਾਲ ਹੋਈ ਇੱਕ ਲੰਮੀ ਇੰਟਰਵਿਊ ਵਿੱਚ ਸੰਤ ਜਰਨੈਲ ਸਿੰਘ ਦੇ ਨਿਰਮਲ ਸਰੂਪ ਤੇ ਬਹੁਪੱਖੀ ਰੌਸ਼ਨੀ ਦੇ ਦੀਦਾਰ ਹੁੰਦੇ ਹਨ। ਉਨ੍ਹਾਂ ਵੱਲੋਂ ਦੋਸਤਾਂ ਵੱਲ ਲਿਖੀਆਂ ਚਿੱਠੀਆਂ ਵੀ ਸਾਹਿਤ ਤੇ ਮਨੋ-ਇਤਿਹਾਸ ਦਾ ਇੱਕ ਉੱਤਮ ਨਮੂਨਾ ਹੈ। ਇੱਕ ਉੱਘੇ ਮਾਰਕਸਵਾਦੀ ਆਲੋਚਕ ਨੇ ਤਾਂ ਏਥੋਂ ਤੱਕ ਕਿਹਾ ਸੀ ਕਿ ਮਹਿਬੂਬ ਸਾਹਿਬ ਦੀਆਂ ਰਚਨਾਵਾਂ ਦੇ ਫੁੱਟ-ਨੋਟ ਵੀ ਮਨੁੱਖੀ ਅਨੁਭਵ, ਦਲੀਲ ਤੇ ਵਿਸ਼ਵਾਸ ਤੋਂ ਉੱਪਰ ਉੱਠਦੇ ਹਨ।

ਗੁਰੂ ਗੋਬਿੰਦ ਸਿੰਘ ਦਾ ਜੀਵਨ ਇੱਕ 'ਬਚਿੱਤਰ ਨਾਟਕ' ਹੀ ਸੀ ਜੋ ਬ੍ਰਹਿਮੰਡ ਦੀ ਸਾਡੀ ਇਸ ਧਰਤੀ ਉੱਤੇ ਇੱਕ ਨਿਰਾਲੇ ਅੰਦਾਜ਼ ਵਿੱਚ ਖੇਡਿਆ ਗਿਆ। ਉਸਦੀ ਵੱਖਰੀ ਨੁਹਾਰ ਤੇ ਪਛਾਣ ਜਿਵੇਂ ਮਹਿਬੂਬ ਰਾਹੀਂ '**ਇਲਾਹੀ ਨਦਰ ਦੇ ਪੈਂਡੇ**' ਪੁਸਤਕ ਵਿੱਚ ਪ੍ਰਗਟ ਹੋਈ ਹੈ, ਉਹ ਵੀ ਅਪਣੇ-ਆਪ ਵਿੱਚ ਅਨੋਖੀ ਹੈ। ਵੈਸੇ ਮਹਿਬੂਬ ਨੂੰ ਅਪਣੇ ਅੰਦਰ ਰਚਾਉਣ ਅਤੇ ਵਸਾਉਣ ਲਈ ਤੁਹਾਨੂੰ ਸਾਹਿਤ, ਦਰਸ਼ਨ ਅਤੇ ਮਨੋਵਿਗਿਆਨ ਦੀਆਂ ਬਾਰੀਕੀਆਂ ਅਤੇ ਇਨ੍ਹਾਂ ਵਿਸ਼ਿਆਂ ਦਾ ਹੁਸਨ ਤਮਾਮ ਗੁੰਝਲਾਂ ਸਮੇਤ ਪਤਾ ਹੋਣਾ ਚਾਹੀਂਦਾ ਹੈ। ਇਹੋ ਜਿਹੇ ਬਹੁ-ਪਰਤੀ, ਬਹੁ-ਪੱਖੀ ਅਤੇ ਰਸਕ ਵਿਦਵਾਨ ਕਦੇ-ਕਦੇ ਇਸ ਧਰਤੀ ਉੱਤੇ ਆਉਂਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਜੇ ਉਨਾਂ ਦੀ ਯਾਦ ਵਿੱਚ ਇੱਕ ਚੇਅਰ ਕਾਇਮ ਕਰਦੀ ਹੈ ਤਾਂ ਇਹ ਸਮਝਿਆ ਜਾਵੇਗਾ ਕਿ ਵਿਦਵਾਨਾਂ ਦੀ ਕਦਰ ਅਤੇ ਉਨਾਂ ਦੀ ਮਹਾਨਤਾ ਤੇ ਮਹੱਤਤਾ ਨੂੰ ਯਾਦ ਕਰਨ ਵਾਲੇ ਅਤੇ ਪਛਾਣਨ ਵਾਲੇ ਅਜੇ ਵੀ ਮੌਜੂਦ ਹਨ।

*****

# CELEBRATING THE LOVER: HARINDER SINGH 'MEHBOOB'

Harinder Singh

This Harinder Singh is a co-founder of the Sikh Research Institute. He addresses the Sikh and the Panjab issues throughout the world. His passion is to learn and share the Sikh culture. This article by him is in memory of dear poet Harinder Singh "Mehboob" who passed away just recently. ED.)

My introduction to Professor Harinder Singh Mehboob's work occurred in Kansas in September 1993. I found the opening paragraphs of 'the Rider of the Blue Steed" incredible: a fresh, endearing, and intelligent approach to the "life-movement" of Guru Gobind Singh Sahib. I would meet him four years later on the Vaisakhi day of 1997at his home in Panjab. As a contemporary personality, I was most impressed with his religious lyrical innocence, unbridled devotion to the Sikh heritage and its institutions, unparalleled evaluation of world literature, uncompromising intellectual honesty and a dervish humility and simplicity. My continuous journey through his works is best expressed as the gold standard for exploring aesthetics, history, philosophy, poetry, folk culture, metaphysics, and contemporary diction – and all at the same time.

In the Sikh world, he shall be held in highest esteem not solely as a literary figure, but as a Sikh who inspired Surat – state of consciousness – a way of existing among everything which surrounds us that most can only hope to glimpse during those sacred moments in life; the state in which "The Way of the Peaceful Warrior" continuously is 'Jo hai so hai.' Poetry came out of him infused with such genius and perfection as to belie human origin.

Prof. Mehboob was a pure instrument of the Guru – a rabab (rebeck) upon which Guru Nanak Sahib plays an exquisite sabad (infinite wisdom). In his vast outpouring of style, ideas, and images such as khalas-kudrat, vismad-naksh, and vijei-tark, he not only captured the whole of the Sikh inspiration, but also transformed it into an exquisite illustration of the Sikh spirit. The most banal experiences were cast in the light of universal truths; the ordinary life of an individual – crowded, busy, and full of uncertainty – is shown to be an elegant and necessary step on one's journey of the ineffable Absolute.

Though he was a professor of English, Prof. Mehboob wrote his major works in Panjabi – demonstrating the pinnacle importance of articulating in one's mother tongue. He was a product of the Marxist intellectual movement (a norm among Panjabi intellectuals), but embraced the Sikh thought and lifestyle after graduate studies. The ideological leanings, the progressive journey, and personal limitations were all quite visible in his everyday life. After the 1984 genocidal killings of Sikhs in India he became particularly known for his Sikh activism. It is no secret that today's most celebrated Panjabi poets used to go seek his remarks and approvals before publishing their work.

Prof. Mehboob did not simply pen ordinary books, he wrote multiple anthologies that re-defined and re-invigorated the South Asian literary world. His essays, both in English and Panjabi, were bold and insightful. His contributions generated thought-provoking discussions and debates across Panjab's borders.

To appreciate "Jhana di Rat" fully, one must delve into it often for the rewards commensurate. The reader who returns to the words finds himself steeped in its beauty and in its depths of sentiment. I felt as if I was lost in the streets of Lahore; I re-lived the carefree moments and worriless sleep at Nankana Sahib. The love for Panjab and its co-religionists is gracefully articulated in the old glory of multi-cultural des (nation); a culture born through the Grace of the Guru, and able to live in 'Harmony in a World of Difference.' And lastly, lest we forget, the allegorical depiction of the 1984 ghallughara (genocide) in a poem 'nind da katal ate shahid da ghazab' is dreadfully powerful. In fact, it invited

the wrath of the Indian state which targeted the Professor for elimination.

In kind, I return to "Sahije Rachio Khalsa" again and again in order to more properly absorb each nugget of information and insight. It is a work rich with Sikh traditions and feelings and with the author's often religiously powerful "mystic logic." Its poetic prose is exemplified by the believer's conviction. The elaborate explanations that Prof. Mehboob weaves in throughout are more than suffice to satisfy the elements challenging the Sikh traditions from within, as well as from well-planned external attacks. The vocabulary is large; frequently, the sentences are intellectually stimulating. I believe if this work were to be translated into English, it would establish the universalities of Sikh thought at a global level. It addresses the falsity, cleverness, and shortcomings of anti-Sikh theses, effortlessly constructs arguments against Sikhi which scholars studying Sikhs haven't yet thought of, and then demolishes them with the fine lyrical balance of Sikh sensibilities. He highlights the grandeur of the Guru.

For me, "Ilahi Nadar de Painde" works its influence at the level of the soul, filtering, like the cry of the loon, through the subconscious. It is an unparalleled poetic rendition of life, love, and the Satigur. The epic is a spiritual flight that pierces through the heart and sends shivers throughout the body. It echoes the spirit and thought we encounter in the writings of the stalwarts like Bhai Vir Singh and Mahakavi Santokh Singh. I ought to delve even deeper into the first volume to feel the prophet-genius of Guru Nanak Sahib. I am saddened the second volume on Guru Gobind Singh didn't see its completion by Prof. Mehboob; nonetheless, I await its publication.

Prof. Mehboob's works were not the product of literary ambition, but rather should be viewed as acts of service. The religious and poetic traditions that produced Prof. Harinder Singh Mehboob, Bhai Vir Singh, and Prof. Puran Singh can be said to understand all of creation as providing the metaphors of Divine Qualities. Like the Sufi poets Abdur Rahman Jami and Jalaluddin Rumi, Mehboob's poetry inhabits many dimensions of life simultaneously. While most poetry leads us through carefully arranged sentiment, Prof. Mehboob wrote from somewhere beyond this common realm of thoughts and feelings, as we know and define them today. His poetry is not so much the search for the immanent truth and knowledge, or some discovery to be made in the outer world, but an elaboration of an instant hereness, the immediate inner song of experience that floods this world but is not of it. It is an ecstasy of wisdom that flows into words, sounds, and images. Prof. Mehboob's labor of love is the experience of the whole as well as the parts.

The magnificence of Prof. Mehboob's poetry heartened my faith, his magical words and transcending love arouses an unquenchable hunger in me. Within the folds of his words, I gain entrance to a hidden chamber; I hear whispers that are ancient, yet intimate; I behold an endless love story between an individual being and the Satigur (the perfection).

An eccentric resident of 'bhutvara' has embarked on his journey to the world hereafter, but Prof. Mehboob's genius made its everlasting impression on this earth. I consider it my great fortune to have visited Prof. Mehboob at Garhdivala several times, listened to his lectures throughout the land of the five rivers, and enhanced my own outlook with the valuable perspectives of this great teacher.

18 February 2010.

*****

## AN EMAIL FROM PROFESSOR GURTEJ SINGH

September 30, 2009

Hon'ble members of the Khalsa Panth,

I am writing this to share with you all the plight of

Sardar Harinder Singh Mehboob. As we all know, he is the world's most inspired and the greatest poet alive. He is critically ill. The government of the Punjab has very rightly decided to pay the medical bills, for a person as great as Mehboob should be supported by public funds. 'Mehboob' has devoted his entire life to serve the remarkable Guru's wonderful panth through literary activity. He did serve it with rare distinction, unparalled devotion and unusually sharp sensitivity. His contribution to literature is immortal. He has also thereby also immortalized the Punjabi language. He has done enough to earn eternal gratitude of the entire panth. Centuries will go by when the world will see another like him.

The Punjab government has ostensibly done its best but as the governments go, there is no saying when it will lose interest. Besides, there are other expenses than medical bills, that have to be met.

I propose that we form a protective ring of about 50 or 101 people who regularly obey the Guru's instructions to offer 'daswandh' for public purposes. Someone in America(Sardars Harjinder Singh, Hardev Singh Shergill, Dr. Bakshish Singh or Justice Mewa Singh) or someone in Canada (Prof. Ranbir Singh or Prof. S.S. Sodhi) or someone in England (like S. Avtar Singh , S. Sewa Singh or Kanwar Ranbir Singh) or someone in Australia (S. Devinder Singh or S. Jaswant Singh Brar) or someone in Malaysia (Dr.Sarjeet Singh Sidhu ) should be given the responsibility to receive, keep safe and administer the funds that must be collected.

In my opinion, all of us should contribute an equivalent of US $ 400 each and constitute a "Daswandh Tribute to the Distinguished" fund. Besides contributing my share, I can provide a correct assessment of the amount required at any given time so that every penny is utilized properly for the intended purpose. The payment will be in Indian rupees and by any relative or friend to the contributor. It will be made directly to the person concerned through the family member incharge of making such payments. If the above procedure is not acceptable, changes can be suggested and should be readily acceptable.

If most of you are of the opinion that

1. we all need to take such action in behalf of the panth;
2. that the procedure suggested is fairly acceptable with or without amendments;

we may proceed to take immediate action.

We should ensure that Mehboob and his family must be well looked after at the time of great stress. When he becomes well, he may have to be shifted from the village to a place having the required medical facilities. Meanwhile we may invite as many willing people as possible (subject to the maximum of 101) to join the effort.
Mehboob has made a great contribution. This can be our way of saying "Thank You". But we need to do more. We need to pray to the Guru and organize such prayers publicly in Gurdwaras as far as possible. Please write to Mehboob at the end of prayers to convey the sangat Guru's blessings.
Regards,
Gurtej Singh

**[Above email was received from Prof. Gurtej Singh on Sept. 30th 2009. It was emailed the same day to the readers of the Sikh Bulletin. We have had some response. Their names will appear in the Nov-Dec issue of the Sikh Bulletin. This is another opportunity for those who wish to help. Please make cheque payable to K.T.F.of N.A. Inc. Hardev Singh Shergill, ED.]**

*****

## Donations received within four weeks of the above appeal:

Avtar Singh Dhami, Hayard, alifornia…………….....500.00
Sajjan Singh Bhangoo, Carmichael, alifornia……....400.00
Dr. Gurcharan Singh Kanwal, Coeburn, Virginia ...1,000.00
Preetmohan Singh, Lafayette, Indiana……………...200.00
Sukhdev Singh Sambi, Rocklin, California……..……..50.00
Karen Sangha, San Francisco, California…………….20.00
Balwinder Kaur Sangha, Kerman, California………...20.00
Bibek Singh, Cherry Hill, New Jersey……………..…501.00

**Total …………………………………………….....$2,691.00**

*****

**PROF. HARINDER SINGH MEHBOOB'S BOOKS CAN BE PURCHASED FROM:**

**SINGH BROTHERS**
**BAZAR MAI SEWAN**
**AMRITSAR - 143 001**
**PANJAB**
**INDIA**
**E-MAIL <singhbro@vsnl.com>**

## BOOKS FROM KHALSA TRICENTENNIAL FOUNDATION OF NORTH AMERICA INC.

**Realizing the need for correct information about Sikhism in the English language for the benefit of Diaspora youth, KTF requested S. Gurbachan Singh Sidhu, UK, to revise some of his books and write new ones. Mr. Sidhu is one of the founders of The Sikh Missionary Society of UK and Guru Nanak Charitable Trust, Mullanpur Mandi, Ludhiana. Of the many books and pamphlets in English that he has authored we have been able to afford to publish only four:**

1. **Sikh Religion and Christianity – 110 pages**
2. **Sikh Religion and Islam – 153 pages (Co-authored with Gurmukh Singh)**
3. **An Introduction to Sikhism – 76 pages**
4. **Panjab and Panjabi – 177 pages**

**These are excellent books for Sikhs and non Sikhs alike. Reading these books you will get the real meaning of Sikhi, something that Gurdwaras have miserably failed to teach. These books are for free distribution. We invite our readers in the USA to order any combination of 40 books for a donation to KTF of $100.00, including postage, and distribute them free to their family, friends, local sangats or schools operated by Gurdwaras. Your donation will help in the publication of The Sikh Bulletin.**

*****

Khalsa Tricentennial Foundation of North America Inc.
3524 Rocky Ridge Way
El Dorado Hills, Ca 95762

Address
Label
Here

If you do not wish to receive this bulletin, please write '*do not mail*' across the label and return to sender.
If you wish for someone else to receive it, please provide us with their mailing address. Thank you.